# ਹੌਰਵਥ ਖਿਲਾਫ ਕੀਤੀ ਟਿੱਪਣੀ ਕਾਰਨ ਵਿਰੋਧੀ ਧਿਰਾਂ ਨੇ ਫੋਰਡ ਨੂੰ ਘੇਰਿਆ

ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਐਨਡੀਪੀ ਆਗੂ ਐਂਡਰੀਆ ਹੌਰਵਥ ਵੱਲੋਂ ਪ੍ਰੋਵਿੰਸ ਨੂੰ ਖੋਲ੍ਹਣ ਦੇ ਸਬੰਧ ਵਿੱਚ ਸਰਕਾਰ ਦੇ ਪਲੈਨ ਦੀ ਕੀਤੀ ਗਈ ਨੁਕਤਾਚੀਨੀ ਤੋਂ ਬਾਅਦ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਪ੍ਰਗਟਾਈ ਗਈ ਪ੍ਰਤੀਕਿਰਿਆ ਨੂੰ ਲੈ ਕੇ ਹੋਰਨਾਂ ਪਾਰਟੀਆਂ ਦੇ ਆਗੂਆਂ ਵੱਲੋਂ ਫੋਰਡ ਨੂੰ ਲੰਮੇਂ ਹੱਥੀਂ ਲਿਆ ਗਿਆ।



ਫੋਰਡ ਤੇ ਹੌਰਵਥ ਦਰਮਿਆਨ ਕੁਈਨਜ਼ ਪਾਰਕ ਵਿੱਚ ਪ੍ਰਸ਼ਨ ਕਾਲ ਦੌਰਾਨ ਇਹ ਭਖਵੀਂ ਬਹਿਸ ਹੋਈ। ਇਹ ਸੱਭ ਉਦੋਂ ਸ਼ੁਰੂ ਹੋਇਆ ਜਦੋਂ ਹੌਰਵਥ ਨੇ ਆਖਿਆ ਕਿ ਇਹ ਵੇਖਣਾ ਬਹੁਤ ਹੀ ਪਰੇਸ਼ਾਨ ਕਰਨ ਵਾਲਾ ਹੈ ਕਿ ਇਹ ਸਰਕਾਰ ਪ੍ਰੋਵਿੰਸ ਨੂੰ ਰੀਓਪਨ ਕਰਨ ਲਈ ਕਿੰਨੀ ਕਾਹਲੀ ਕਰ ਰਹੀ ਹੈ ਤੇ ਹੈਰਾਨੀ ਇਸ ਗੱਲ ਦੀ ਹੈ ਕਿ ਆਪਣੇ ਇਸ ਫੈਸਲੇ ਨੂੰ ਸਰਕਾਰ ਵੱਲੋਂ ਬਿਹਤਰੀਨ ਮੰਨਿਆ ਜਾ ਰਿਹਾ ਹੈ।

ਹੌਰਵਥ ਨੇ ਆਖਿਆ ਕਿ ਪ੍ਰੀਮੀਅਰ ਕਦੋਂ ਹਸਪਤਾਲਾਂ, ਡਾਕਟਰਾਂ, ਆਪਣੇ ਮਾਹਿਰਾਂ ਦੀ ਗੱਲ ਸੁਣਨੀ ਸ਼ੁਰੂ ਕਰਨਗੇ ਤੇ ਪ੍ਰੋਵਿੰਸ ਨੂੰ ਤੀਜੀ ਵੇਵ ਤੇ ਲਾਕਡਾਊਨ ਵਿੱਚ ਜਾਣ ਤੋਂ ਬਚਾਉਣ ਦਾ ਉਪਰਾਲਾ ਕਰਨਗੇ? ਇਸ ਉੱਤੇ ਤੈਸ਼ ਵਿੱਚ ਆਏ ਫੋਰਡ ਨੇ ਜਵਾਬ ਦਿੰਦਿਆਂ ਆਖਿਆ ਕਿ ਉਨ੍ਹਾਂ ਦੀ ਸਰਕਾਰ ਨੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ॰ ਡੇਵਿਡ ਵਿਲੀਅਮਜ਼ ਦੀ ਗੱਲ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਸੁਣੀ ਤੇ ਮੰਨੀ ਹੈ।

ਫੋਰਡ ਨੇ ਅੱਗੇ ਆਖਿਆ ਕਿ ਉਨ੍ਹਾਂ ਕਦੇ ਮਨਮਰਜ਼ੀ ਦੇ ਫੈਸਲੇ ਨਹੀਂ ਕੀਤੇ। ਫਿਰ ਉਨ੍ਹਾਂ ਹੌਰਵਥ ਨੂੰ ਮੁਖਾਤਿਬ ਹੁੰਦਿਆਂ ਆਖਿਆ ਕਿ ਹੱਥਾਂ ਉੱਤੇ ਹੱਥ ਧਰ ਕੇ ਪਹਿਲੇ ਦਿਨ ਤੋਂ ਹੀ ਆਲੋਚਨਾ ਕਰਨ ਦੀ ਥਾਂ ਜੇ ਉਹ ਇੱਕ ਵਾਰੀ ਸਾਡੇ ਨਾਲ ਰਲ ਕੇ ਓਨਟਾਰੀਓ ਦੇ ਲੋਕਾਂ ਦਾ ਸਮਰਥਨ ਕਰਦੇ ਤਾਂ ਹਾਲਾਤ ਹੋਰ ਹੀ ਹੁੰਦੇ। ਉਨ੍ਹਾਂ ਹੌਰਵਥ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਤੁਹਾਡੀ ਆਵਾਜ਼ ਪਰੇਸ਼ਾਨ ਕਰਨ ਵਾਲੀ ਹੈ।

ਇਸ ਤੋਂ ਬਾਅਦ ਹੌਰਵਥ ਨੇ ਆਖਿਆ ਕਿ ਜਦੋਂ ਵਿਰੋਧੀ ਧਿਰ ਕੋਈ ਸਵਾਲ ਪੁੱਛਦੀ ਹੈ ਤੇ ਫੋਰਡ ਨੂੰ ਜਵਾਬ ਨਹੀਂ ਅਹੁੜਦਾ ਤਾਂ ਇਹ ਪ੍ਰੀਮੀਅਰ ਕਿਸ ਹੱਦ ਤੱਕ ਜਾ ਸਕਦਾ ਹੈ। ਪਰ ਉਨ੍ਹਾਂ ਆਖਿਆ ਕਿ ਉਹ ਓਨਟਾਰੀਓ ਵਾਸੀਆਂ ਵੱਲੋਂ ਫੋਰਡ ਨੂੰ ਸਵਾਲ ਪੁੱਛਦੇ ਰਹਿਣਗੇ। ਓਨਟਾਰੀਓ ਦੀ ਗ੍ਰੀਨ ਪਾਰਟੀ ਦੇ ਆਗੂ ਮਾਈਕ ਸਰੇਨਰ ਨੇ ਟਵੀਟ ਕਰਕੇ ਆਖਿਆ ਕਿ ਫੋਰਡ ਨੂੰ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। ਲਿਬਰਲ ਆਗੂ ਸਟੀਫਨ ਡੈਲ ਡਿਊਕਾ ਨੇ ਇਸ ਤਰ੍ਹਾਂ ਦੀ ਬਿਆਨਬਾਜ਼ੀ ਲਈ ਫੋਰਡ ਨੂੰ ਫੌਰੀ ਮੁਆਫੀ ਮੰਗਣ ਲਈ ਆਖਿਆ ਤੇ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੀ ਬਿਆਨਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

## ਟੋਰਾਂਟੋ, ਪੀਲ ਰੀਜਨ ਵੱਲੋਂ ਮੌਜੂਦਾ ਲਾਕਡਾਊਨ 9 ਮਾਰਚ ਤੱਕ ਵਧਾਏ ਜਾਣ ਦੀ ਸਿਫਾਰਿਸ਼




ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਟੋਰਾਂਟੋ ਤੇ ਪੀਲ ਰੀਜਨ ਵੱਲੋਂ ਮੌਜੂਦਾ ਸਖ਼ਤ ਲਾਕਡਾਊਨ ਸਬੰਧੀ ਮਾਪਦੰਡਾਂ ਨੂੰ ਦੋ ਹਫਤਿਆਂ ਲਈ ਹੋਰ ਵਧਾਉਣ ਦੀ ਸਿਫਾਰਿਸ਼ ਕੀਤੀ ਜਾ ਰਹੀ ਹੈ।

ਬੁੱਧਵਾਰ ਦੁਪਹਿਰ ਨੂੰ ਮੇਅਰ ਜੌਹਨ ਟੋਰੀ ਵੱਲੋਂ ਸਿਟੀ ਹਾਲ ਵਿੱਚ ਇਹ ਐਲਾਨ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਸਿਫਾਰਿਸ਼ ਸਿਟੀ ਵਿੱਚ ਕੋਵਿਡ-19 ਦੀ ਤੀਜੀ ਵੇਵ ਨੂੰ ਰੋਕਣ ਲਈ ਕੀਤੀਆਂ ਗਈਆਂ ਹਨ। ਜੇ ਇਨ੍ਹਾਂ ਸਿਫਾਰਿਸ਼ਾਂ ਨੂੰ ਪ੍ਰੋਵਿੰਸ ਵੱਲੋਂ ਮਨਜ਼ੂਰੀ ਦੇ ਦਿੱਤੀ ਜਾਂਦੀ ਹੈ ਤਾਂ ਟੋਰਾਂਟੋ ਤੇ ਪੀਲ ਰੀਜਨ 22 ਫਰਵਰੀ ਨੂੰ ਕਲਰ ਕੋਡ ਵਾਲੇ ਫਰੇਮਵਰਕ ਵਿੱਚ ਦਾਖਲ ਨਹੀਂ ਹੋਣਗੇ ਤੇ 9 ਮਾਰਚ ਤੱਕ ਪੂਰੀ ਤਰ੍ਹਾਂ ਲਾਕਡਾਊਨ ਵਿੱਚ ਰਹਿਣਗੇ।

ਟੋਰੀ ਨੇ ਆਖਿਆ ਕਿ ਇਹ ਸਿਫਾਰਿਸ਼ਾਂ ਸਿਟੀ ਦੇ ਉੱਘੇ ਡਾਕਟਰ ਦੀ ਸਲਾਹ ਉੱਤੇ ਹੀ ਕੀਤੀਆਂ ਗਈਆਂ ਹਨ। ਟੋਰਾਂਟੋ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ.ਐਲੀਨ ਡੀ ਵਿੱਲਾ ਨੇ ਬੁੱਧਵਾਰ ਦੁਪਹਿਰ ਨੂੰ ਆਖਿਆ ਕਿ ਭਵਿੱਖ ਨੂੰ ਲੈ ਕੇ ਜਿੰਨੀ ਚਿੰਤਤ ਉਹ ਅੱਜ ਹੈ ਓਨੀ ਕਦੇ ਨਹੀਂ ਰਹੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕੋਵਿਡ-19 ਦੇ ਨਵੇਂ ਵੇਰੀਐਂਟਸ ਪ੍ਰੋਵਿੰਸ ਭਰ ਵਿੱਚ ਫੈਲਣ ਕਾਰਨ ਜੇ ਸਿਟੀ ਨੂੰ ਐਨੀ ਜਲਦੀ ਰੀਓਪਨ ਕੀਤਾ ਜਾਂਦਾ ਹੈ ਤਾਂ ਇਨਫੈਕਸ਼ਨ ਦੇ ਤੇਜ਼ੀ ਨਾਲ ਫੈਲਣ ਦਾ ਡਰ ਹੈ।

ਇਹ ਮਾਮਲੇ ਹੋਰ ਨਾ ਵਧਣ ਇਸ ਲਈ ਸਾਨੂੰ ਹੁਣੇ ਅਹਿਤਿਆਤ ਵਰਤਣ ਦੀ ਲੋੜ ਹੈ। ਟੋਰੀ ਨੇ ਆਖਿਆ ਕਿ ਦੋ ਹੋਰ ਹਫਤਿਆਂ ਲਈ ਟੋਰਾਂਟੋ ਨੂੰ ਬੰਦ ਰੱਖਣ ਨਾਲ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਅਸੀਂ ਭਵਿੱਖ ਦੇ ਹੋਰ ਲਾਕਡਾਊਨ ਤੋਂ ਬਚ ਜਾਵਾਂਗੇ।

## ਕੈਨੇਡਾ ਨੂੰ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਐਸਟ੍ਰਾਜ਼ੈਨੇਕਾ ਵੈਕਸੀਨ ਮੁਹੱਈਆ ਕਰਾਵੇਗਾ ਭਾਰਤ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ) : ਦੁਨੀਆ ਦੇ ਸੱਭ ਤੋਂ ਵੱਡੇ ਉਤਪਾਦਕ ਨੇ ਸੋਮਵਾਰ ਨੂੰ ਆਖਿਆ ਕਿ ਉਹ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਕੋਵਿਡ-19 ਵੈਕਸੀਨ ਭਾਰਤ ਤੋਂ ਕੈਨੇਡਾ ਨੂੰ ਪਹੁੰਚਾ ਦੇਵੇਗਾ। ਦੋਵਾਂ ਦੇਸ਼ਾਂ ਦੇ ਆਗੂਆਂ ਵੱਲੋਂ ਕਿਸਾਨ ਅੰਦੋਲਨ ਦੇ ਸਬੰਧ ਵਿੱਚ ਕੁੱਝ ਦਿਨ ਪਹਿਲਾਂ ਕੀਤੀ ਗਈ ਗੱਲਬਾਤ ਤੋਂ ਬਾਅਦ ਮੁੜ ਕੀਤੀ ਗਈ ਤਾਜ਼ਾ ਗੱਲਬਾਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਸ ਸਬੰਧ ਵਿੱਚ ਭਰੋਸਾ ਦਿਵਾਇਆ।

ਦੁਨੀਆ ਦੀ ਫਾਰਮੇਸੀ ਵਜੋਂ ਜਾਣੇ ਜਾਂਦੇ ਭਾਰਤ ਨੇ ਸੀਰਮ ਇੰਸਟੀਚਿਊਟ ਆਫ ਇੰਡੀਆ ਵੱਲੋਂ ਤਿਆਰ ਕੀਤੀ ਜਾਣ ਵਾਲੀ ਵੈਕਸੀਨ ਦੀ ਖੇਪ ਦੇਸ਼ ਵਿਦੇਸ਼ ਭੇਜਣ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਹੈ। ਸੀਰਮ ਇੰਸਟੀਚਿਊਟ ਦੇ ਚੀਫ ਐਗਜ਼ੈਕਟਿਵ ਆਦਰ ਪੂਨਾਵਾਲਾ ਨੇ ਆਖਿਆ ਕਿ ਉਨ੍ਹਾਂ ਦੀ ਕੰਪਨੀ ਕੈਨੇਡਾ ਵੱਲੋਂ ਮਿਲਣ ਵਾਲੀ ਮਨਜ਼ੂਰੀ ਦੀ ਉਡੀਕ ਕਰ ਰਹੀ ਸੀ। ਉਨ੍ਹਾਂ ਭਰੋਸਾ ਦਿਵਾਇਆ ਕਿ ਅਸੀਂ ਕੋਵੀਸ਼ੀਲਡ ਦੀ ਸਪਲਾਈ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਕੈਨੇਡਾ ਪਹੁੰਚਾ ਦੇਵਾਂਗੇ।



ਕੋਵੀਸ਼ੀਲਡ ਉਹ ਵੈਕਸੀਨ ਹੈ ਜਿਹੜੀ ਬ੍ਰਿਟਿਸ਼-ਸਵੀਡਿਸ ਫਰਮ ਐਸਟ੍ਰਾਜ਼ੈਨੇਕਾ ਵੱਲੋਂ ਆਕਸਫੋਰਡ ਯੂਨੀਵਰਸਿਟੀ ਨਾਲ ਰਲ ਕੇ ਤਿਆਰ ਕੀਤੀ ਗਈ ਹੈ ਤੇ ਇਸ ਦਾ ਉਤਪਾਦਨ ਵੱਡੀ ਪੱਧਰ ਉੱਤੇ ਭਾਰਤ ਵਿੱਚ ਕੀਤਾ ਜਾ ਰਿਹਾ ਹੈ। ਮੋਦੀ ਨੇ ਬੁੱਧਵਾਰ ਨੂੰ ਟਵੀਟ ਕਰਕੇ ਇਹ ਆਖਿਆ ਸੀ ਕਿ ਕੈਨੇਡਾ ਨੂੰ ਲੋੜੀਂਦੀ ਵੈਕਸੀਨ ਦੀ ਸਪਲਾਈ ਜਲਦ ਮੁਹੱਈਆ ਕਰਵਾਉਣ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ। ਕੈਨੇਡਾ ਨੂੰ ਕਿੰਨੀਆਂ ਡੋਜ਼ਾਂ ਦਿੱਤੀਆਂ ਜਾਣਗੀਆਂ ਅਜੇ ਇਸ ਬਾਰੇ ਸਥਿਤੀ ਸਪਸ਼ਟ ਨਹੀਂ ਹੈ। ਪਰ ਪ੍ਰਾਪਤ ਜਾਣਕਾਰੀ ਅਨੁਸਾਰ 500,000 ਡੋਜ਼ਾਂ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ।

# ਰਿੰਮੀ ਝੱਜ ਹੋਵੇਗੀ ਬਰੈਂਪਟਨ ਵੈਸਟ ਤੋਂ ਉਂਟੇਰੀਓ ਲਿਬਰਲ ਪਾਰਟੀ ਉਮੀਦਵਾਰ

ਬਰੈਂਪਟਨ, ਪੋਸਟ ਬਿਉਰੋ -43ਵੀਆਂ ਉਂਟੇਰੀਓ ਆਮ ਚੋਣਾਂ ਵਿੱਚ ਬਰੈਂਪਟਨ ਵੈਸਟ ਰਾਈਡਿੰਗ ਤੋਂ ਉਂਟੇਰੀਓ ਲਿਬਰਲ ਪਾਰਟੀ ਦੀ ਉਮੀਦਵਾਰ ਨੌਜਵਾਨ ਲੜਕੀ ਰਿੰਮੀ ਝੱਜ ਹੋਵੇਗੀ। ਬੀਤੇ ਦਿਨੀਂ ਇਸ ਰਾਈਡਿੰਗ ਲਈ ਹੋਈ ਨੌਮੀਨੇਸ਼ਨ ਚੋਣ ਵਿੱਚ ਰਿੰਮੀ ਝੱਜ ਦੀ ਸਫ਼ਤਲਾ ਹਾਸਲ ਉੱਤੇ ਪ੍ਰਤੀਕਰਮ ਕਰਦੇ ਹੋਏ ਉਂਟੇਰੀਓ ਲਿਬਰਲ ਪਾਰਟੀ ਨੇਤਾ ਸਟੀਵਨ ਡੈੱਲ ਡੂਕਾ ਨੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਡੈਲ ਡੂਕਾ ਨੇ ਕਿਹਾ ਕਿ ਰਿੰਮੀ ਬਰੈਂਪਟਨ ਵੈਸਟ ਦੀ ਕਾਮਯਾਬੀ ਨਾਲ ਨੁਮਾਇੰਦਗੀ ਕਰੇਗੀ ਕਿਉਂਕਿ ਉਸਨੂੰ ਕਮਿਊਨਿਟੀ ਦੀਆਂ ਲੋੜਾਂ ਦਾ ਭਲੀ ਭਾਂਤ ਪਤਾ ਹੈ।

ਨੌਮੀਨੇਸ਼ਨ ਚੋਣ ਜਿੱਤਣ ਤੋਂ ਬਾਅਦ ਰਿੰਮੀ ਨੇ ਕਿਹਾ ਕਿ ਪੇਸ਼ੇ ਵਜੋਂ ਇੱਕ ਰਜਿਸਟਰਡ ਨਰਸ ਹੋਣ ਸਦਕਾ ਪਬਲਿਕ ਦੀ ਮਦਦ ਕਰਨਾ ਉਸਦੀ ਸਖਸ਼ਿਅਤ ਦਾ ਇੱਕ ਸੁਭਾਵਿਕ ਗੁਣ ਹੈ ਅਤੇ ਸਿਹਤ ਸੁਧਾਰਾਂ ਲਈ ਕੰਮ ਕਰਨਾ ਹਮੇਸ਼ਾ ਹੀ ਉਸਦੀ ਤਰਜੀਹ ਰਿਹਾ ਹੈ। ਉਸਨੇ ਕਿਹਾ ਕਿ ਬਰੈਂਪਟਨ ਵੈਸਟ ਤੋਂ ਸਫ਼ਲ ਹੋ ਕੇ ਮੈਂ ਅਜਿਹੇ ਮੁੱਦਿਆਂ ਉੱਤੇ ਕੰਮ ਕਰਾਂਗੀ ਜਿਹਨਾਂ ਦਾ ਆਮ ਨਾਗਿਰਕ ਦੇ ਜੀਵਨ ਉੱਤੇ ਹਾਂ ਪੱਖੀ ਪ੍ਰਭਾਵ ਪਵੇਗਾ। ਇਹਨਾਂ ਵਿੱਚ ਵਰਤਮਾਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤ, ਸਿੱਖਿਆ, ਵਾਤਾਵਰਣ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

### ਕਮਿਊਨਿਟੀ ਸੇਵਾ ਲਈ ਤਤਪਰ ਹਾਂ : ਰਿੰਮੀ ਝੱਜ



ਰਿੰਮੀ ਕੋਲ ਫੈਡਰਲ ਅਤੇ ਪ੍ਰੋਵਿੰਸ਼ੀਅਲ ਪੱਧਰ ਉੱਤੇ ਸਰਕਾਰ ਲਈ ਕੰਮ ਕਰਨ ਦਾ ਅਨੁਭਵ ਹੈ। ਇੱਕ ਹੈਲਥ ਪ੍ਰੋਫੈਸ਼ਨਲ ਵਜੋਂ ਉਸ ਕੋਲ ਸੰਕਟਕਾਲੀਨ ਸਥਿਤੀਆਂ, ਮਾਨਸਿਕ ਸਿਹਤ ਅਤੇ ਨਸ਼ੇ ਮੁਕਤੀ ਨਾਲ ਸਿੱਝਣ ਦਾ ਲੰਬਾ ਅਨੁਭਵ ਹੈ। ਰਿੰਮੀ ਨੇ ਮਨੁੱਖੀ ਅਧਿਕਾਰਾਂ ਅਤੇ ਅਪਾਹਜਤਾ ਨਾਲ ਸਬੰਧਿਤ ਕਾਨੂੰਨ ਵਿੱਚ ਸਰਟੀਫੀਕੇਸ਼ਨ ਵੀ ਪ੍ਰਾਪਤ ਕੀਤੀ ਹੋਈ ਹੈ।

ਪੀਲ ਮਲਟੀਕਲਚਰ ਕਾਉਂਸਲ ਦੀ ਸਾਬਕਾ ਡਾਇਰੈਕਟਰ ਅਤੇ ਬਰੈਂਪਟਨ ਯੂਥ ਕਾਉਂਸਲ ਦੀ ਪੂਰਵ ਪ੍ਰਧਾਨ ਰਿੰਮੀ ਦਾ ਆਖਣਾ ਹੈ ਕਿ ਆਪਸੀ ਭਾਈਚਾਰੇ, ਏਕਤਾ ਅਤੇ ਸੱਭਨਾਂ ਦੀ ਸ਼ਮੂਲੀਅਤ ਲਈ ਕੰਮ ਕਰਨ ਦਾ ਲੰਬਾ ਅਨੁਭਵ ਉਸਨੂੰ ਨਿਪੁੰਨਤਾ ਨਾਲ ਪਬਲਿਕ ਸੇਵਾ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ।

# ਕੁਈਨ ਪਾਰਕ ਵਿਚ ਹੋਈ ਭਖਵੀਂ ਬਹਿਸ ਵਿਚ ਵੈਕਸੀਨ ਦੀ ਵੰਡ ਦਾ ਮੁੱਦਾ ਗਰਮਾਇਆ ਰਿਹਾ

ਓਨਟਾਰੀਓ, 18 ਫਰਵਰੀ (ਪੋਸਟ ਬਿਊਰੋ) : ਦੋ ਮਹੀਨੇ ਬਾਅਦ ਕੁਈਨਜ਼ ਪਾਰਕ ਵਿਖੇ ਹੋਈ ਭਖਵੀਂ ਬਹਿਸ ਦੌਰਾਨ ਮਾਹੌਲ ਕਾਫੀ ਗਰਮਾ ਗਿਆ।

ਲਿਬਰਲ ਐਮਪੀਪੀ ਜੌਹਨ ਫਰੇਜ਼ਰ ਨੇ ਪ੍ਰੀਮੀਅਰ ਡੱਗ ਫੋਰਡ ਨੂੰ ਲੰਮੇਂ ਹੱਥੀਂ ਲੈਂਦਿਆਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਵੈਕਸੀਨ ਦੀ ਵੰਡ ਦਾ ਮੁੱਦਾ ਉਠਾਇਆ। ਫਰੇਜ਼ਰ ਨੇ ਆਖਿਆ ਕਿ ਓਨਟਾਰੀਓ ਵਿੱਚ ਵੈਕਸੀਨ ਆਇਆਂ ਨੂੰ ਦੋ ਮਹੀਨੇ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ। ਪਰ ਅਸੀਂ ਹੋਰਨਾਂ ਪ੍ਰੋਵਿੰਸਾਂ ਦੇ ਮੁਕਾਬਲੇ ਕਾਫੀ ਪਿੱਛੇ ਚੱਲ ਰਹੇ ਹਾਂ। ਉਨ੍ਹਾਂ ਆਖਿਆ ਕਿ ਕੀ ਪ੍ਰੀਮੀਅਰ ਪਰਿਵਾਰਾਂ ਨੂੰ ਇਹ ਸਮਝਾ ਸਕਦੇ ਹਨ ਕਿ ਅਸੀਂ ਹੋਰਨਾਂ ਨਾਲੋਂ ਐਨਾ ਪਿੱਛੇ ਕਿਵੇਂ ਰਹਿ ਗਏ।



ਇਸ ਦਾ ਵਿਰੋਧ ਕਰਦਿਆਂ ਫੋਰਡ ਨੇ ਆਖਿਆ ਕਿ ਅਸਲ ਵਿੱਚ ਅਸੀਂ ਸਾਰੇ ਦੇਸ਼ ਨਾਲੋਂ ਅੱਗੇ ਚੱਲ ਰਹੇ ਹਾਂ। ਦੂਜੀ ਡੋਜ਼ ਵੀ ਸਾਡੇ ਪ੍ਰੋਵਿੰਸ ਵਿੱਚ ਹੀ ਸੱਭ ਤੋਂ ਪਹਿਲਾਂ ਦਿੱਤੀ ਜਾਵੇਗੀ ਤੇ ਇਸ ਦੀ ਰੀਸ ਵੀ ਕੋਈ ਹੋਰ ਪ੍ਰੋਵਿੰਸ ਨਹੀਂ ਕਰ ਸਕਦਾ। ਪੇਡ ਸਿੱਕ ਡੇਅਜ਼ ਦੇ ਮਾਮਲੇ ਵਿੱਚ ਫੋਰਡ ਨੇ ਆਖਿਆ ਕਿ ਉਹ ਇਸ ਬਾਰੇ ਕੋਈ ਬਹਿਸ ਨਹੀਂ ਕਰਨੀ ਚਾਹੁੰਦੇ ਕਿਉਂਕਿ ਪਹਿਲਾਂ ਹੀ ਫੈਡਰਲ ਪੇਡ ਸਿੱਕ ਡੇਅਜ਼ ਪ੍ਰੋਗਰਾਮ ਚੱਲ ਰਿਹਾ ਹੈ।

ਐਨਡੀਪੀ ਆਗੂ ਐਂਡਰੀਆ ਹੌਰਵਥ ਨੇ ਪੇਡ ਸਿੱਕ ਡੇਅਜ਼ ਦੀ ਤਾਂ ਹਰ ਕਿਸੇ ਵੱਲੋਂ ਸਿਫਾਰਿਸ਼ ਕੀਤੀ ਗਈ ਹੈ। ਹੌਰਵਥ ਨੇ ਪ੍ਰੀਮੀਅਰ ਤੋਂ ਇਹ ਸਵਾਲ ਵੀ ਪੁੱਛਿਆ ਕਿ ਬਹੁਤ ਸਾਰੇ ਡਾਕਟਰਾਂ ਦੇ ਸਲਾਹ ਦੇਣ ਦੇ ਬਾਵਜੂਦ ਅਰਥਚਾਰੇ ਨੂੰ ਮੁੜ ਕਿਉਂ ਖੋਲ੍ਹਿਆ ਜਾ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਐਨਡੀਪੀ ਵੱਲੋਂ ਫੈਡਰਲ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਵੱਡੀ ਪੱਧਰ ਉੱਤੇ ਵੈਕਸੀਨੇਸ਼ਨ ਕਲੀਨਿਕਸ ਖੋਲ੍ਹੇ ਜਾਣ ਤਾਂ ਜੋ ਵੱਧ ਤੋਂ ਵੱਧ ਕੈਨੇਡੀਅਨਾਂ ਨੂੰ ਵੈਕਸੀਨੇਟ ਕੀਤਾ ਜਾ ਸਕੇ।

ਮੰਗਲਵਾਰ ਨੂੰ ਜਗਮੀਤ ਸਿੰਘ ਨੇ ਇਹ ਆਖਿਆ ਸੀ ਕਿ ਪਾਬੰਦੀਆਂ ਦੇ ਬਹਾਨੇ ਲਾਉਣੇ ਬੰਦ ਕਰਕੇ ਸਰਕਾਰ ਹਰ ਕਿਸੇ ਨੂੰ ਵੈਕਸੀਨੇਟ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇ। ਜਗਮੀਤ ਸਿੰਘ ਵੱਲੋਂ ਪ੍ਰਸ਼ਨ ਕਾਲ ਦੌਰਾਨ ਇਹ ਮੰਗ ਕੀਤੀ ਜਾ ਰਹੀ ਸੀ ਪਰ ਫੈਡਰਲ ਸਰਕਾਰ ਵੱਲੋਂ ਇਸ ਨੂੰ ਫੌਰੀ ਖਾਰਜ ਕਰ ਦਿੱਤਾ ਗਿਆ।




# ਕੋਵਿਡ-19 ਟੀਕਾਕਰਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰਨ ਲਈ ਫੌਜ ਤਾਇਨਾਤ ਕੀਤੀ ਜਾਵੇ : ਜਗਮੀਤ ਸਿੰਘ

ਓਟਵਾ, 18 ਫਰਵਰੀ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਤੇਜ਼ੀ ਨਾਲ ਅਮਲ ਵਿੱਚ ਲਿਆਂਦਾ ਜਾਣ ਵਾਲਾ ਤੇ ਸਪਸ਼ਟ ਵੈਕਸੀਨੇਸ਼ਨ ਪਲੈਨ ਲਿਆਉਣ ਦੀ ਮੰਗ ਕੀਤੀ ਜਾ ਰਹੀ ਹੈ। ਜਗਮੀਤ ਸਿੰਘ ਦਾ ਕਹਿਣਾ ਹੈ ਕਿ ਪ੍ਰੋਵਿੰਸ਼ੀਅਲ ਕੋਵਿਡ-19 ਟੀਕਾਕਰਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰਨ ਲਈ ਦੇਸ਼ ਭਰ ਵਿੱਚ ਫੌਜ ਤਾਇਨਾਤ ਕਰ ਦਿੱਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਨੂੰ ਮੈਡੀਕਲ ਤੇ ਨਰਸਿੰਗ ਵਿਦਿਆਰਥੀਆਂ ਦੇ ਨਾਲ ਨਾਲ ਫੌਜੀ ਕਰਮਚਾਰੀਆਂ ਅਤੇ ਰਿਟਾਇਰ ਹੋ ਚੁੱਕੇ ਹੈਲਥ ਕੇਅਰ ਵਰਕਰਜ਼ ਨੂੰ ਵੀ ਇਸ ਮੁਹਿੰਮ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਇਸ ਸਾਲ ਵਿੱਚ ਸੰਭਾਵੀ ਚੋਣਾਂ ਦੇ ਮੱਦੇਨਜ਼ਰ ਕੈਂਪੇਨ ਸਟਾਈਲ ਵਿੱਚ ਗੱਲ ਕਰਦਿਆਂ ਜਗਮੀਤ ਸਿੰਘ ਵੱਲੋਂ ਕੀਤੀ ਗਈ ਇਸ ਤਰ੍ਹਾਂ ਦੀ ਮੰਗ



ਪ੍ਰੋਵਿੰਸਾਂ ਵੱਲੋਂ ਵੀ ਨਹੀਂ ਕੀਤੀ ਗਈ ਹੈ।

ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਪ੍ਰੋਵਿੰਸਾਂ ਵੱਲੋਂ ਅਜਿਹੀ ਕੋਈ ਮੰਗ ਨਹੀਂ ਕੀਤੀ ਗਈ ਹੈ। ਪਰ ਸਾਡੇ ਕੋਲ ਫੌਜ ਦੀ ਵਰਤੋਂ ਦਾ ਬਦਲ ਮੌਜੂਦ ਹੈ ਤੇ ਇਨ੍ਹਾਂ ਰਾਹੀਂ ਫੈਡਰਲ ਫੈਸਿਲਿਟੀਜ਼ ਵਿੱਚ ਤੇ ਦੇਸ਼ ਭਰ ਦੀਆਂ ਫੈਡਰਲ ਇਮਾਰਤਾਂ ਵਿੱਚ ਸਾਈਟਸ ਕਾਇਮ ਕਰਵਾ ਕੇ ਇਸ ਮੁਹਿੰਮ ਨੂੰ ਸੁਖਾਲਿਆਂ ਸਿਰੇ ਚੜ੍ਹਾਇਆ ਜਾ ਸਕਦਾ ਹੈ। ਇਸ ਸਮੇਂ ਅਜਿਹਾ ਲੱਗ ਰਿਹਾ ਹੈ ਕਿ ਸਰਕਾਰ ਇਹ ਆਖਣਾ ਚਾਹੁੰਦੇ ਹੋਵੇ ਕਿ ਸਾਡੇ ਕੋਲ ਸਪਲਾਈ ਤਾਂ ਹੈ ਪਰ ਇਸ ਨੂੰ ਡਲਿਵਰ ਕਰਨਾ ਪ੍ਰੋਵਿੰਸਾਂ ਦਾ ਕੰਮ ਹੈ।

ਹਾਲਾਂਕਿ ਹੈਲਥ ਕੇਅਰ ਪ੍ਰੋਵਿੰਸ ਦੇ ਅਧਿਕਾਰ ਦਾ ਮੁੱਦਾ ਹੈ ਪਰ ਐਨਡੀਪੀ ਆਗੂ ਦਾ ਕਹਿਣਾ ਹੈ ਕਿ ਅਮਰੀਕਾ ਤੇ ਸਕਾਟਲੈਂਡ ਦੀ ਤਰਜ਼ ਉੱਤੇ ਹੀ ਸਾਡੇ ਵੀ ਹਥਿਆਰਬੰਦ ਸੈਨਾਵਾਂ ਦੀ ਮਦਦ ਲਈ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਜੋਅ ਬਾਇਡਨ ਪ੍ਰਸ਼ਾਸਨ ਵੱਲੋਂ 1100 ਫੌਜੀ ਟੁਕੜੀਆਂ, ਨਰਸਾਂ ਤੇ ਵੈਕਸੀਨੇਟਰਜ਼ ਨੂੰ ਕਈ ਸਾਈਟਸ ਉੱਤੇ ਤਾਇਨਾਤ ਕੀਤਾ ਹੈ। ਸਕਾਟਲੈਂਡ ਵਿੱਚ 80 ਵੈਕਸੀਨੇਸ਼ਨ ਸੈਂਟਰਜ਼ ਉੱਤੇ ਡਲਿਵਰੀਜ਼, ਵੈਕਸੀਨ ਸਟੋਰਜਂ ਤੇ ਪੇਸ਼ੈਂਟਸ ਦੀ ਰਜਿਸਟਰੇਸ਼ਨ ਲਈ ਬ੍ਰਿਟਿਸ਼ ਸੈਨਾ ਨੇ 100 ਸੈਨਿਕਾਂ ਦੀ ਡਿਊਟੀ ਲਾਈ ਹੈ।

# ਖਰਾਬ ਮੌਸਮ ਕਾਰਨ ਫਾਈਜ਼ਰ ਵੱਲੋਂ ਕੈਨੇਡਾ ਨੂੰ ਭੇਜੀ ਜਾਣ ਵਾਲੀ ਵੈਕਸੀਨ ਦੀ ਸਪਲਾਈ ਇੱਕ ਦਿਨ ਲਈ ਟਲੀ

ਓਟਵਾ, 18 ਫਰਵਰੀ (ਪੋਸਟ ਬਿਊਰੋ) : ਫਾਰਮਾਸਿਊਟੀਕਲ ਕੰਪਨੀ ਫਾਈਜ਼ਰ ਵੱਲੋਂ ਅੱਜ ਕੈਨੇਡਾ ਭੇਜੀਆਂ ਜਾਣ ਵਾਲੀਆਂ ਡੋਜ਼ਾਂ ਦੀ ਡਲਿਵਰੀ ਦਾ ਕੰਮ ਇੱਕ ਦਿਨ ਲਈ ਅੱਗੇ ਪੈ ਗਿਆ ਹੈ। ਕੰਪਨੀ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਮੌਸਮ ਬੇਹੱਦ ਖਰਾਬ ਹੋਣ ਕਾਰਨ ਇਹ ਦੇਰ ਹੋਈ ਹੈ।

ਫਾਈਜ਼ਰ ਦਾ ਕਹਿਣਾ ਹੈ ਕਿ ਇਸ ਹਫਤੇ ਕੈਨੇਡਾ ਪਹੁੰਚਣ ਵਾਲੀਆਂ ਡੋਜ਼ਾਂ ਦੀ ਇੱਕ ਖੇਪ ਵਿੱਚ ਹੀ ਦੇਰ ਹੋਈ ਹੈ। ਬਾਕੀ ਦੀ ਖੇਪ ਜਲਦ ਤੇ ਸਮੇਂ ਸਿਰ ਹੋਣ ਦਾ ਕੰਪਨੀ ਵੱਲੋਂ ਭਰੋਸਾ ਦਿਵਾਇਆ ਗਿਆ ਹੈ। ਇਸ ਹਫਤੇ ਫਾਈਜ਼ਰ ਵੱਲੋਂ 403,650 ਡੋਜ਼ਾਂ ਡਲਿਵਰ ਕੀਤੇ ਜਾਣ ਦੀ ਸੰਭਾਵਨਾ ਹੈ। ਤਰਜ਼ਮਾਨ ਕ੍ਰਿਸਟੀਨਾ ਐਂਟੋਨੀਓ ਨੇ ਇੱਕ ਈਮੇਲ ਵਿੱਚ ਲਿਖਿਆ ਕਿ ਮੰਦਭਾਗੀ ਗੱਲ ਹੈ ਕਿ ਖਰਾਬ ਮੌਸਮ ਕਾਰਨ ਵੈਕਸੀਨ ਦੀ ਡਲਿਵਰੀ ਦਾ ਕੰਮ ਇੱਕ ਦਿਨ ਲਈ ਟਲ ਗਿਆ ਹੈ। ਅਸੀਂ ਇਸ ਦੇਰ ਨੂੰ ਖ਼ਤਮ ਕਰਨ ਲਈ ਜੋ ਸੰਭਵ ਹੋ ਸਕੇਗਾ ਕਰ ਰਹੇ ਹਾਂ। ਇਸ ਤਰ੍ਹਾਂ ਦੀ ਅਸਹੂਲਤ ਲਈ ਸਾਨੂੰ ਅਫਸੋਸ ਹੈ।

ਹਾਲਾਂਕਿ ਕੈਨੇਡਾ ਨੂੰ ਭੇਜੀਆਂ ਜਾਣ ਵਾਲੀਆਂ ਡੋਜ਼ਾਂ ਯੂਰਪ ਤੋਂ ਭੇਜ ਦਿੱਤੀਆਂ ਗਈਆਂ ਹਨ ਪਰ ਉਨ੍ਹਾਂ ਨੂੰ



ਅਮਰੀਕਾ ਦੀ ਲੁਈਵਿੱਲ ਫੈਸਿਲਿਟੀ ਰਾਹੀਂ ਆਉਣਾ ਹੋਵੇਗਾ। ਖਰਾਬ ਮੌਸਮ ਕਾਰਨ ਯੂਨਾਈਟਿਡ ਪਾਰਸਲ ਸਰਵਿਸ (ਯੂਪੀਐਸ) ਵੱਲੋਂ ਆਪਣੀ ਲੁਈਵਿੱਲ ਦੀ ਵਰਲਡਪੋਰਟ ਸ਼ਿਪਿੰਗ ਫੈਸਿਲਿਟੀ ਬੰਦ ਕੀਤੀ ਗਈ ਹੈ। ਮੌਸਮ ਕਾਰਨ ਹੋਣ ਵਾਲੀ ਇਸ ਦੇਰ ਨੂੰ ਫੈਡਰਲ ਸਰਕਾਰ ਵੱਲੋਂ ਵੱਡਾ ਅੜਿੱਕਾ ਮੰਨਿਆ ਜਾ ਰਿਹਾ ਹੈ ਪਰ ਜਿਸ ਪ੍ਰੈੱਸ ਕਾਨਫਰੰਸ ਵਿੱਚ ਵੈਕਸੀਨੇਸ਼ਨ ਕੈਂਪੇਨ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਉਸ ਵਿੱਚ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਵੱਲੋਂ ਇਸ ਦੇਰ ਦਾ ਜ਼ਿਕਰ ਨਹੀਂ ਕੀਤਾ ਗਿਆ।

ਇਸ ਹਫਤੇ ਤੇ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ 400,000 ਡੋਜ਼ਾਂ ਤੋਂ ਵੱਧ ਹਾਸਲ ਹੋਣ ਦੀ ਸੰਭਾਵਨਾ ਹੈ। ਇਸ ਦੇਰ ਤੋਂ ਪਹਿਲਾਂ ਫਾਈਜ਼ਰ ਕੈਨੇਡਾ ਦੇ ਪ੍ਰੈਜ਼ੀਡੈਂਟ ਕੋਲ ਪਿਨੋਅ ਨੇ ਆਖਿਆ ਸੀ ਕਿ ਉਨ੍ਹਾਂ ਦੀ ਕੰਪਨੀ ਨੂੰ ਪੂਰਾ ਯਕੀਨ ਹੈ ਕਿ ਅਗਲੇ ਮਹੀਨੇ ਦੇ ਅੰਤ ਤੱਕ ਕੈਨੇਡਾ ਨੂੰ ਚਾਰ ਮਿਲੀਅਨ ਡੋਜ਼ਾਂ ਡਲਿਵਰ ਕਰ ਦਿੱਤੀਆਂ ਜਾਣਗੀਆਂ।

# ਪਹਿਲੇ ਗੇੜ ਦੇ ਬਾਕੀ ਰਹਿੰਦੇ ਲੋਕਾਂ ਦਾ ਟੀਕਾਕਰਣ ਸ਼ੁਰੂ ਕਰਨ ਦੀ ਪ੍ਰੋਵਿੰਸ ਵੱਲੋਂ ਕੀਤੀ ਜਾ ਰਹੀ ਹੈ ਤਿਆਰੀ

ਓਟਵਾ, 18 ਫਰਵਰੀ (ਪੋਸਟ ਬਿਊਰੋ) : ਆਉਣ ਵਾਲੇ ਦਿਨਾਂ ਤੇ ਹਫਤਿਆਂ ਵਿੱਚ ਕੋਵਿਡ-19 ਵੈਕਸੀਨ ਦੀ ਸਪਲਾਈ ਵਿੱਚ ਹੌਲੀ ਹੌਲੀ ਵਾਧਾ ਹੋਣ ਦੀ ਸੰਭਾਵਨਾ ਪੈਦਾ ਹੋਈ ਹੈ, ਪ੍ਰੋਵਿੰਸ ਵੱਲੋਂ ਹੁਣ ਵੈਕਸੀਨ ਦੀ ਵੰਡ ਦਾ ਅਗਲਾ ਗੇੜ ਸ਼ੁਰੂ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪਹਿਲੇ ਗੇੜ ਦੇ ਬਾਕੀ ਰਹਿੰਦੇ ਲੋਕਾਂ ਦਾ ਟੀਕਾਕਰਣ ਕੀਤੇ ਜਾਣ ਦਾ ਵੀ ਉਪਰਾਲਾ ਕੀਤਾ ਜਾ ਰਿਹਾ ਹੈ।



ਮੈਡੀਕਲ ਆਫੀਸਰਜ਼ ਆਫ ਹੈਲਥ ਤੇ ਹਸਪਤਾਲਾਂ ਦੇ ਸੀਈਓਜ਼ ਨੂੰ ਭੇਜੇ ਮੀਮੋ ਅਨੁਸਾਰ 80 ਸਾਲ ਤੋਂ ਉੱਪਰ ਦੇ ਬਾਲਗਾਂ, ਰਿਟਾਇਰਮੈਂਟ ਹੋਮਜ਼ ਵਿਚਲੇ ਸਟਾਫ, ਰੈਜ਼ੀਡੈਂਟਸ ਤੇ ਕੇਅਰਗਿਵਰਜ਼ ਦੇ ਨਾਲ ਨਾਲ ਸਾਰੇ ਮੂਲਵਾਸੀ ਬਾਲਗਾਂ ਨੂੰ ਅਗਲੇ ਪੜਾਅ ਵਿੱਚ ਵੈਕਸੀਨ ਦੀ ਪਹਿਲੀ ਡੋਜ਼ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਕੈਨੇਡਾ ਨੂੰ ਪਹਿਲਾਂ ਮਿਲੀ ਵੈਕਸੀਨ ਦੀ ਖੇਪ ਤਹਿਤ ਤਰਜੀਹੀ ਤੌਰ ਉੱਤੇ ਵੈਕਸੀਨ ਲਾਂਗ ਟਰਮ ਕੇਅਰ ਹੋਮਜ਼ ਦੇ ਸਟਾਫ, ਅਸੈਂਸ਼ੀਅਲ ਕੇਅਰਗਿਵਰਜ਼ ਤੇ ਫਰੰਟਲਾਈਨ ਹੈਲਥ ਕੇਅਰ ਵਰਕਰਜ਼ ਨੂੰ ਦਿੱਤੀ ਗਈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਹੁਣ ਪਹਿਲੇ ਗੇੜ ਦਾ ਟੀਕਾਕਰਣ ਮੁਕੰਮਲ ਹੋਣ ਵਾਲਾ ਹੈ ਤੇ ਪਹਿਲੇ ਗੇੜ ਦੀ ਬਾਕੀ ਬਚੀ ਆਬਾਦੀ ਦਾ ਟੀਕਾਕਰਣ ਸ਼ੁਰੂ ਕਰਨ ਦਾ ਸਮਾਂ ਆ ਗਿਆ ਹੈ। ਇਸ ਗੇੜ ਵਿੱਚ ਹੇਠ ਲਿਖੇ ਲੋਕਾਂ ਦਾ ਟੀਕਾਕਰਣ ਕੀਤਾ ਜਾਵੇਗਾ :

- 80 ਸਾਲਾ ਬਾਲਗ ਤੇ ਇਸ ਤੋਂ ਵੱਡੀ ਉਮਰ ਦੇ ਲੋਕ
- ਰਿਟਾਇਰਮੈਂਟ ਹੋਮਜ਼ ਦੇ ਸਟਾਫ, ਰੈਜ਼ੀਡੈਂਟਸ ਤੇ ਕੇਅਰਗਿਵਰਜ਼ ਅਤੇ ਸੀਨੀਅਰਜ਼ ਲਈ ਹੋਰ ਕੇਅਰ ਸੈਟਿੰਗਜ਼ (ਜਿਵੇਂ ਕਿ ਅਸਿਸਟਿਡ ਲਿਵਿੰਗ)
- ਹਾਈ ਪ੍ਰਾਇਓਰਿਟੀ ਲੈਵਲ ਦੇ ਹੈਲਥ ਕੇਅਰ ਵਰਕਰਜ਼
- ਸਾਰੇ ਮੂਲਵਾਸੀ ਬਾਲਗ
- ਕ੍ਰੌਨਿਕ ਹੋਮ ਕੇਅਰ ਦੇ ਬਾਲਗ

ਪ੍ਰੋਵਿੰਸ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਫਾਈਜ਼ਰ ਵੈਕਸੀਨ ਦੀ ਦੂਜੀ ਡੋਜ਼ ਲਈ ਅਪੁਆਇੰਟਮੈਂਟਸ ਹੁਣ 35 ਤੋਂ 45 ਦਿਨਾਂ ਦੇ ਵਕਫੇ ਨਾਲ ਦਿੱਤੀਆਂ ਜਾਣਗੀਆਂ ਜਦਕਿ ਲਾਂਗ ਟਰਮ ਕੇਅਰ, ਫਰਸਟ ਨੇਸ਼ਨਜ਼ ਐਲਡਰ ਕੇਅਰ, ਰਿਟਾਇਰਮੈਂਟ ਹੋਮਜ਼ ਦੇ ਸੀਨੀਅਰਜ਼ ਤੇ 80 ਸਾਲ ਤੋਂ ਉੱਪਰ ਦੇ ਬਾਲਗਾਂ ਨੂੰ ਇਸ ਵੈਕਸੀਨ ਦੀ ਦੂਜੀ ਡੋਜ਼ 21 ਤੇ 27 ਦਿਨਾਂ ਦੇ ਵਕਫੇ ਨਾਲ ਹਾਸਲ ਹੋ ਸਕਦੀ ਹੈ।

ਮੌਡਰਨਾ ਵੈਕਸੀਨ ਦੀ ਦੂਜੀ ਡੋਜ਼ ਪਹਿਲੀ ਡੋਜ਼ ਤੋਂ 28 ਦਿਨਾਂ ਦੇ ਬਾਅਦ ਦਿੱਤੀ ਜਾਣੀ ਜਾਰੀ ਰੱਖੀ ਜਾਵੇਗੀ। ਪਿਛਲੇ ਹਫਤੇ ਸਿਟੀ ਆਫ ਟੋਰਾਂਟੋ ਨੇ ਆਪਣੇ ਵੈਕਸੀਨ ਵੰਡ ਪਲੈਨ ਦੇ ਹਿੱਸੇ ਵਜੋਂ 9 ਕੋਵਿਡ-19 ਇਮਿਊਨਾਈਜ਼ੇਸ਼ਨ ਕਲੀਨਿਕਸ ਖੋਲ੍ਹਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ। ਇਨ੍ਹਾਂ ਕਲੀਨਿਕਸ ਨੂੰ ਹਫਤੇ ਦੇ ਸੱਤ ਦਿਨ ਅਤੇ ਰੋਜ਼ਾਨਾ ਨੌਂ ਘੰਟੇ ਦੇ ਹਿਸਾਬ ਨਾਲ ਟੋਰਾਂਟੋ ਪਬਲਿਕ ਹੈਲਥ ਵੱਲੋਂ ਆਪਰੇਟ ਕੀਤਾ ਜਾਵੇਗਾ ਤੇ ਇਸ ਦੌਰਾਨ 120,000 ਡੋਜ਼ਾਂ ਹਰ ਹਫਤੇ ਦੇਣ ਦਾ ਟੀਚਾ ਮਿਥਿਆ ਗਿਆ ਹੈ।

# ਬਰਫੀਲੇ ਤੂਫਾਨ ਕਾਰਨ ਜੀਟੀਏ ਤੇ ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਹੋ ਸਕਦੀ ਹੈ 25 ਸੈਂਟੀਮੀਟਰ ਤੱਕ ਬਰਫਬਾਰੀ



ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਜੀਟੀਏ ਤੇ ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਠੰਢ ਵਧਣ ਤੇ ਬਰਫੀਲੇ ਤੂਫਾਨ ਕਾਰਨ ਮੰਗਲਵਾਰ ਸਵੇਰ ਤੱਕ 25 ਸੈਂਟੀਮੀਟਰ ਤੱਕ ਬਰਫ ਪੈਣ ਦੀ ਸੰਭਾਵਨਾ ਹੈ।

ਬਰਫਬਾਰੀ ਰਾਤੀਂ 8:30 ਵਜੇ ਸ਼ੁਰੂ ਹੋ ਸਕਦੀ ਹੈ ਤੇ ਇਸ ਦੇ ਸਵੇਰ ਤੱਕ ਜਾਰੀ ਰਹਿਣ ਦੀ ਉਮੀਦ ਹੈ। ਟੋਰਾਂਟੋ ਅਤੇ ਯੌਰਕ, ਹਾਲਟਨ, ਦਰਹਾਮ ਤੇ ਪੀਲ ਵਿੱਚ ਬਰਫਬਾਰੀ ਦੀ ਚੇਤਾਵਨੀ ਦਿੱਤੀ ਗਈ ਹੈ। ਐਨਵਾਇਰਮੈਂਟ ਕੈਨੇਡਾ ਵੱਲੋਂ ਦਿੱਤੀ ਗਈ ਚੇਤਾਵਨੀ ਵਿੱਚ ਆਖਿਆ ਗਿਆ ਹੈ ਕਿ 15 ਸੈਂਟੀਮੀਟਰ ਤੱਕ ਬਰਫਬਾਰੀ ਹੋ ਸਕਦੀ ਹੈ ਤੇ ਕਈ ਥਾਂਵਾਂ ਉੱਤੇ ਇਹ ਬਰਫਬਾਰੀ 20 ਤੋਂ 25 ਸੈਂਟੀਮੀਟਰ ਤੱਕ ਵੀ ਹੋ ਸਕਦੀ ਹੈ।

ਬਰਫੀਲੇ ਤੂਫਾਨ ਦਰਮਿਆਨ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲ ਸਕਦੀਆਂ ਹਨ। ਬਰਲਿੰਗਟਨ, ਓਕਵਿੱਲ ਤੋਂ ਇਲਾਵਾ ਹੈਮਿਲਟਨ ਤੇ ਨਾਇਗਰਾ ਰੀਜਨ ਸਮੇਤ ਦੱਖਣੀ ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਬਰਫੀਲੇ ਤੂਫਾਨ ਸਬੰਧੀ ਚੇਤਾਵਨੀ ਦਿੱਤੀ ਗਈ ਹੈ। ਇੱਥੇ 20 ਤੋਂ 35 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਐਨਵਾਇਰਮੈਂਟ ਕੈਨੇਡਾ ਨੇ ਤੇਜ਼ੀ ਨਾਲ ਬਦਲ ਰਹੇ ਟਰੈਵਲ ਸਬੰਧੀ ਹਾਲਾਤ ਬਾਰੇ ਵੀ ਸਾਰਿਆਂ ਨੂੰ ਚੌਕਸ ਰਹਿਣ ਲਈ ਆਖਿਆ ਹੈ।

ਇਹ ਬਰਫੀਲਾ ਤੂਫਾਨ ਉਸ ਸਮੇਂ ਆਇਆ ਹੈ ਜਦੋਂ ਹਜ਼ਾਰਾਂ ਦੀ ਗਿਣਤੀ ਵਿੱਚ ਬੱਚੇ ਇਨ-ਪਰਸਨ ਲਰਨਿੰਗ ਲਈ ਸਕੂਲ ਪਰਤਣ ਜਾ ਰਹੇ ਹਨ। ਟੋਰਾਂਟੋ, ਪੀਲ ਤੇ ਯੌਰਕ ਰੀਜਨ ਦੇ ਵਿਦਿਆਰਥੀਆਂ ਲਈ ਇਨ ਕਲਾਸ ਲਰਨਿੰਗ ਮੰਗਲਵਾਰ ਤੋਂ ਸ਼ੁਰੂ ਹੋਣ ਜਾ ਰਹੀ ਹੈ।

# ਵ੍ਹਿਟਬੀ ਵਿੱਚ ਸਨੋਅਪਲੋਅ ਕਾਰਨ ਵਾਪਰੇ ਹਾਦਸੇ ਵਿੱਚ ਦੋ ਬੱਚੇ ਜ਼ਖ਼ਮੀ

ਦਰਹਾਮ, 18 ਫਰਵਰੀ (ਪੋਸਟ ਬਿਊਰੋ) : ਜੂਲੀ ਪੇਯੈਟ ਪਬਲਿਕ ਸਕੂਲ ਦੇ ਬਾਹਰ ਵ੍ਹਿਟਬੀ ਵਿੱਚ ਇੱਕ ਸਨੋਅਪਲੋਅ ਕਾਰਨ ਦੋ ਬੱਚੇ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਦਰਹਾਮ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ। ਕਾਂਸਟੇਬਲ ਕੌਨਰੈਡ ਵੌਂਗ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਘਟਨਾ ਬਾਰੇ ਸਵੇਰੇ 9:30 ਵਜੇ ਪਤਾ ਲੱਗਿਆ। ਇੱਕ 12 ਸਾਲਾ ਲੜਕਾ ਇਸ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਟੋਰਾਂਟੋ ਦੇ ਟਰੌਮਾ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ। ਵੌਂਗ ਨੇ ਆਖਿਆ ਕਿ ਇਸ ਉਮਰ ਦੀ ਇੱਕ ਲੜਕੀ ਵੀ ਜ਼ਖ਼ਮੀ ਹੋਈ ਹੈ ਪਰ ਉਸ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ ਹਨ। ਕਾਂਸਟੇਬਲ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਜਾਣਕਾਰੀ ਮਿਲੀ ਹੈ ਕਿ ਇਹ ਸੱਟਾਂ ਸਨੋਅ ਕਾਰਨ ਲੱਗੀਆਂ, ਜਿਸ ਨੂੰ ਸਨੋਅਪਲੋਅ ਵੱਲੋਂ ਧੱਕਿਆ ਗਿਆ ਸੀ।



ਮੌਕੇ ਉੱਤੇ ਪੈਰਾਮੈਡਿਕਸ ਵੀ ਪਹੁੰਚੇ ਤੇ ਉਨ੍ਹਾਂ ਵੱਲੋਂ ਲੜਕੀ ਦਾ ਫੌਰੀ ਇਲਾਜ ਕੀਤਾ ਗਿਆ। ਲੜਕੇ ਨੂੰ ਹਸਪਤਾਲ ਲਿਜਾਇਆ ਗਿਆ ਤੇ ਉੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਵੌਂਗ ਨੇ ਦੱਸਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਬੱਚੇ ਸਕੂਲ ਦੇ ਗ੍ਰਾਊਂਡ ਵਿੱਚ ਖੇਡ ਰਹੇ ਸਨ ਜਦੋਂ ਸਨੋਅਪਲੋਅ ਨੇੜਲੀ ਪ੍ਰਾਪਰਟੀ ਉੱਤੇ ਕੰਮ ਕਰ ਰਿਹਾ ਸੀ। ਸਨੋਅਪਲੋਅ ਵੱਲੋਂ ਹਟਾਈ ਗਈ ਬਰਫ ਨਾਲ ਲੱਗਦੀ ਫੈਂਸ ਨੂੰ ਤੋੜ ਕੇ ਪਾਰ ਚਲੀ ਗਈ।

ਦਰਹਾਮ ਪੁਲਿਸ ਨੇ ਮੌਕੇ ਉੱਤੇ ਹੀ ਲੜਕੇ ਨੂੰ ਸੀਪੀਆਰ ਦਿੱਤੀ। ਚਸ਼ਮਦੀਦਾਂ ਨੇ ਦੱਸਿਆ ਕਿ ਸਨੋਅਪਲੋਅ ਦਾ ਡਰਾਈਵਰ ਗੁਆਂਢੀਆਂ ਤੋਂ ਮਦਦ ਮੰਗਣ ਗਿਆ। ਫਿਰ ਸਾਰਿਆਂ ਨੇ ਆ ਕੇ ਬੱਚਿਆਂ ਦੀ ਮਦਦ ਕੀਤੀ। ਇੱਕ ਗੁਆਂਢੀ ਨੇ ਬੱਚਿਆਂ ਨੂੰ ਬਰਫ ਹੇਠੋਂ ਕੱਢਿਆ। ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਸਬੰਧ ਵਿੱਚ ਜਾਣਕਾਰੀ ਦੇ ਦਿੱਤੀ ਗਈ। ਲੇਬਰ ਮੰਤਰਾਲੇ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਾਈਬਰ ਸਕਿਓਰਟੀ ਦੀ ਮਹੱਤਤਾ ਦੇ ਮੱਦੇਨਜ਼ਰ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਭਵਿੱਖ ਦੇ ਰੁਜ਼ਗਾਰ ਲਈ ਹੁਨਰਮੰਦ ਬਣਾਉਣਾ ਕੈਨੇਡਾ ਫੈਡਰਲ ਲਿਬਰਲ ਸਰਕਾਰ ਦੀ ਤਰਜੀਹ : ਸੋਨੀਆ ਸਿੱਧੂ

## ਬਰੈਂਪਟਨ ਦੇ ਨੌਜਵਾਨਾਂ ਨੂੰ ਵਿਸ਼ਵ-ਪੱਧਰੀ ਸਿਖਲਾਈ ਲਈ ਡਾਊਨਟਾਊਨ 'ਚ ਸਿਖਲਾਈ ਪ੍ਰਾਪਤ ਕਰਨ ਦਾ ਮਿਲੇਗਾ ਮੌਕਾ

ਬਰੈਂਪਟਨ, ਓਨਟਾਰੀਓ - ਤਕਨਾਲੋਜੀ ਅਤੇ ਡਿਜੀਟਲ ਟ੍ਰਾਂਸਫੋਰਮੇਸ਼ਨ ਦੇ ਯੁੱਗ ਅਤੇ ਖ਼ਾਸਕਰ ਕੋਵਿਡ-19 ਦੇ ਦੌਰਾਨ ਸਾਰੇ ਵਿਸ਼ਵ 'ਚ ਤਕਨਾਲੋਜੀ ਦਾ ਉਪਯੋਗ ਵਧਣ ਦੇ ਨਾਲ ਹੀ ਸਾਈਬਰ ਸਕਿਓਰਟੀ ਦੀ ਮਹੱਤਤਾ 'ਚ ਹੋਰ ਵੀ ਵਾਧਾ ਹੋਇਆ ਹੈ। ਇਸੇ ਗੱਲ ਦੇ ਮੱਦੇਨਜ਼ਰ ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਸਾਈਬਰ ਸਕਿਓਰਟੀ 'ਚ ਹੋਰ ਨਿਵੇਸ਼ ਕਰਕੇ ਡਿਜੀਟਲ ਖੇਤਰ 'ਚ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਇਸੇ ਸਬੰਧ 'ਚ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਗੱਲ ਕਰਦਿਆਂ ਕਿਹਾ ਕਿ ਉਹਨਾਂ ਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਬਰੈਂਪਟਨ ਦੇ ਵਿਸ਼ਵ ਪੱਧਰੀ ਸਾਈਬਰ ਸੁਰੱਖਿਆ ਕੇਂਦਰ ਲਈ ਕੈਨੇਡਾ ਸਰਕਾਰ ਵੱਲੋਂ ਵਾਧੂ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ। ਉਹਨਾਂ ਨੇ ਜਾਣਕਾਰੀ ਦਿੱਤੀ ਕਿ ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਪਿਛਲੇ ਹਫਤੇ ਰਾਇਰਸਨ ਯੂਨੀਵਰਸਿਟੀ ਦੀ ਕੈਟੇਲਿਸਟ



ਸਾਈਬਰ ਰੇਂਜ ਦੇ ਵਰਚੂਅਲ ਲਾਂਚ ਮੌਕੇ ਲਗਭਗ 660,000 ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਬਰੈਂਪਟਨ ਸਾਊਥ ਦੇ ਸਮੇਤ ਪੀਲ ਰੀਜਨ ਅਤੇ ਆਸ-ਪਾਸ ਦੇ ਨੌਜਵਾਨ ਨਾ ਸਿਰਫ ਸਾਈਬਰ ਸਕਿਓਰਟੀ ਦੇ ਖੇਤਰ 'ਚ ਵਿਸ਼ਵ-ਪੱਧਰੀ ਸਿਖਲਾਈ ਹਾਸਲ ਕਰ ਸਕਣਗੇ, ਬਲਕਿ ਉਹਨਾਂ ਦੇ ਲਈ ਰੁਜਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਉਹਨਾਂ ਨੇ ਕਿਹਾ ਕਿ ਡਿਜੀਟਲ ਤਕਨਾਲੋਜੀ ਦੇ ਵੱਧ ਰਹੇ ਪ੍ਰਸਾਰ ਨਾਲ ਸਾਈਬਰ ਸਕਿਓਰਟੀ ਦੀ ਜ਼ਰੂਰਤ ਅਤੇ ਮਹੱਤਤਾ 'ਚ ਵੀ ਵਾਧਾ ਹੋ ਰਿਹਾ ਹੈ ਅਤੇ ਇਸ ਪ੍ਰੋਗਰਾਮ ਨਾਲ ਨੌਜਵਾਨਾਂ ਨੂੰ ਆਉਣ ਵਾਲੇ ਸਮੇਂ ਦੀਆਂ ਨੌਕਰੀਆਂ ਲਈ ਜ਼ਰੂਰੀ ਟ੍ਰੇਨਿੰਗ ਅਤੇ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਉਹ ਭਵਿੱਖ 'ਚ ਵਧੀਆ ਰੁਜ਼ਗਾਰ ਦੇਮੌਕਿਆਂ ਲਈ ਤਿਆਰ ਹੋ ਸਕਣ।

ਐਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਇਸ ਨਾਲ ਬਰੈਂਪਟਨ ਦੇ ਨੌਜਵਾਨਾਂ ਨੂੰ ਵਿਸ਼ਵ- ਪੱਧਰੀ ਸਿਖਲਾਈ ਲਈ ਦੂਰ ਨਾ ਜਾ ਕੇ ਬਰੈਂਪਟਨ ਡਾਊਨਟਾਊਨ 'ਚ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲੇਗਾ ਅਤੇ ਉਹ ਸਾਰੇ ਪੱਧਰ ਦੀਆਂ ਸਰਕਾਰਾਂ ਨਾਲ ਮਿਲਕੇ ਭਵਿੱਖ 'ਚ ਵੀ ਅਜਿਹੇ ਪ੍ਰਾਜੈਕਟ ਲਿਆਉਣ ਦੀ ਕੋਸ਼ਿਸ਼ ਕਰਦੇ ਰਹਿਣਗੇ। ਦੱਸ ਦੇਈਏ ਕਿ ਇਸ ਪ੍ਰੋਗਰਾਮ ਤਹਿਤ ਹਾਈ ਸਕੂਲ ਡਿਪਲੋਮੇ ਤੋਂ ਬਾਅਦ ਬਿਨ੍ਹਾਂ ਸਾਈਬਰ ਸਕਿਓਰਟੀ ਬੈਕਗ੍ਰਾਊਂਡ ਵਾਲੇ ਵਿਦਿਆਰਥੀ ਵੀ ਸਾਈਬਰ ਸਿਕਓਰਟੀ ਦੀ ਬੁਨਿਆਦੀ ਸਿਖਲਾਈ ਅਤੇ ਸੁਰੱਖਿਆ ਦੀ ਮਹੱਤਤਾ ਸਬੰਧੀ ਸਿਖਲਾਈ ਹਾਸਲ ਕਰ ਸਕਣਗੇ ਅਤੇ ਪ੍ਰੋਗਰਾਮ ਦਾ ਹਰੇਕ ਗ੍ਰੈਜੂਏਟ ਸਾਈਬਰ ਸਕਿਓਰਟੀ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਸਿੱਖਿਆ ਹਾਸਲ ਕਰ ਸਕੇਗਾ।

# ਮਾਰਚ ਤੱਕ ਮੌਡਰਨਾ ਕੈਨੇਡਾ ਨੂੰ ਭੇਜੇਗੀ 1.3 ਮਿਲੀਅਨ ਡੋਜ਼ਾਂ : ਆਨੰਦ

ਓਟਵਾ, 18 ਫਰਵਰੀ (ਪੋਸਟ ਬਿਊਰੋ) : ਮੌਡਰਨਾ ਦੀ ਕੋਵਿਡ-19 ਵੈਕਸੀਨ ਦੀ ਅਗਲੇ ਮਹੀਨੇ ਕਿੰਨੀ ਖੇਪ ਆਵੇਗੀ ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਪਰ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਆਖਿਆ ਕਿ ਮਾਰਚ ਵਿੱਚ ਕੰਪਨੀ ਵੱਲੋਂ 1.3 ਮਿਲੀਅਨ ਡੋਜ਼ਾਂ ਕੈਨੇਡਾ ਭੇਜੀਆਂ ਜਾਣਗੀਆਂ।

ਪਿਛਲੀਆਂ ਕੁੱਝ ਡਲਿਵਰੀਜ਼ ਵਿੱਚ ਮੌਡਰਨਾ ਵੱਲੋਂ ਨਿੱਕੀ ਖੇਪ ਭੇਜੀ ਗਈ ਸੀ। ਮੌਡਰਨਾ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਕੋਵਿਡ-19 ਦੀਆਂ ਦੋ ਮਿਲੀਅਨ ਡੋਜ਼ਾਂ ਮੁਹੱਈਆ ਕਰਵਾਉਣਾ ਚਾਹੁੰਦੀ ਹੈ। ਫੈਡਰਲ ਸਰਕਾਰ ਨੂੰ ਅਗਲੇ ਮਹੀਨੇ ਤੱਕ ਅੱਧੀ ਤੋਂ ਵੱਧ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਆਨੰਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸਾਡੇ ਹਿਸਾਬ ਨਾਲ ਮਾਰਚ



ਦੇ ਅੰਤ ਤੋਂ ਪਹਿਲਾਂ ਦੇ 22 ਫਰਵਰੀ ਤੋਂ ਬਾਅਦ ਸਾਨੂੰ ਦੋ ਹੋਰ ਖੇਪ ਕੰਪਨੀ ਵੱਲੋਂ ਭੇਜੀਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਮੌਡਰਨਾ ਤੋਂ ਸਾਨੂੰ 1.3 ਮਿਲੀਅਨ ਡੋਜ਼ਾਂ ਦੀ ਦਰਕਾਰ ਹੈ।

ਮੌਡਰਨਾ ਆਮ ਤੌਰ ਉੱਤੇ ਹਰੇਕ ਤਿੰਨ ਹਫਤੇ ਵਿੱਚ ਇੱਕ ਵਾਰੀ ਕੈਨੇਡਾ ਨੂੰ ਵੈਕਸੀਨ ਸਪਲਾਈ ਕਰਦੀ ਹੈ। ਅਪਰੈਲ ਤੇ ਜੂਨ ਦਰਮਿਆਨ ਫਾਈਜ਼ਰ ਤੇ ਮੌਡਰਨਾ ਵੱਲੋਂ 23 ਮਿਲੀਅਨ ਸ਼ੌਟਸ ਕੈਨੇਡਾ ਨੂੰ ਦੇਣ ਦਾ ਇਰਾਦਾ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ShergGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕੋਵਿਡ-19 ਹੌਟਸਪੌਟਸ ਵਿੱਚ ਇਸ ਹਫਤੇ ਤੋਂ ਸ਼ੁਰੂ ਹੋ ਜਾਣਗੀਆਂ ਇਨ ਪਰਸਨ ਕਲਾਸਾਂ

*** 27 ਰੀਜਨਜ਼ ਤੋਂ ਸਟੇਅ ਐਟ ਹੋਮ ਆਰਡਰ ਹਟਾਏ * ਭਾਰੀ ਬਰਫਬਾਰੀ ਕਾਰਨ ਪੀਲ ਤੇ ਯੌਰਕ ਰੀਜਨ ਦੇ ਵਿਦਿਆਰਥੀਆਂ ਨੂੰ ਸਕੂਲ ਪਰਤਣ ਲਈ ਇੱਕ ਦਿਨ ਹੋਰ ਕਰਨੀ ਹੋਵੇਗੀ ਉਡੀਕ**



ਓਨਟਾਰੀਓ, 18 ਫਰਵਰੀ (ਪੋਸਟ ਬਿਊਰੋ) : ਅੱਜ ਤੋਂ ਬਹੁਤੀਆਂ ਓਨਟਾਰੀਓ ਹੈਲਥ ਯੂਨਿਟਸ ਵਿੱਚ ਮਹਾਂਮਾਰੀ ਸਬੰਧੀ ਪਾਬੰਦੀਆਂ ਤੇ ਸਟੇਅ ਐਟ ਹਮ ਆਰਡਰਜ਼ ਵਿੱਚ ਢਿੱਲ ਦਿੱਤੀ ਜਾ ਰਹੀ ਹੈ। ਪ੍ਰੋਵਿੰਸ ਵੱਲੋਂ ਹੌਲੀ ਹੌਲੀ ਰੀਓਪਨਿੰਗ ਪਲੈਨ ਨੂੰ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਇਨ ਪਰਸਨ ਕਲਾਸਾਂ ਵੀ ਇਸ ਹਫਤੇ ਤੋਂ ਜੀਟੀਏ ਦੇ ਤਿੰਨ ਕੋਵਿਡ-19 ਹੌਟਸਪੌਟਸ ਵਿੱਚ ਖੁੱਲ੍ਹਣ ਜਾ ਰਹੀਆਂ ਹਨ। ਟੋਰਾਂਟੋ, ਪੀਲ ਰੀਜਨ ਤੇ ਯੌਰਕ ਰੀਜਨ ਦੇ ਸਕੂਲ ਬੋਰਡਜ਼ ਵੱਲੋਂ ਇਸ ਹਫਤੇ ਇਨ-ਪਰਸਨ ਲਰਨਿੰਗ ਮੁੜ ਸ਼ੁਰੂ ਕੀਤੀ ਜਾ ਰਹੀ ਹੈ। ਜਨਵਰੀ ਤੋਂ ਲੈ ਕੇ ਹੁਣ ਤੱਕ ਪ੍ਰੋਵਿੰਸ਼ੀਅਲ ਲਾਕਡਾਊਨ ਕਾਰਨ ਇਨ੍ਹਾਂ ਰੀਜਨਜ਼ ਵਿੱਚ ਆਨਲਾਈਨ ਲਰਨਿੰਗ ਨੂੰ ਹੀ ਜਾਰੀ ਰੱਖਿਆ ਜਾ ਰਿਹਾ ਸੀ। ਭਾਰੀ ਬਰਫਬਾਰੀ ਕਾਰਨ ਪੀਲ ਤੇ ਯੌਰਕ ਰੀਜਨ ਦੇ ਵਿਦਿਆਰਥੀਆਂ ਨੂੰ ਅਜੇ ਸਕੂਲਾਂ ਵਿੱਚ ਪਰਤਣ ਲਈ ਇੱਕ ਹੋਰ ਦਿਨ ਉਡੀਕ ਕਰਨੀ ਹੋਵੇਗੀ। ਓਨਟਾਰੀਓ ਵਿੱਚ ਇਹ ਤਿੰਨ ਰੀਜਨਜ਼ ਹੀ ਬਚੇ ਹਨ ਜਿੱਥੇ ਵਿਦਿਆਰਥੀ ਇਨ ਪਰਸਨ ਕਲਾਸਾਂ ਵਿੱਚ ਅਜੇ ਨਵੇਂ ਪਰਤੇ ਹਨ। ਪ੍ਰੋਵਿੰਸ ਵੱਲੋਂ ਪਿਛਲੇ ਕੁੱਝ ਹਫਤਿਆਂ ਵਿੱਚ ਹੌਲੀ ਹੌਲੀ ਹੋਰਨਾਂ ਰੀਜਨਜ਼ ਨੂੰ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾ ਚੁੱਕੀ ਹੈ।

ਟੋਰਾਂਟੋ, ਪੀਲ ਰੀਜਨ, ਯੌਰਕ ਰੀਜਨ ਤੇ ਨੌਰਥ ਬੇਅ ਪੈਰੀ ਸਾਊਂਡ ਵਿੱਚ 22 ਫਰਵਰੀ ਤੱਕ ਸਟੇਅ ਐਟ ਹੋਮ ਆਰਡਰ ਹੀ ਜਾਰੀ ਰਹਿਣਗੇ ਜਦਕਿ ਅੱਜ ਤੋਂ ਓਨਟਾਰੀਓ ਦੀਆਂ 27 ਪਬਲਿਕ ਹੈਲਥ ਯੂਨਿਟਸ ਤੋਂ ਇਹ ਹੁਕਮ ਹਟਾ ਲਏ ਗਏ ਹਨ। ਸਿਰਫ ਨਾਇਗਰਾ ਰੀਜਨ ਹੀ ਅਜਿਹਾ ਰੀਜਨ ਹੈ ਜਿਹੜਾ ਗ੍ਰੇਅ ਲਾਕਡਾਊਨ ਜ਼ੋਨ, ਜਿਸ ਨੂੰ ਸੱਭ ਤੋਂ ਸਖ਼ਤ ਲੈਵਲ ਮੰਨਿਆ ਜਾਂਦਾ ਹੈ, ਵਿੱਚ ਹੈ। ਇੱਥੇ ਸਿਰਫ 25 ਫੀ ਸਦੀ ਕਾਰੋਬਾਰਾਂ ਨੂੰ ਹੀ ਖੋਲ੍ਹੇ ਜਾਣ ਦੀ ਇਜਾਜ਼ਤ ਹੈ।

# ਕੈਨੇਡਾ ਤੇ ਅਮਰੀਕਾ ਦੇ ਸਬੰਧਾਂ ਬਾਰੇ ਕਮੇਟੀ ਕਾਇਮ ਕਰਨ ਲਈ ਐਮਪੀਜ਼ ਨੇ ਦਿੱਤੀ ਸਹਿਮਤੀ



ਓਟਵਾ, 18 ਫਰਵਰੀ (ਪੋਸਟ ਬਿਊਰੋ) : ਹਾਊਸ ਆਫ ਕਾਮਨਜ਼ ਵੱਲੋਂ ਕੈਨੇਡਾ-ਯੂਐਸ ਇਕਨੌਮਿਕ ਸਬੰਧਾਂ ਉੱਤੇ ਇੱਕ ਵਿਸ਼ੇਸ਼ ਕਮੇਟੀ ਕਾਇਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਤੇ ਬਹੁਗਿਣਤੀ ਐਮਪੀਜ਼ ਇਸ ਲਈ ਸਹਿਮਤ ਵੀ ਹਨ।

ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਇਸ ਮਤੇ ਦਾ ਸਮਰਥਨ ਸੱਤਾਧਾਰੀ ਲਿਬਰਲਾਂ, ਬਲਾਕ ਕਿਊਬਿਕੁਆ ਤੇ ਐਨਡੀਪੀ ਵੱਲੋਂ ਕੀਤਾ ਗਿਆ। ਗ੍ਰੀਨ ਪਾਰਟੀ ਵੱਲੋਂ ਇਸ ਮਤੇ ਦਾ ਵਿਰੋਧ ਕੀਤਾ ਗਿਆ। ਇਸ ਕਮੇਟੀ ਤਹਿਤ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ ਦੇ ਸਾਰੇ ਪੱਖਾਂ ਦਾ ਮੁਲਾਂਕਣ ਕੀਤਾ ਜਾਵੇਗਾ। ਇਹ ਫੈਸਲਾ ਉਸ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕੀਅਸਟੋਨ ਐਕਸਐਲ ਪਾਈਪਲਾਈਨ ਦੇ ਨਿਰਮਾਣ ਨੂੰ ਰੱਦ ਕਰ ਦਿੱਤਾ ਗਿਆ।

ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਕਮੇਟੀ ਦਾ ਪਹਿਲਾ ਕੰਮ ਐਨਬ੍ਰਿੱਜ ਲਾਈਨ 5 ਪਾਈਪਲਾਈਨ ਅਤੇ ਇਸ ਦੇ ਬੰਦ ਹੋਣ ਦੇ ਨਤੀਜਿਆਂ ਦੀ ਜਾਂਚ ਕਰਨਾ ਤੇ ਇਸ ਦੇ ਨਾਲ ਹੀ ਬਾਇਡਨ ਪ੍ਰਸ਼ਾਸਨ ਵੱਲੋਂ "ਬਾਇ ਅਮੈਰਿਕਾ" ਨੀਤੀਆਂ ਤੇ ਇਸ ਪਹੁੰਚ ਦੇ ਕੈਨੇਡੀਅਨ ਹਿਤਾਂ ਉੱਤੇ ਪੈਣ ਵਾਲੇ ਅਸਰ ਦਾ ਮੁਲਾਂਕਣ ਕਰਨਾ ਹੋਵੇਗਾ। ਮੁੱਖ ਵਿਰੋਧੀ ਧਿਰ ਵੱਲੋਂ ਮਤਾ ਪੇਸ਼ ਕਰਨ ਦੇ ਪ੍ਰਸਤਾਵਿਤ ਦਿਨ ਵਜੋਂ ਇਹ ਦੂਜੀ ਵਾਰੀ ਹੈ ਕਿ ਕੰਜ਼ਰਵੇਟਿਵ ਕਾਕਸ ਇਸ ਤਰ੍ਹਾਂ ਦੀ ਸਪੈਸ਼ਲ ਕਮੇਟੀ ਕਾਇਮ ਕਰਵਾਉਣ ਵਿੱਚ ਸਫਲ ਹੋਇਆ ਹੈ। ਇਸ ਤੋਂ ਪਹਿਲਾਂ 2020 ਦੇ ਸ਼ੁਰੂ ਵਿੱਚ ਵੀ ਕੰਜ਼ਰਵੇਟਿਵਾਂ ਵੱਲੋਂ ਪ੍ਰਸਤਾਵਿਤ ਵਿਸ਼ੇਸ਼ ਕੈਨੇਡਾ-ਚੀਨ ਕਮੇਟੀ ਕਾਇਮ ਕਰਵਾਈ ਗਈ ਸੀ।

ਇਸ ਕਮੇਟੀ ਵਿੱਚ 12 ਮੈਂਬਰ ਹੋਣਗੇ, ਜਿਨ੍ਹਾਂ ਵਿੱਚ ਚੇਅਰ ਸਮੇਤ ਛੇ ਲਿਬਰਲ ਐਮਪੀ, ਚਾਰ ਕੰਜ਼ਰਵੇਟਿਵ, ਇੱਕ ਐਮਪੀ ਬਲਾਕ ਕਿਊਬਿਕੁਆ ਤੇ ਐਨਡੀਪੀ ਕ੍ਰਮਵਾਰ ਹੋਣਗੇ। ਇਨ੍ਹਾਂ ਕਮੇਟੀ ਮੈਂਬਰਾਂ ਦੇ ਨਾਂਵਾਂ ਦਾ ਐਲਾਨ ਵੀਰਵਾਰ ਤੱਕ ਕੀਤਾ ਜਾਵੇਗਾ। ਇਸ ਦੀ ਮੀਟਿੰਗ ਅਗਲੇ ਹਫਤੇ ਹੋਵੇਗੀ।

# ਸਖ਼ਤ ਗੰਨ ਲਾਅਜ਼ ਲਾਗੂ ਕਰਨ ਲਈ ਫੈਡਰਲ ਸਰਕਾਰ ਨੇ ਪੇਸ਼ ਕੀਤਾ ਬਿੱਲ



ਓਟਵਾ, 18 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਸਖ਼ਤ ਗੰਨ ਲਾਅਜ਼ ਲਾਗੂ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਦੀ ਦਿਸ਼ਾ ਵੱਲ ਕੰਮ ਕੀਤਾ ਜਾ ਰਿਹਾ ਹੈ। ਅੱਜ ਫੈਡਰਲ ਸਰਕਾਰ ਵੱਲੋਂ ਹਥਿਆਰਾਂ ਦੇ ਸਬੰਧ ਵਿੱਚ ਬਿੱਲ ਪੇਸ਼ ਕੀਤਾ ਗਿਆ। ਸਰਕਾਰ ਹੁਣ ਪਾਬੰਦੀਸ਼ੁਦਾ ਹਥਿਆਰਾਂ ਨੂੰ ਆਉਣ ਵਾਲੇ ਸਮੇਂ ਵਿੱਚ ਮੁੜ ਖਰੀਦਣ ਲਈ ਵਾਲੰਟੈਰੀ ਬਾਇਬੈਕ ਪ੍ਰੋਗਰਾਮ ਵੀ ਲਿਆ ਰਹੀ ਹੈ।

ਪਿਛਲੇ ਸਾਲ ਮਈ ਵਿੱਚ ਜਿਨ੍ਹਾਂ 1500 ਹਥਿਆਰਾਂ ਦੇ ਮਾਡਲਾਂ ਤੇ ਉਨ੍ਹਾਂ ਦੇ ਵੱਖ ਵੱਖ ਰੂਪਾਂ ਨੂੰ ਪਾਬੰਦੀਸ਼ੁਦਾ ਹੋਣ ਦਾ ਦਰਜਾ ਦਿੱਤਾ ਗਿਆ ਸੀ, ਉਨ੍ਹਾਂ ਦੇ ਮਾਲਕਾਂ ਕੋਲ ਇਹ ਬਦਲ ਹੋਵੇਗਾ ਕਿ ਉਹ ਸਖ਼ਤ ਨਿਯਮਾਂ ਤਹਿਤ ਉਨ੍ਹਾਂ ਨੂੰ ਸਟੋਰ ਕਰ ਸਕਣਗੇ ਜਾਂ ਉਨ੍ਹਾਂ ਨੂੰ ਓਟਵਾ ਨੂੰ ਵੇਚ ਸਕਣਗੇ। ਮੰਗਲਵਾਰ ਨੂੰ ਓਟਵਾ ਵਿੱਚ ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਅਸੀਂ ਇਸ ਪਾਸੇ ਕੰਮ ਕਰ ਰਹੇ ਹਾਂ ਕਿ ਜਿਹੜੇ ਕੈਨੇਡੀਅਨਾਂ ਨੇ ਕਾਨੂੰਨੀ ਤੌਰ ਉੱਤੇ ਉਹ ਹਥਿਆਰ ਖਰੀਦੇ ਹਨ ਉਨ੍ਹਾਂ ਲਈ ਸੱਭ ਠੀਕ ਹੋ ਸਕੇ।

ਉਨ੍ਹਾਂ ਆਖਿਆ ਕਿ ਬਹੁਤੇ ਮਾਲਕ ਆਪਣੀਆਂ ਗੰਨਜ਼ ਇਸ ਲਈ ਸਰੰਡਰ ਕਰਨ ਦੇ ਚਾਹਵਾਨ ਹੋਣਗੇ ਕਿ ਉਹ ਕਾਨੂੰਨੀ ਤੌਰ ਉੱਤੇ ਬੇਕਾਰ ਹਨ। ਸਰਕਾਰ ਵੱਲੋਂ ਇਸ ਪ੍ਰੋਗਰਾਮ ਦਾ ਸਪਸ਼ਟ ਅੰਦਾਜ਼ਾ ਮੁਹੱਈਆ ਨਹੀਂ ਕਰਵਾਇਆ ਗਿਆ। ਬਲੇਅਰ ਨੇ ਆਖਿਆ ਕਿ ਇਹ ਸੱਭ ਜਾਇਜ਼ ਹੋਣਾ ਚਾਹੀਦਾ ਹੈ ਤੇ ਇਸੇ ਲਈ ਅਸੀਂ ਉਨ੍ਹਾਂ ਹਥਿਆਰਾਂ ਦੀ ਕੀਮਤ ਬਾਰੇ ਆਜ਼ਾਦਾਨਾ ਅਸੈੱਸਮੈਂਟ ਕਰਾਵਾਂਗੇ ਜਿਹੜੇ ਮੁਆਵਜ਼ੇ ਲਈ ਸਰੰਡਰ ਕੀਤੇ ਜਾਣਗੇ, ਪਰ ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਪ੍ਰਸ਼ਾਸਨਿਕ ਤੌਰ ਉੱਤੇ ਵੀ ਇਹ ਪ੍ਰਭਾਵਸ਼ਾਲੀ ਹੋਵੇ। ਅਸੀਂ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਮਾਲਕਾਂ ਨੂੰ ਪਹਿਲਾਂ ਸਹੀ ਢੰਗ ਨਾਲ ਲਾਇਸੰਸ ਲੈਣਾ ਹੋਵੇਗਾ ਤੇ ਆਪਣੇ ਹਥਿਆਰ ਨੂੰ ਰਜਿਸਟਰ ਕਰਵਾਉਣਾ ਹੋਵੇਗਾ, ਤਾਂ ਕਿ ਅਧਿਕਾਰੀਆਂ ਨੂੰ ਇਹ ਪਤਾ ਲੱਗ ਸਕੇ ਕਿ ਕਿੰਨੇ ਹਥਿਆਰ ਜਨਤਾ ਕੋਲ ਹਨ ਤੇ ਇਹ ਵੀ ਕਿ ਕੀ ਸ਼ਰਤਾਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਬਿੱਲ ਦੇ ਖਰੜੇ ਵਿੱਚ ਗੈਰਕਾਨੂੰਨੀ ਹਥਿਆਰਾਂ ਦੀ ਮਾਰਕਿਟ ਉੱਤੇ ਸਖ਼ਤੀ ਕਰਨ ਦਾ ਵੀ ਉਪਰਾਲਾ ਕੀਤਾ ਗਿਆ ਹੈ ਅਜਿਹਾ ਵੱਡੇ ਜੁਰਮਾਨੇ ਲਾ ਕੇ ਤੇ ਆਰਸੀਐਮਪੀ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਹੱਥ ਮਜ਼ਬੂਤ ਕਰਕੇ ਕਰ ਸਕਦਾ ਹੈ। ਫੈਡਰਲ ਪੁਲਿਸਿੰਗ ਏਜੰਸੀ ਨੂੰ ਪੰਜ ਸਾਲਾਂ ਵਿੱਚ 42 ਮਿਲੀਅਨ ਡਾਲਰ ਹਾਸਲ ਹੋਣਗੇ ਜਦਕਿ ਸੀਬੀਐਸਏ ਨੂੰ ਇਸੇ ਅਰਸੇ ਦੌਰਾਨ 29 ਮਿਲੀਅਨ ਡਾਲਰ ਹਾਸਲ ਹੋ ਜਾਣਗੇ।

# ਅੱਗ ਲੱਗਣ ਕਾਰਨ ਸੇਂਟ ਮਾਈਕਲ ਹਸਪਤਾਲ ਦਾ ਐਮਰਜੰਸੀ ਡਿਪਾਰਟਮੈਂਟ ਬੰਦ




ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਡਾਊਨਟਾਊਨ ਟੋਰਾਂਟੋ ਦੇ ਸੇਂਟ ਮਾਈਕਲ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟ ਵਿੱਚ ਲੱਗੀ ਅੱਗ ਕਾਰਨ ਥੋੜ੍ਹੀ ਦੇਰ ਲਈ ਇਸ ਨੂੰ ਬੰਦ ਕਰਨਾ ਪਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਅੱਗ ਹਸਪਤਾਲ ਦੇ ਐਲੀਵੇਟਰ ਦੀ ਸ਼ਾਫਟ ਵਿੱਚ ਲੱਗੀ ਸੀ। ਕ੍ਰਿਊ ਸ਼ਾਮੀਂ 6:50 ਉੱਤੇ ਹਸਪਤਾਲ ਪਹੁੰਚਿਆ ਤੇ ਜਲਦ ਹੀ ਅੱਗ ਉੱਤੇ ਕਾਬੂ ਪਾ ਲਿਆ ਗਿਆ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਪੁਲਿਸ ਨੇ ਦੱਸਿਆ ਕਿ ਅੱਗ ਲੱਗਣ ਦੀ ਇਸ ਘਟਨਾ ਕਾਰਨ ਅਗਲੇ ਨੋਟਿਸ ਤੱਕ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ ਹੈ।

ਰਾਤੀਂ 9:00 ਵਜੇ ਯੂਨਿਟੀ ਹੈਲਥ ਨੇ ਆਖਿਆ ਕਿ ਅੱਗ ਲੱਗਣ ਸਬੰਧੀ ਇਸ ਘਟਨਾ ਦੀ ਜਾਂਚ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ ਤੇ ਸੇਂਟ ਮਾਈਕ ਐਮਰਜੰਸੀ ਡਿਪਾਰਟਮੈਂਟ ਵਿੱਚ ਰੈਗੂਲਰ ਕੰਮਕਾਜ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਅੱਗ ਸ਼ੁਰੂ ਕਿਵੇਂ ਹੋਈ।

# 8 ਵਿੱਚੋਂ 1 ਕਰੋਨਾਵਾਇਰਸ ਗ੍ਰਸਤ ਹੈਲਥ ਕੇਅਰ ਵਰਕਰ ਵਿੱਚ ਵਾਇਰਸ ਦਾ ਕੋਈ ਲੱਛਣ ਨਹੀਂ : ਰਿਪੋਰਟ



ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਕੈਨੇਡਾ ਵਿੱਚ ਕੀਤੇ ਗਏ ਆਪਣੀ ਹੀ ਕਿਸਮ ਦੇ ਵੱਖਰੇ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਹੈਲਥ ਕੇਅਰ ਵਰਕਰਜ਼ ਵਿੱਚ ਨੌਵਲ ਕਰੋਨਾਵਾਇਰਸ ਦੇ ਏਸਿੰਪਟੋਮੈਟਿਕ ਮਾਮਲੇ ਵੀ ਪਾਏ ਜਾ ਰਹੇ ਹਨ।

ਟੋਰਾਂਟੋ ਯੂਨੀਵਰਸਿਟੀ ਹੈਲਥ ਨੈੱਟਵਰਕ (ਯੂਐਚਐਨ) ਦੇ ਰਿਸਰਚਰਜ਼ ਵੱਲੋਂ ਪੇਸ਼ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਕਰੋਨਾਵਾਇਰਸ ਪਾਜ਼ੀਟਿਵ ਆਉਣ ਵਾਲੇ 14 ਫੀ ਸਦੀ ਹੈਲਥ ਵਰਕਰਜ਼ ਵਿੱਚ ਇਸ ਦਾ ਕੋਈ ਲੱਛਣ ਹੀ ਨਹੀਂ ਪਾਇਆ ਗਿਆ। ਅਧਿਐਨ ਵਿੱਚ ਸਪਸ਼ਟ ਹੋਇਆ ਕਿ ਰੂਟੀਨ ਰੈਪਿਡ ਟੈਸਟਿੰਗ ਕਾਰਨ ਹੀ ਇਹ ਇਨਫੈਕਸ਼ਨ ਸਾਹਮਣੇ ਆ ਸਕਦੀ ਹੈ ਤੇ ਹੈਲਥ ਕੇਅਰ ਸੈਟਿੰਗਜ਼ ਤੇ ਸੀਨੀਅਰਜ਼ ਹੋਮਜ਼ ਵਿੱਚ ਆਊਟਬ੍ਰੇਕਸ ਹੋਣ ਤੋਂ ਰੋਕੇ ਜਾ ਸਕਦੇ ਹਨ।

ਯੂਐਚਐਨ ਵਿੱਚ ਇਨਫੈਕਸ਼ੀਅਸ ਡਜ਼ੀਜ਼ ਫਜ਼ੀਸ਼ੀਅਨ ਤੇ ਅਧਿਐਨ ਦੀ ਲੀਡ ਆਥਰ ਡਾ. ਦੀਪਲੀ ਕੁਮਾਰ ਨੇ ਆਖਿਆ ਕਿ ਅਸੀਂ ਉਨ੍ਹਾਂ ਨੂੰ ਜਲਦੀ ਲੱਭ ਕੇ ਆਈਸੋਲੇਟ ਕਰ ਸਕਦੇ ਸੀ। ਕੁਮਾਰ ਦੀ ਟੀਮ ਨੇ ਟੋਰਾਂਟੋ ਵਿੱਚ ਯੂਐਚਐਨ ਦੀਆਂ ਤਿੰਨ ਸਾਈਟਸ ਉੱਤੇ 1600 ਹੈਲਥ ਕੇਅਰ ਵਰਕਰਜ਼ ਨੂੰ ਰਕਰੂਟ ਕਰਕੇ ਉਨ੍ਹਾਂ ਦੇ ਲਗਾਤਾਰ ਪੀਸੀਆਰ ਟੈਸਟ ਕੀਤੇ। ਕੁਮਾਰ ਨੇ ਆਖਿਆ ਕਿ ਭਾਵੇਂ ਕੋਵਿਡ-19 ਐਂਟੀਬੌਡੀਜ਼ ਨਾਲ ਥੋੜ੍ਹੇ ਵਰਕਰਜ਼ ਹੀ ਪਾਜ਼ੀਟਿਵ ਆਏ ਹਨ ਪਰ ਜਿੰਨੇ ਵੀ ਆਏ ਹਨ ਉਹ ਵਾਇਰਸ ਨੂੰ ਟਰਾਂਸਮਿਟ ਕਰਨ ਦੀ ਪੂਰੀ ਸਮਰੱਥਾ ਰੱਖਦੇ ਹਨ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਇਨਫੈਕਸ਼ਨ ਦੇ ਸ਼ੁਰੂਆਤੀ ਦਿਨਾਂ ਵਿੱਚ ਵਾਇਰਲ ਲੋਡ ਬਹੁਤ ਜ਼ਿਆਦਾ ਸੀ।

ਹਾਲਾਂਕਿ ਮੈਡੀਕਲ ਕਮਿਊਨਿਟੀ ਵਿੱਚ ਏਸਿੰਪਟੋਮੈਟਿਕ ਟੈਸਟਿੰਗ ਲਈ ਵਿਵਾਦ ਅਜੇ ਵੀ ਜਾਰੀ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਏਸਿੰਪਟੋਮੈਟਿਕ ਲੋਕਾਂ ਦੀ ਟੈਸਟਿੰਗ ਦੀ ਇਸ ਸਮੇਂ ਕੋਈ ਸਿਫਾਰਿਸ਼ ਨਹੀਂ ਕੀਤੀ ਜਾਂਦੀ। ਇਸੇ ਤਰ੍ਹਾਂ ਅਮਰੀਕਾ ਦੇ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਵੀ ਏਸਿੰਪਟੋਮੈਟਿਕ ਲੋਕਾਂ ਦੀ ਟੈਸਟਿੰਗ ਦੀ ਸਲਾਹ ਨਹੀਂ ਦਿੱਤੀ ਜਾਂਦੀ।

# ਐਸਟ੍ਰਾਜ਼ੈਨੇਕਾ ਵੈਕਸੀਨ ਨੂੰ ਹਰੀ ਝੰਡੀ ਦੇਣ ਲਈ ਹਾਲ ਦੀ ਘੜੀ ਤਿਆਰ ਨਹੀਂ ਕੈਨੇਡਾ



ਓਟਵਾ, 18 ਫਰਵਰੀ (ਪੋਸਟ ਬਿਊਰੋ) : ਐਸਟ੍ਰਾਜ਼ੈਨੇਕਾ ਵੱਲੋਂ ਤਿਆਰ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦੇਣ ਬਾਰੇ ਅਜੇ ਹੈਲਥ ਕੈਨੇਡਾ ਕੋਈ ਫੈਸਲਾ ਨਹੀਂ ਕਰ ਪਾਈ ਹੈ ਜਦਕਿ ਦੋ ਹਫਤੇ ਪਹਿਲਾਂ ਏਜੰਸੀ ਵੱਲੋਂ ਇਹ ਸੰਕੇਤ ਦਿੱਤਾ ਗਿਆ ਸੀ ਕਿ ਇਸ ਬਾਰੇ ਜਲਦ ਹੀ ਫੈਸਲਾ ਲਿਆ ਜਾਵੇਗਾ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵੱਲੋਂ ਸੋਮਵਾਰ ਨੂੰ ਐਸਟ੍ਰਾਜ਼ੈਨੇਕਾ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਜੇ ਕੈਨੇਡਾ ਵੀ ਅਜਿਹਾ ਕਰਦਾ ਹੈ ਤਾਂ ਗਲੋਬਲ ਵੈਕਸੀਨ ਸ਼ੇਅਰਿੰਗ ਪ੍ਰੋਗਰਾਮ, ਜਿਸ ਨੂੰ ਕੋਵੈਕਸ ਵਜੋਂ ਜਾਣਿਆ ਜਾਂਦਾ ਹੈ, ਰਾਹੀਂ ਮਾਰਚ ਵਿੱਚ ਕੈਨੇਡਾ ਨੂੰ 500,000 ਡੋਜ਼ਾਂ ਹਾਸਲ ਹੋ ਸਕਦੀਆਂ ਹਨ। ਪਰ ਹੈਲਥ ਕੈਨੇਡਾ ਬ੍ਰਿਟੇਨ ਸਥਿਤ ਇਸ ਕੰਪਨੀ ਦੇ ਵੈਕਸੀਨ ਸਬੰਧੀ ਕਲੀਨਿਕਲ ਡਾਟਾ ਬਾਰੇ ਤਸੱਲੀ ਕਰਨੀ ਚਾਹੁੰਦੀ ਹੈ।

ਡਿਪਾਰਟਮੈਂਟ ਦੀ ਤਰਜਮਾਨ ਕੈਥਲੀਨ ਮੈਰੀਨਰ ਨੇ ਦੱਸਿਆ ਕਿ ਹੈਲਥ ਕੈਨੇਡਾ ਆਪਣੇ ਮੁਲਾਂਕਣ ਨੂੰ ਮੁਕੰਮਲ ਕਰਨ ਲਈ ਲੋੜੀਂਦੀ ਜਾਣਕਾਰੀ ਹਾਸਲ ਕਰਨ ਵਾਸਤੇ ਐਸਟ੍ਰਾਜ਼ੈਨੇਕਾ ਨਾਲ ਕੰਮ ਕਰਨਾ ਜਾਰੀ ਰੱਖੇਗੀ। ਹਾਲਾਂਕਿ ਇਹ ਉਮੀਦ ਸੀ ਕਿ ਕੈਨੇਡਾ ਵਿੱਚ ਜਿਸ ਤੀਜੀ ਵੈਕਸੀਨ ਨੂੰ ਮਨਜ਼ੂਰੀ ਮਿਲੇਗੀ ਉਹ ਐਸਟ੍ਰਾਜ਼ੇਨੇਕਾ ਹੋ ਸਕਦੀ ਹੈ ਪਰ ਹੁਣ ਇੰਜ ਲੱਗ ਰਿਹਾ ਹੈ ਕਿ ਜੌਹਨਸਨ ਐਂਡ ਜੌਹਨਸਨ ਦੀ ਵੈਕਸੀਨ ਬਾਜ਼ੀ ਮਾਰ ਜਾਵੇਗੀ।

ਅਮਰੀਕਾ ਵਿੱਚ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ 26 ਫਰਵਰੀ ਨੂੰ ਇਸ ਵੈਕਸੀਨ ਨੂੰ ਮਨਜ਼ੂਰੀ ਦੇਣ ਲਈ ਮੀਟਿੰਗ ਕਰੇਗੀ ਤੇ ਯੂਰਪੀਅਨ ਮੈਡੀਸਿਨਜ਼ ਏਜੰਸੀ ਇਸ ਸਬੰਧ ਵਿੱਚ ਮਾਰਚ ਦੇ ਸ਼ੁਰੂ ਵਿੱਚ ਫੈਸਲਾ ਲਵੇਗੀ। ਇਸ ਦੌਰਾਨ ਹੈਲਥ ਕੈਨੇਡਾ ਵੈਕਸੀਨ ਦੇ ਮੁਲਾਂਕਣ ਬਾਰੇ ਦੋਵਾਂ ਨਾਲ ਤਾਲਮੇਲ ਕਰਕੇ ਚੱਲ ਰਹੀ ਹੈ। ਕੋਵੈਕਸ ਰਾਹੀਂ ਐਸਟ੍ਰਾਜ਼ੈਨੇਕਾ ਦੀਆਂ ਡੋਜ਼ਾਂ ਹਾਸਲ ਕਰਨ ਤੋਂ ਇਲਾਵਾ ਕੈਨੇਡਾ ਨੇ 20 ਮਿਲੀਅਨ ਡੋਜ਼ਾਂ ਸਿੱਧੀਆਂ ਕੰਪਨੀ ਤੋਂ ਖਰੀਦੀਆਂ ਹਨ ਤੇ 10 ਮਿਲੀਅਨ ਡੋਜ਼ਾਂ ਜੌਹਨਸਨ ਐਂਡ ਜੌਹਨਸਨ ਤੋਂ ਖਰੀਦੀਆਂ ਹਨ। ਜੇ ਇਨ੍ਹਾਂ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਨ੍ਹਾਂ ਦੀ ਡਲਿਵਰੀ ਬਹਾਰ ਤੱਕ ਹੋਣੀ ਸ਼ੁਰੂ ਹੋ ਜਾਵੇਗੀ।

# ਡਿਟੇਲ ਵਿੱਚ ਵੈਕਸੀਨ ਪਲੈਨ ਜਾਰੀ ਕਰਨ ਲਈ ਅਜੇ ਤਿਆਰ ਨਹੀਂ ਓਨਟਾਰੀਓ : ਐਲੀਅਟ




ਓਨਟਾਰੀਓ, 18 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੀ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਦਾ ਕਹਿਣਾ ਹੈ ਕਿ ਕੋਵਿਡ-19 ਵੈਕਸੀਨ ਦੀ ਸਪਲਾਈ ਸਬੰਧੀ ਘਾਟ ਦੇ ਚੱਲਦਿਆਂ ਪ੍ਰੋਵਿੰਸ ਵੈਕਸੀਨ ਦੀ ਵੰਡ ਸਬੰਧੀ ਡਿਟੇਲ ਪਲੈਨ ਜਾਰੀ ਕਰਨ ਲਈ ਤਿਆਰ ਨਹੀਂ ਹੈ।

ਐਲੀਅਟ ਨੇ ਆਖਿਆ ਕਿ ਪ੍ਰੋਵਿੰਸ ਜਾਣਦਾ ਹੈ ਕਿ ਉਨ੍ਹਾਂ ਵੱਲੋਂ ਕਿਸ ਉਮਰ ਵਰਗ ਦਾ ਸੱਭ ਤੋਂ ਪਹਿਲਾਂ ਟੀਕਾਕਰਣ ਕੀਤਾ ਜਾਣਾ ਹੈ ਪਰ ਇਸ ਬਾਰੇ ਕੋਈ ਐਲਾਨ ਇਸ ਲਈ ਹੀ ਨਹੀਂ ਕੀਤਾ ਜਾ ਰਿਹਾ ਕਿਉਂਕਿ ਅਜੇ ਤੱਕ ਭਰੋਸੇਯੋਗ ਸਪਲਾਈ ਚੇਨ ਹੀ ਨਹੀਂ ਹੈ। ਐਲੀਅਟ ਨੇ ਆਖਿਆ ਕਿ ਜਦੋਂ ਤੱਕ ਵੈਕਸੀਨ ਸਟੌਕ ਤਸੱਲੀਬਖ਼ਸ਼ ਨਹੀਂ ਹੋ ਜਾਂਦਾ ਪ੍ਰੋਵਿੰਸ ਇਹੋ ਜਿਹੀਆਂ ਟਾਈਮਲਾਈਨਜ਼ ਜਾਰੀ ਨਹੀਂ ਕਰ ਸਕਦੀ ਜਿਨ੍ਹਾਂ ਨੂੰ ਹਾਸਲ ਹੀ ਨਾ ਕੀਤਾ ਜਾ ਸਕੇ।

ਉਨ੍ਹਾਂ ਆਖਿਆ ਕਿ ਤੀਜੀ ਵੈਕਸੀਨ, ਜੋ ਕਿ ਐਸਟ੍ਰਾਜ਼ੇਨੇਕਾ ਵੱਲੋਂ ਤਿਆਰ ਕੀਤੀ ਗਈ ਹੈ, ਨੂੰ ਅਜੇ ਤੱਕ ਫੈਡਰਲ ਸਰਕਾਰ ਵੱਲੋਂ ਮਨਜ਼ੂਰੀ ਦਿੱਤੀ ਜਾਣੀ ਬਾਕੀ ਹੈ। ਇਸ ਤੋਂ ਬਾਅਦ ਪ੍ਰੋਵਿੰਸ ਦੇ ਟੀਚੇ ਬਦਲ ਜਾਣਗੇ। ਦੋ ਮਹੀਨੇ ਬਾਅਦ ਕੁਈਨਜ਼ ਪਾਰਕ ਵਿੱਚ ਪਹਿਲੇ ਪ੍ਰਸ਼ਨ ਕਾਲ ਦੌਰਾਨ ਸਵਾਲਾਂ ਦੇ ਜਵਾਬ ਦਿੰਦਿਆਂ ਐਲੀਅਟ ਨੇ ਉਕਤ ਗੱਲਾਂ ਆਖੀਆਂ। ਇਸ ਦੌਰਾਨ ਇੱਕ ਨਵੇਂ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਕੈਨੇਡੀਅਨ ਵੈਕਸੀਨ ਡਲਿਵਰੀ ਵਿੱਚ ਹੋਣ ਵਾਲੀ ਦੇਰ ਲਈ ਪ੍ਰੋਵਿੰਸ਼ੀਅਲ ਸਰਕਾਰਾਂ ਦੀ ਥਾਂ ਫੈਡਰਲ ਸਰਕਾਰ ਨੂੰ ਕਸੂਰਵਾਰ ਮੰਨਦੇ ਹਨ।

ਪ੍ਰੋਵਿੰਸਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਹਫਤਿਆਂ ਵਿੱਚ ਉਹ ਆਪਣੀ ਵੈਕਸੀਨ ਵੰਡ ਦੇ ਪਸਾਰ ਲਈ ਆਨਲਾਈਨ ਬੁਕਿੰਗ ਸਿਸਟਮ ਤਿਆਰ ਕਰ ਰਹੇ ਹਨ।

# ਜਾਰਜਟਾਊਨ ਵਿੱਚ ਘਰ ਨੂੰ ਲੱਗੀ ਅੱਗ, ਦੋ ਹਲਾਕ



ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਜਾਰਜਟਾਊਨ, ਓਨਟਾਰੀਓ ਦੇ ਇੱਕ ਘਰ ਵਿੱਚ ਲੱਗੀ ਅੱਗ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ।

ਅੱਗ ਲੱਗਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਐਮਰਜੰਸੀ ਅਮਲੇ ਨੂੰ ਸਵੇਰੇ 5:30 ਵਜੇ ਦੇ ਨੇੜੇ ਤੇੜੇ 8 ਲਾਈਨ ਤੇ 10 ਸਾਈਡ ਰੋਡ ਕੋਲ ਹਿੱਡਨ ਲੇਕ ਟਰੇਲ ਉੱਤੇ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਦੇ ਸਬੰਧ ਵਿੱਚ ਸੱਦਿਆ ਗਿਆ। ਬੁੱਧਵਾਰ ਦੁਪਹਿਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਹਾਲਟਨ ਪੁਲਿਸ ਨੇ ਆਖਿਆ ਕਿ ਪੁਲਿਸ ਦੇ ਮੌਕੇ ਉੱਤੇ ਪਹੁੰਚਣ ਉੱਤੇ ਸਾਰਾ ਘਰ ਬੁਰੀ ਤਰ੍ਹਾਂ ਅੱਗ ਦੀਆਂ ਲਪਟਾਂ ਵਿੱਚ ਘਿਰਿਆ ਹੋਇਆ ਸੀ। ਘਰ ਦੇ ਅੰਦਰੋਂ ਦੋ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ।

ਪੁਲਿਸ ਨੇ ਆਖਿਆ ਕਿ ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ ਤੇ ਓਨਟਾਰੀਓ ਫਾਇਰ ਮਾਰਸ਼ਲ ਨੂੰ ਜਾਂਚ ਵਿੱਚ ਮਦਦ ਲਈ ਸੰਪਰਕ ਵੀ ਕੀਤਾ ਜਾ ਚੁੱਕਿਆ ਹੈ। ਮ੍ਰਿਤਕਾਂ ਦੇ ਸਬੰਧ ਵਿੱਚ ਕੋਈ ਹੋਰ ਜਾਣਕਾਰੀ ਅਜੇ ਮੁਹੱਈਆ ਨਹੀਂ ਕਰਵਾਈ ਗਈ। ਜਾਂਚਕਾਰਾਂ ਦਾ ਕਹਿਣਾ ਹੈ ਕਿ ਅੱਗ ਲੱਗਣ ਦੇ ਕਾਰਨਾਂ ਦਾ ਵੀ ਪਤਾ ਨਹੀਂ ਲਾਇਆ ਜਾ ਸਕਿਆ।

# ਟੋਰਾਂਟੋ ਦੇ ਡਾਊਨਟਾਊਨ ਪਾਰਕ ਵਿੱਚ ਲੱਗੀ ਅੱਗ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ

ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਡਾਊਨਟਾਊਨ ਪਾਰਕ ਵਿੱਚ ਮੌਜੂਦ ਡੇਰੇ ਵਿੱਚ ਲੱਗੀ ਅੱਗ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਅੱਗ ਬੁੱਧਵਾਰ ਸਵੇਰੇ 6:15 ਵਜੇ ਐਡੀਲੇਡ ਤੇ ਪਾਰਲੀਆਮੈਂਟ ਸਟਰੀਟ ਨੇੜੇ ਪਾਰਕ ਵਿੱਚ ਲੱਗੀ। ਅਧਿਕਾਰੀਆਂ ਨੇ ਆਖਿਆ ਕਿ ਬੇਘਰੇ ਲੋਕਾਂ ਲਈ ਬਣੇ ਡੇਰੇ ਵਿੱਚ ਇੱਕ ਆਰਜ਼ੀ ਲੱਕੜ ਦਾ ਸ਼ੈਲਟਰ ਬਣਿਆ ਹੋਇਆ ਸੀ, ਜਿਸ ਨੂੰ ਅੱਗ ਲੱਗ ਗਈ। ਅੱਗ ਬੁਝਾਉਣ ਤੋਂ ਬਾਅਦ ਅਧਿਕਾਰੀਆਂ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲੀ। ਟੋਰਾਂਟੋ ਦੇ ਕਾਰਜਕਾਰੀ ਫਾਇਰ ਚੀਫ ਜਿੰਮ ਜੈਸਪ ਨੇ ਆਖਿਆ ਕਿ ਸਿਟੀ ਦਾ ਮੈਸੇਜ ਬਿਲਕੁਲ ਸਪਸ਼ਟ ਹੈ- ਰਹਿਣ ਲਈ ਇਸ ਤਰ੍ਹਾਂ ਦੇ ਆਰਜ਼ੀ ਪ੍ਰਬੰਧ ਸੁਰੱਖਿਅਤ ਨਹੀਂ ਹਨ।

ਜੈਸਪ ਨੇ ਆਖਿਆ ਕਿ 2019 ਤੇ 2020 ਦਰਮਿਆਨ ਇਸ ਤਰ੍ਹਾਂ ਅੱਗ ਲੱਗਣ ਦੇ ਮਾਮਲੇ ਵਿੱਚ 250 ਫੀ ਸਦੀ ਵਾਧਾ ਵੇਖਣ ਨੂੰ ਮਿਲਿਆ ਹੈ। 2021 ਵਿੱਚ ਇਸ ਤਰ੍ਹਾਂ ਦੇ ਡੇਰੇ ਵਿੱਚ ਇਹ ਅੱਗ ਲੱਗਣ ਦਾ 27ਵਾਂ ਮਾਮਲਾ ਹੈ। ਉਨ੍ਹਾਂ ਆਖਿਆ ਕਿ ਮੰਦਭਾਗੀ ਗੱਲ ਇਹ ਹੈ ਕਿ ਇੱਕ ਘਾਤਕ ਘਟਨਾ ਹੋਰ ਵਾਪਰ ਗਈ।

ਟੋਰਾਂਟੋ ਫਾਇਰ ਚੀਫ ਮੈਥਿਊ ਪੈਗ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਟੋਰਾਂਟੋ ਪੁਲਿਸ ਮਾਰੇ ਗਏ ਵਿਅਕਤੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਅੱਜ ਨਾਮਾ

ਹੋਈਆਂ ਚੋਣਾਂ, ਨਤੀਜੇ ਸਨ ਜਦੋਂ ਆਏ,
ਮਸਲਾ ਇਹ ਤਾਂ ਪੰਜਾਬ ਦੇ ਤੀਕ ਹੈਸੀ।
ਕੋਈ ਜਿੱਤਿਆ, ਕਿਸੇ ਬਈ ਹਾਰਨਾ ਸੀ,
ਹਾਰਨ ਵਾਲੇ ਨੂੰ ਲੱਗਾ ਨਹੀਂ ਠੀਕ ਹੈਸੀ।
ਹੋਈ ਹਿੰਸਾ ਨਹੀਂ ਖਾਸ ਸੀ ਏਸ ਵਾਰੀ,
ਨਿਕਲੀ ਸੁੱਖ ਨਾਲ ਚੋਣ ਤਰੀਕ ਹੈ ਸੀ।
ਆਈ ਕੇਂਦਰ ਤੋਂ ਗੁੱਝੀ ਹੈ ਪ੍ਰਤੀ-ਕ੍ਰਿਆ,
ਜਿਸ ਦੀ ਕੱਲ੍ਹ ਦੀ ਬਹੁਤ ਉਡੀਕ ਹੈਸੀ।
ਲੱਗ ਗਈ ਚਿਤਵਣੀ ਭਾਜਪਾ ਲੀਡਰਾਂ ਨੂੰ,
ਕਿਸਾਨੀ ਮੁੱਦੇ ਦਾ ਪੈ ਗਿਆ ਅਸਰ ਬੇਲੀ।
ਇਹੋ ਹਾਲਤ ਜੇ ਜਾਰੀ ਰਹੀ ਦੇਸ਼ ਅੰਦਰ,
ਯੂ ਪੀ ਅੰਦਰ ਇਹ ਕੱਢੂਗੀ ਕਸਰ ਬੇਲੀ।

**ਤੀਸ ਮਾਰ ਖਾਂ**

# ਮਨੁੱਖੀ ਸਮਗਲਿੰਗ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ




ਓਨਟਾਰੀਓ, 18 ਫਰਵਰੀ (ਪੋਸਟ ਬਿਊਰੋ) : 17 ਫਰਵਰੀ, 2021 ਨੂੰ ਇੱਕ 18 ਸਾਲਾ ਲੜਕੀ ਸਾਹਮਣੇ ਆਈ ਤੇ ਉਸਨੇ ਦੱਸਿਆ ਕਿ ਇੱਕ ਵਿਅਕਤੀ ਨੇ ਉਸ ਨੂੰ ਜ਼ਬਰਦਸਤੀ ਜਿਸਮ ਫਰੋਸ਼ੀ ਦੇ ਕੰਮ ਵਿੱਚ ਧੱਕਿਆ। ਉਸ ਲੜਕੀ ਨੇ ਦੱਸਿਆ ਕਿ ਮਸ਼ਕੂਕ ਨਾਲ ਉਸ ਦੀ ਮੁਲਾਕਾਤ ਆਨਲਾਈਨ ਕਲਾਸੀਫਾਈਡਜ਼ ਐਡ ਰਾਹੀਂ ਹੋਈ। ਮਸ਼ਕੂਕ ਨੇ ਕਥਿਤ ਤੌਰ ਉੱਤੇ ਇਸ ਲੜਕੀ ਦਾ ਪੂਰੇ ਜੀਟੀਏ ਵਿੱਚ ਸ਼ੋਸ਼ਣ ਕੀਤਾ।

ਇਸ ਸਬੰਧ ਵਿੱਚ ਓਸ਼ਵਾ ਦੇ 29 ਸਾਲਾ ਸਟੀਵਨ ਪੌਂਸ ਨੂੰ ਹਮਲੇ, 5000 ਡਾਲਰ ਤੋਂ ਘੱਟ ਦੀ ਸ਼ਰਾਰਤ ਕਰਨਾ, ਜਿਨਸੀ ਸੇਵਾਵਾਂ ਰਾਹੀਂ ਲਾਹਾ ਲੈਣ, 18 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਦੀ ਸਮਗਲਿੰਗ ਤੋਂ ਫਾਇਦਾ ਲੈਣਾ, ਕਿਸੇ ਤੋਂ ਜ਼ਬਰਦਸਤੀ ਦੇਹ ਵਪਾਰ ਕਰਵਾਉਣ, ਕਿਸੇ ਨਾਲ ਜਬਰ ਜਿਨਾਹ ਕਰਨ ਸਮੇਤ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਸ ਨੂੰ ਅੱਜ ਜ਼ਮਾਨਤ ਦੀ ਸੁਣਵਾਈ ਲਈ ਪੇਸ਼ ਕੀਤਾ ਜਾਵੇਗਾ। ਪੁਲਿਸ ਵੱਲੋਂ ਉਸ ਦੀ ਇੱਕ ਤਸਵੀਰ ਜਾਰੀ ਕੀਤੀ ਗਈ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਹੋਰ ਵਿਅਕਤੀ ਨੂੰ ਉਸ ਨੇ ਆਪਣਾ ਸ਼ਿਕਾਰ ਤਾਂ ਨਹੀਂ ਬਣਾਇਆ।

# ਮਹਾਂਮਾਰੀ ਦੌਰਾਨ ਵਿਧਾਇਕਾਂ ਦੀਆਂ ਤਨਖਾਹਾਂ ਘਟਾਉਣ ਲਈ ਬਿੱਲ ਪੇਸ਼



ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਵਿਧਾਇਕਾਂ ਨੇ ਬੁੱਧਵਾਰ ਨੂੰ ਮਹਾਂਮਾਰੀ ਦਰਮਿਆਨ ਇੱਕ ਸਿਆਸਤਦਾਨ ਦੀ ਤਨਖਾਹ ਘਟਾਉਣ ਦੇ ਪੱਖ ਵਿੱਚ ਵੋਟ ਪਾਈ। ਅਜਿਹਾ ਉਸ ਸਮੇਂ ਹੋਇਆ ਜਦੋਂ ਇਸੇ ਸਿਆਸਤਦਾਨਾਂ ਵੱਲੋਂ ਸਾਰੇ ਮੈਂਬਰਾਂ ਦੀ ਤਨਖਾਹ ਘਟਾਉਣ ਦਾ ਪ੍ਰਸਤਾਵ ਪੇਸ਼ ਕੀਤਾ ਸੀ।

ਸਪੀਕਰ ਟੈੱਡ ਆਰਨੌਟ ਨੇ ਇਸ ਮਤੇ ਨੂੰ ਬੇਤੁਕਾ ਦੱਸਦਿਆਂ ਆਖਿਆ ਕਿ ਵਿਧਾਇਕਾਂ ਦੀ ਤਨਖਾਹ ਵਿੱਚ ਕਟੌਤੀ ਬਿੱਲ ਲਿਆ ਕੇ ਹੀ ਕੀਤੀ ਜਾ ਸਕਦੀ ਹੈ। ਸਾਬਕਾ ਪ੍ਰੋਗਰੈਸਿਵ ਕੰਜ਼ਰਵੇਟਿਵ ਰੋਮਨ ਬਾਬਰ, ਜੋ ਕਿ ਹੁਣ ਆਜ਼ਾਦਾਨਾ ਤੌਰ ਉੱਤੇ ਵਿਚਰਦਾ ਹੈ, ਨੇ ਸਰਕਾਰ ਦੇ ਹਾਊਸ ਲੀਡਰ ਉੱਤੇ ਦੋਸ਼ ਲਾਉਂਦਿਆਂ ਕਿਹਾ ਕਿ ਮੌਜੂਦਾ ਹਾਲਾਤ ਨਾਲ ਇੱਕ ਪਾਸੇ ਜਿੱਥੇ ਓਨਟਾਰੀਓ ਵਾਸੀ ਸੰਘਰਸ਼ ਕਰ ਰਹੇ ਹਨ ਉੱਥੇ ਹੀ ਉਹ ਹਾਲਾਤ ਨੂੰ ਹਲਕਿਆਂ ਵਿੱਚ ਲੈ ਰਹੇ ਹਨ। ਪਰ ਹਾਊਸ ਲੀਡਰ ਪਾਲ ਕੈਲੈਂਡਰਾ ਨੇ ਆਖਿਆ ਕਿ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਉਨ੍ਹਾਂ ਨੂੰ ਬਿਨਾਂ ਢੁਕਵੀਂ ਬਹਿਸ ਕਰਵਾਇਆਂ ਬਿੱਲ ਪਾਸ ਕਰਨੇ ਪੈ ਰਹੇ ਹਨ। ਜ਼ਿਕਰਯੋਗ ਹੈ ਕਿ ਬਾਬਰ ਨੇ ਹਰ ਹਫਤੇ ਮੈਂਬਰਾਂ ਦੀਆਂ ਤਨਖਾਹਾਂ ਵਿੱਚ 500 ਡਾਲਰ ਦੀ ਕਟੌਤੀ ਕਰਨ ਲਈ ਬਿੱਲ ਪੇਸ਼ ਕੀਤਾ ਸੀ। ਇਹ ਓਨੀ ਹੀ ਰਕਮ ਹੈ ਜਿੰਨੀ ਕਿ ਪਿਛਲੇ ਸਾਲ ਪਹਿਲੀ ਵੇਵ ਦੌਰਾਨ ਲਾਏ ਗਏ ਲਾਕਡਾਊਨਜ਼ ਦੌਰਾਨ ਕੰਮ ਤੋਂ ਹੱਥ ਧੁਆਉਣ ਵਾਲੇ ਕੈਨੇਡੀਅਨਾਂ ਲਈ ਉਪਲਬਧ ਕਰਵਾਈ ਗਈ ਫੈਡਰਲ ਮਦਦ ਸੀ।

# ਟੀਨੇਜ ਲੜਕੀ ਦੇ ਸਿਰ ਵਿੱਚ ਗੋਲੀ ਮਾਰਨ ਦੇ ਸਬੰਧ ਵਿੱਚ 17 ਸਾਲਾ ਲੜਕਾ ਗ੍ਰਿਫਤਾਰ




ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਪਿਛਲੇ ਹਫਤੇ ਇੱਕ 14 ਸਾਲਾ ਲੜਕੀ ਦੇ ਸਿਰ ਵਿੱਚ ਲੱਗੀ ਗੋਲੀ ਦੇ ਮਾਮਲੇ ਵਿੱਚ ਇੱਕ 17 ਸਾਲਾ ਲੜਕੇ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਲੜਕੇ ਦੀ ਪਹਿਲਾਂ ਭਾਲ ਕੀਤੀ ਗਈ ਤੇ ਫਿਰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਉੱਤੇ ਕਈ ਚਾਰਜਿਜ਼ ਲਾਏ ਗਏ ਹਨ ਜਿਵੇਂ ਕਿ

- ਨਜਾਇਜ਼ ਤੌਰ ਉੱਤੇ ਹਥਿਆਰ ਰੱਖਣਾ,
- ਜਾਣਦਿਆਂ ਬੁੱਝਦਿਆਂ ਗੈਰਅਧਿਕਾਰਕ ਹਥਿਆਰ ਰੱਖਣਾ,
- ਪਾਬੰਦੀਸ਼ੁਦਾ ਹਥਿਆਰ ਤੇ ਗੋਲੀ ਸਿੱਕਾ ਰੱਖਣਾ,
- ਲਾਪਰਵਾਹੀ ਨਾਲ ਹਥਿਆਰ ਜਮ੍ਹਾਂ ਕਰਨੇ,
- ਕਿਸੇ ਹੋਰ ਵਿਅਕਤੀ ਦੀ ਜ਼ਿੰਦਗੀ ਜਾਂ ਸੇਫਟੀ ਦੀ ਪਰਵਾਹ ਕੀਤੇ ਬਿਨਾਂ ਹਥਿਆਰ ਦੀ ਵਰਤੋਂ ਕਰਨਾ,
- ਗੁੱਸੇ ਵਿੱਚ ਹਮਲਾ ਕਰਨਾ,
- ਕਿਸੇ ਨੂੰ ਸ਼ਰੀਰਕ ਨੁਕਸਾਨ ਪਹੁੰਚਾਉਣ ਲਈ ਮੁਜਰਮਾਨਾਂ ਕਾਰਵਾਈ,
- ਰਲੀਜ਼ ਆਰਡਰਜ਼ ਦੀ ਪਾਲਣਾਂ ਵਿੱਚ ਦੋ ਵਾਰੀ ਅਸਫਲ ਰਹਿਣਾ

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਪਿਛਲੇ ਹਫਤੇ ਨੌਰਥ ਯੌਰਕ ਵਿੱਚ ਜਿਸ ਲੜਕੀ ਦੇ ਸਿਰ ਵਿੱਚ ਗੋਲੀ ਲੱਗੀ ਸੀ ਹੁਣ ਉਸ ਦੀ ਹਾਲਤ ਸਥਿਰ ਹੈ ਪਰ ਇਸ ਹਾਦਸੇ ਤੋਂ ਬਾਅਦ ਉਸ ਦੀ ਜ਼ਿੰਦਗੀ ਕਾਫੀ ਬਦਲ ਜਾਵੇਗੀ। ਲੜਕੀ ਦੇ ਪਿਤਾ ਨੇ ਦੱਸਿਆ ਕਿ ਹੁਣ ਉਨ੍ਹਾਂ ਦੀ ਬੱਚੀ ਨੂੰ ਆਈਸੀਯੂ ਤੋਂ ਬਾਹਰ ਲਿਆਂਦਾ ਜਾ ਚੁੱਕਿਆ ਹੈ ਤੇ ਉਹ ਹੋਸ਼ ਵਿੱਚ ਹੈ ਅਤੇ ਗੱਲਬਾਤ ਵੀ ਕਰ ਰਹੀ ਹੈ।

ਇਹ ਘਟਨਾ ਪਿਛਲੇ ਸ਼ੁੱਕਰਵਾਰ ਨੂੰ ਜੇਨ ਤੇ ਫਿੰਚ ਨੇੜੇ ਸਟੌਂਗ ਕੋਰਟ ਉੱਤੇ ਸਥਿਤ ਰਿਹਾਇਸ਼ੀ ਬਿਲਡਿੰਗ ਵਿੱਚ ਸਵੇਰੇ 3:00 ਵਜੇ ਵਾਪਰੀ ਸੀ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਪਾਇਆ ਕਿ ਲੜਕੀ ਦੇ ਸਿਰ ਵਿੱਚ ਗੋਲੀ ਲੱਗੀ ਸੀ। ਉਸ ਨੂੰ ਫੌਰਨ ਦ ਹਾਸਪਿਟਲ ਆਫ ਸਿੱਕ ਕਿੱਡਜ਼ ਲਿਜਾਇਆ ਗਿਆ। ਸ਼ੂਟਿੰਗ ਤੋਂ ਬਾਅਦ ਚਾਰ ਮਸ਼ਕੂਕ ਬਿਲਡਿੰਗ ਤੋਂ ਫਰਾਰ ਹੋ ਗਏ। ਜਾਂਚਕਾਰ ਅਜੇ ਵੀ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸਲ ਵਿੱਚ ਉਸ ਸਮੇਂ ਹੋਇਆ ਕੀ ਸੀ।

ਟਿਕੈਤ ਵੱਲੋਂ ਸਰਕਾਰ ਨੂੰ ਚਿਤਾਵਨੀ:

# ਲੋੜ ਪਈ ਤਾਂ ਦਿੱਲੀ ਵਿੱਚ 40 ਲੱਖ ਟਰੈਕਟਰਾਂ ਨਾਲ ਵੀ ਜਾਵਾਂਗੇ

* ਸਰਕਾਰ ਨੇ ਮਜ਼ਬੂਰ ਕੀਤਾ ਤਾਂ ਫਸਲਾਂ ਵੀ ਸਾੜ ਦੇਵਾਂਗੇ : ਟਿਕੈਤ



ਨਵੀਂ ਦਿੱਲੀ, 18 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਕਿਸਾਨ ਅੱਜ ਵੀਰਵਾਰ ਨੂੰ ਜਦੋਂ ਰੇਲ ਰੋਕੋ ਅੰਦੋਲਨ ਕਰਨ ਲਈ ਦੇਸ਼ ਦੀਆਂ ਵੱਖ-ਵੱਖ ਥਾਂਵਾਂ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚਪੱਟੜੀਆਂ ਉੱਤੇ ਬੈਠੇ ਹਨ, ਓਦੋਂ ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਆਪਣੀਆਂ ਮੰਗਾਂ ਬਾਰੇ ਕਿਹਾ ਕਿ 'ਕੇਂਦਰ ਸਰਕਾਰ ਕਿਸੇ ਗਲਤ ਧਾਰਨਾ ਵਿੱਚ ਨਾ ਰਹੇ ਕਿ ਕਿਸਾਨ ਫ਼ਸਲ ਦੀ ਵਾਢੀ ਲਈ ਵਾਪਸ ਆਪਣੇ ਘਰ ਚਲੇ ਜਾਣਗੇ, ਜੇ ਉਹ ਜ਼ੋਰ ਦਿੰਦੇ ਹਨ ਤਾਂ ਅਸੀਂ ਆਪਣੀਆਂ ਫ਼ਸਲਾਂ ਵੀ ਸਾੜ ਦੇਵਾਂਗੇ।'

ਹਰਿਆਣਾ ਦੇ ਖਰਕ ਪੁਨੀਆ ਵਿੱ-ਚਅੱਜ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦੇ ਵਕਤਰਾਕੇਸ਼ ਰਾਕੇਸ਼ ਟਿਕੈਤ ਨੇ ਕਿਹਾ, 'ਕੇਂਦਰ ਕਿਸੇ ਵੀ ਗਲਤ ਧਾਰਨਾ ਵਿੱਚ ਨਾ ਰਹੇ ਕਿ ਕਿਸਾਨ ਫ਼ਸਲ ਦੀ ਵਾਢੀ ਲਈ ਵਾਪਸ ਆਪਣੇ ਘਰ ਚਲੇ ਜਾਣਗੇ। ਜੇ ਉਨ੍ਹਾਂ ਨੇ ਜ਼ੋਰ ਦਿੱਤਾ ਤਾਂ ਅਸੀਂ ਆਪਣੀਆਂ ਫ਼ਸਲਾਂ ਵੀ ਸਾੜ ਦੇਵਾਂਗੇ। ਉਨ੍ਹਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਅੰਦੋਲਨ 2 ਮਹੀਨਿਆਂਤੱਕ ਖ਼ਤਮ ਹੋ ਜਾਵੇਗਾ। ਅਸੀਂ ਫ਼ਸਲ ਵੱਢਣ ਦੇ ਨਾਲ ਵੀ ਵਿਰੋਧ ਕਰਦੇ ਰਹਾਂਗੇ।' ਇਸ ਦੇ ਬਾਅਦ ਹਿਸਾਰ ਵਿੱਚ ਟਿਕੈਤ ਨੇ ਕਿਹਾ, 'ਸਾਡਾ ਅਗਲਾ ਟੀਚਾ 40 ਲੱਖ ਟਰੈਕਟਰਾਂ ਦੇ ਮਾਰਚ ਦਾ ਹੈ, ਦੇਸ਼ ਭਰ ਦੇ 40 ਲੱਖ ਟਰੈਕਟਰ ਇਕੱਠੇ ਕਰਾਂਗੇ। ਜ਼ਿਆਦਾ ਸਮੱਸਿਆ ਹੋਈ ਤਾਂ ਇਹ ਟਰੈਕਟਰ ਵੀ ਉਹੀ ਹਨ, ਇਹ ਕਿਸਾਨ ਵੀ ਉਹੀ ਹਨ, ਇਹ ਫਿਰ ਦਿੱਲੀ ਜਾਣਗੇ। ਇਸ ਵਾਰ ਹੱਲ ਕ੍ਰਾਂਤੀ ਹੋਵੇਗੀ, ਜਿਹੜੇ ਔਜ਼ਾਰ ਖੇਤ ਵਿੱਚਕੰਮ ਆਉਂਦੇ ਹਨ, ਉਹ ਸਾਰੇ ਦਿੱਲੀ ਵਿੱਚ ਜਾਣਗੇ।' ਟਿਕੈਤ ਦੀ ਇਸ ਧਮਕੀ ਦੀ ਹਰ ਪਾਸੇ ਚਰਚਾ ਛਿੜ ਗਈ ਹੈ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਜਾਰੀ ਕਿਸਾਨ ਅੰਦੋਲਨ ਦਾ ਅੱਜ 85ਵਾਂ ਦਿਨਵੀ ਲੰਘਗਿਆ ਹੈ।

# ਫੌਜੀ ਟੁਕੜੀਆਂ ਨੂੰ ਮੁੜ ਇਰਾਕ ਭੇਜਣ ਲਈ ਕੈਨੇਡਾ ਉੱਤੇ ਪਾਇਆ ਜਾ ਸਕਦਾ ਹੈ ਦਬਾਅ



ਓਟਵਾ, 18 ਫਰਵਰੀ (ਪੋਸਟ ਬਿਊਰੋ) : ਇਰਾਕ ਤੋਂ ਆਪਣੀਆਂ ਫੌਜੀ ਟੁਕੜੀਆਂ ਵਾਪਿਸ ਸੱਦ ਲਏ ਜਾਣ ਦੇ ਮਾਮਲੇ ਵਿੱਚ ਇਸ ਹਫਤੇ ਕੈਨੇਡਾ ਨੂੰ ਦਬਾਅ ਸਹਿਣਾ ਪੈ ਸਕਦਾ ਹੈ। ਅਜਿਹਾ ਇਸ ਲਈ ਕਿਉਂਕਿ ਨਾਟੋ ਦੇ ਫੌਜੀ ਗੱਠਜੋੜ ਵੱਲੋਂ ਦੇਸ਼ ਵਿੱਚ ਆਪਣੀ ਮੌਜੂਦਗੀ ਵਧਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਨਾਟੋ ਗੱਠਜੋੜ ਨੂੰ ਇਸਲਾਮਿਕ ਸਟੇਟ ਨਾਲ ਜੁੜੇ ਅੱਤਵਾਦੀਆਂ ਤੇ ਇਰਾਨ ਦੇ ਥਾਪੜੇ ਵਾਲੀ ਮਲੀਸ਼ੀਆ ਤੋਂ ਕਾਫੀ ਖਤਰਾ ਮਹਿਸੂਸ ਹੋ ਰਿਹਾ ਹੈ। ਨਾਟੋ ਦੇ ਸਕੱਤਰ ਜਨਰਲ ਜੈੱਸ ਸਟੋਲਨਬਰਗ ਵੱਲੋਂ ਇਸ ਹਫਤੇ ਇਹ ਪੇਸ਼ੀਨਿਗੋਈ ਕੀਤੀ ਸੀ ਕਿ ਸਾਰੇ ਗੱਠਜੋੜ ਦੇ ਰੱਖਿਆ ਮੰਤਰੀ ਹੋਰ ਟਰੇਨਰਜ਼ ਅਤੇ ਐਡਵਾਈਜ਼ਰਜ਼ ਨੂੰ ਤਾਇਨਾਤ ਕਰਨ ਨੂੰ ਮਨਜ਼ੂਰੀ ਦੇਣਗੇ ਤਾਂ ਕਿ ਇਰਾਕ ਦੀ ਇਸਲਾਮਿਕ ਸਟੇਟ ਅਤੇ ਲੈਵੈਂਟ ਨਾਲ ਲੜਨ ਵਿੱਚ ਮਦਦ ਕੀਤੀ ਜਾ ਸਕੇ।

ਰੱਖਿਆ ਮੰਤਰੀ ਹਰਜੀਤ ਸੱਜਣ ਵੀ ਦੋ ਦਿਨ ਹੋਣ ਵਾਲੀ ਇਸ ਬੰਦ ਦਰਵਾਜ਼ਾ ਮੀਟਿੰਗ ਵਿੱਚ ਹਿੱਸਾ ਲੈਣਗੇ। ਇਸ ਮੀਟਿੰਗ ਵਿੱਚ ਅਲਾਇੰਸ ਵਿੱਚ ਮੌਜੂਦ ਰੱਖਿਆ ਮੰਤਰੀ ਦੇ ਹਮਰੁਤਬਾ ਅਧਿਕਾਰੀ ਅਫਗਾਨਿਸਤਾਨ ਤੇ ਚੀਨ ਅਤੇ ਰੂਸ ਵੱਲੋਂ ਦਰਪੇਸ਼ ਚੁਣੌਤੀਆਂ ਬਾਰੇ ਵੀ ਵਿਚਾਰ ਵਟਾਂਦਰਾ ਕਰਨਗੇ। ਸੋਮਵਾਰ ਨੂੰ ਇੱਕ ਨਿਊਜ਼ ਕਾਨਫਰੰਸ ਦੌਰਾਨ ਸਟੋਲਨਬਰਗ ਨੇ ਆਖਿਆ ਕਿ ਉਹ ਉਮੀਦ ਕਰਦੇ ਹਨ ਕਿ ਮੰਤਰੀ ਮਿਸ਼ਨ ਦੇ ਪਸਾਰ ਲਈ ਰਾਜ਼ੀ ਹੋਣਗੇ। ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਕਰਮਚਾਰੀਆਂ ਨੂੰ ਟਰੇਨਿੰਗ ਦੇਣ ਤੇ ਵਧੇਰੇ ਸਕਿਊਰਿਟੀ ਇੰਸਟੀਚਿਊਸ਼ਨਜ਼ ਨੂੰ ਸਲਾਹ ਮਸ਼ਵਰਾ ਦੇਣ ਲਈ ਵੀ ਰਾਜ਼ੀ ਹੋਣਗੇ। ਅਜਿਹੇ ਹਾਲਾਤ ਵਿੱਚ ਹੌਲੀ ਹੌਲੀ ਮਿਸ਼ਨ ਦਾ ਪਸਾਰ ਹੋਵੇਗਾ। ਇਸ ਸਬੰਧ ਵਿੱਚ ਇਰਾਕੀ ਸਰਕਾਰ ਦੀ ਗੁਜ਼ਾਰਿਸ਼ ਦਾ ਮਾਣ ਵੀ ਰੱਖਿਆ ਜਾਵੇਗਾ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਆਈਐਸਆਈਐਲ ਦੁਬਾਰਾ ਸਿਰ ਨਾ ਚੁੱਕ ਸਕੇ। ਇਸ ਪ੍ਰਸਤਾਵਿਤ ਪਸਾਰ ਨਾਲ ਨਾਟੋ ਦੇ ਮੌਜੂਦਾ ਟਰੇਨਿੰਗ ਮਿਸ਼ਨ ਲਈ ਨਿਰਧਾਰਤ ਫੌਜੀ ਟੁਕੜੀਆਂ ਵਿੱਚ ਵਾਧਾ ਵੀ ਹੋ ਸਕਦਾ ਹੈ ਤੇ ਨਤੀਜਤਨ ਕੈਨੇਡਾ ਉੱਤੇ ਵੀ ਫੌਜੀ ਟੁਕੜੀਆਂ ਇਸ ਮਿਸ਼ਨ ਲਈ ਇਰਾਕ ਭੇਜਣ ਵਾਸਤੇ ਦਬਾਅ ਪਾਇਆ ਜਾ ਸਕਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਅਜੇ ਪਿਛਲੇ ਸਾਲ ਹੀ ਕੈਨੇਡਾ ਨੇ ਇਰਾਕ ਤੋਂ ਆਪਣੀਆਂ 200 ਫੌਜੀ ਟੁਕੜੀਆਂ ਵਾਪਿਸ ਮੰਗਵਾਈਆਂ ਸਨ।

# ਕੋਵੈਕਸ ਵੈਕਸੀਨ ਪ੍ਰੋਗਰਾਮ ਲਈ 4 ਬਿਲੀਅਨ ਡਾਲਰ ਡੋਨੇਸ਼ਨ ਦੇਣ ਦਾ ਐਲਾਨ ਕਰ ਸਕਦੇ ਹਨ ਬਾਇਡਨ



ਵਾਸ਼ਿੰਗਟਨ, 18 ਫਰਵਰੀ (ਪੋਸਟ ਬਿਊਰੋ) : ਬਾਇਡਨ ਪ੍ਰਸ਼ਾਸਨ ਵੱਲੋਂ ਗਰੀਬ ਦੇਸ਼ਾਂ ਲਈ ਕਰੋਨਾਵਾਇਰਸ ਵੈਕਸੀਨੇਸ਼ਨ ਪ੍ਰੋਗਰਾਮ ਲਈ 4 ਬਿਲੀਅਨ ਅਮਰੀਕੀ ਡਾਲਰ ਦੇਣ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਇਹ ਖੁਲਾਸਾ ਅਮਰੀਕੀ ਅਧਿਕਾਰੀਆਂ ਵੱਲੋਂ ਕੀਤਾ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਸ਼ੁੱਕਰਵਾਰ ਨੂੰ ਹੋਣ ਜਾ ਰਹੀ ਜੀ-7 ( ਸੱਤ ਐਡਵਾਂਸ ਅਰਥਚਾਰਿਆਂ ਦੇ ਗਰੁੱਪ ) ਆਗੂਆਂ ਦੀ ਆਪਣੀ ਪਹਿਲੀ ਮੀਟਿੰਗ ਵਿੱਚ ਕੋਵੈਕਸ ਪ੍ਰੋਗਰਾਮ, ਜਿਸ ਦੀ ਸਹਿ ਅਗਵਾਈ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਵੱਲੋਂ ਕੀਤੀ ਜਾ ਰਹੀ ਹੈ, ਲਈ ਫੌਰੀ 2 ਬਿਲੀਅਨ ਡਾਲਰ ਡੋਨੇਸ਼ਨ ਦੇਣ ਦਾ ਐਲਾਨ ਕਰ ਸਕਦੇ ਹਨ। ਕੋਵੈਕਸ ਪ੍ਰੋਗਰਾਮ ਦੁਨੀਆ ਭਰ ਵਿੱਚ ਕਰੋਨਾਵਾਇਰਸ ਵੈਕਸੀਨ ਦੀ ਸਹੀ ਸਪਲਾਈ ਯਕੀਨੀ ਬਣਾਉਣ ਲਈ ਸ਼ੁਰੂ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਆਖਿਆ ਕਿ ਅਮਰੀਕਾ ਬਾਕੀ ਰਹਿੰਦੇ 2 ਬਿਲੀਅਨ ਡਾਲਰ ਅਗਲੇ ਦੋ ਸਾਲਾਂ ਵਿੱਚ ਮੁਹੱਈਆ ਕਰਾਵੇਗਾ। ਉਸ ਸਮੇਂ ਤੱਕ ਹੋਰ ਦੇਸ਼ ਵੀ ਆਪਣੇ ਵਾਅਦੇ ਕਰਕੇ ਉਨ੍ਹਾਂ ਨੂੰ ਨਿਭਾਉਣ ਵੱਲ ਵੱਧ ਰਹੇ ਹੋਣਗੇ। ਅਮਰੀਕਾ ਦੀ ਇਸ ਫੰਡਿੰਗ ਨੂੰ ਪਹਿਲਾਂ ਹੀ ਕਾਂਗਰਸ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਬਾਇਡਨ ਵੱਲੋਂ ਚੁੱਕਿਆ ਜਾ ਰਿਹਾ ਇਹ ਕਦਮ ਸਾਬਕਾ ਰਾਸ਼ਟਰਪਤੀ ਟਰੰਪ ਤੋਂ ਬਿਲਕੁਲ ਉਲਟ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਡਬਲਿਊਐਚਓ ਤੋਂ ਇਹ ਆਖਦਿਆਂ ਹੋਇਆਂ ਕਿਨਾਰਾ ਕਰਨ ਦੀ ਧਮਕੀ ਦਿੱਤੀ ਸੀ ਕਿ ਉਹ ਚੀਨ ਦੇ ਕਾਫੀ ਨੇੜੇ ਹੈ ਤੇ ਚੀਨ ਵਿੱਚ ਹੀ 2019 ਦੇ ਅੰਤ ਵਿੱਚ ਕਰੋਨਾਵਾਇਰਸ ਪੈਦਾ ਹੋਇਆ।

ਕੋਵੈਕਸ ਵੱਲੋਂ 2021 ਦੇ ਅੰਤ ਤੱਕ ਗਰੀਬ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਦੀ 20 ਫੀ ਸਦੀ ਆਬਾਦੀ ਨੂੰ 2021 ਦੇ ਅੰਤ ਤੱਕ ਕਵਰ ਕਰਨ ਲਈ 2 ਬਿਲੀਅਨ ਵੈਕਸੀਨ ਡੋਜ਼ਾਂ ਡਲਿਵਰ ਕਰਨ ਦਾ ਟੀਚਾ ਮਿਥਿਆ ਗਿਆ ਹੈ। ਫੰਡਾਂ ਦੀ ਘਾਟ ਕਾਰਨ ਇਸ ਪ੍ਰੋਗਰਾਮ ਦੇ ਅਸਫਲ ਹੋਣ ਦਾ ਖਤਰਾ ਵੀ ਬਣਿਆ ਹੋਇਆ ਹੈ। ਇਸ ਪ੍ਰੋਗਰਾਮ ਦੇ ਸਹਿ-ਸੰਚਾਲਕ ਗੈਵੀ ਵੈਕਸੀਨ ਅਲਾਇੰਸ ਨੇ ਇਹ ਵੀ ਆਖਿਆ ਕਿ ਹੈ ਕਿ ਇਸ ਪ੍ਰੋਗਰਾਮ ਨੂੰ ਸਫਲ ਕਰਨ ਲਈ ਫੰਡਾਂ ਦੇ ਨਾਲ ਨਾਲ ਸਿਆਸੀ ਸਹਿਯੋਗ ਦੀ ਵੀ ਲੋੜ ਹੈ।

# ਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ ਦੀ ਗੋਲੀ ਮਾਰ ਕੇ ਹੱਤਿਆ

ਫਰੀਦਕੋਟ, 18 ਫਰਵਰੀ, (ਪੋਸਟ ਬਿਊਰੋ)- ਇਸ ਜ਼ਿਲੇਦੀਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਉਨ੍ਹਾਂ ਨੂੰ ਗੰਭੀਰ ਜ਼ਖਮੀ ਹਾਲਤ ਵਿੱਚ ਹਸਪਤਾਲ ਪੁਚਾਇਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਇਸ ਘਟਨਾ ਨਾਲ ਸ਼ਹਿਰ ਵਿੱਚ ਸਨਸਨੀ ਫੈਲ ਗਈ।

ਜਾਣਕਾਰ ਸੂਤਰਾਂ ਮੁਤਾਬਕ ਦੋ ਬਾਈਕ ਸਵਾਰ ਹਮਲਾਵਰਾਂ ਨੇ ਗੁਰਲਾਲ ਸਿੰਘ ਉੱਤੇ 11 ਫਾਇਰ ਕੀਤੇ। ਉਨ੍ਹਾ ਦੀ ਮੌਤ ਪਿੱਛੋਂ ਪੁਲਿਸ ਅਧਿਕਾਰੀਆਂ ਨੇ ਜਾ ਕੇ ਮੌਕਾ ਵੇਖਿਆ ਅਤੇ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਵੀ ਹਸਪਤਾਲ ਗਏ। ਫਰੀਦਕੋਟ ਵਿਚ ਅੱਜ ਦਿਨ ਦਿਹਾੜੇ ਯੂਥ ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਤੇ ਜਿਲ੍ਹਾ ਪ੍ਰੀਸ਼ਦ ਮੈਂਬਰ ਗੁਰਲਾਲ ਸਿੰਘ ਭਲਵਾਨ ਦਾ 2 ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆ ਮਾਰ ਕੇ ਕਤਲ ਕੀਤੇ ਜਾਣ ਪਿੱਛੋਂ ਪੁਲਸ ਨੇ ਹਮਲਾਵਰਾਂ ਦੀ ਭਾਲ ਲਈ ਸੀਸੀਟੀਵੀ ਕੈਮਰਿਆ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਐਸਪੀ ਅਪ੍ਰੇਸ਼ਨ ਫਰੀਦਕੋਟ ਭੁਪਿੰਦਰ ਸਿੰਘ ਨੇ ਦੱਸਿਆ ਕਿ ਕਰੀਬ ਪੌਣੇ ਪੰਜ ਵਜੇ ਕੁਝ ਅਣਪਛਾਤੇ ਨੌਜਵਾਨਾਂ ਨੇ ਜਿਲ੍ਹਾ ਪ੍ਰੀਸ਼ਦ ਮੈਂਬਰ ਗੁਰਲਾਲ ਸਿੰਘ ਭਲਵਾਨ ਨੂੰ ਓਦੋਂ ਗੋਲੀਆ ਮਾਰ ਦਿੱਤੀਆਂ, ਜਦ ਉਹ ਆਪਣੇ ਕਿਸੇ ਦੋਸਤ ਦੀ ਦੁਕਾਨ ਤੋਂ ਬਾਹਰ ਆ ਕੇ ਆਪਣੀ ਗੱਡੀ ਵਿਚ ਬੈਠਣ ਲੱਗਾ ਸੀ। ਉਨ੍ਹਾਂ ਦੱਸਿਆ ਕਿ ਮੌਕੇ ਉੱਤੇ 12/13 ਖਾਲੀ ਕਾਰਤੂਸ ਮਿਲੇ ਹਨ, ਜਿਨ੍ਹਾਂ ਤੋਂ ਪਤਾ ਚੱਲਦਾ ਹੈ ਕਿ 12/13 ਰਾਊਂਡ ਫਾਇਰ ਹੋਏ ਹਨ।











# ਸੰਪਾਦਕੀ

## ਇਨਸਾਫ਼ ਸਿਸਟਮ ਵਿੱਚ ਸੁਧਾਰ – ਠੋਸ ਕਦਮ ਜਾਂ ਫੋਕੀ ਨਾਅਰੇਬਾਜ਼ੀ

ਕੱਲ ਲਿਬਰਲ ਸਰਕਾਰ ਨੇ ਪਾਰਲੀਮੈਂਟ ਵਿੱਚ C-22, an Act to amend the Criminal Code and the Controlled Drugs and Substances Act ਬਿੱਲ ਪੇਸ਼ ਕੀਤਾ ਹੈ। ਇਸ ਬਿੱਲ ਦਾ ਮਨੋਰਥ ਕ੍ਰਿਮੀਨਲ ਜਸਟਿਸ ਸਿਸਟਮ ਵਿੱਚ ਅਜਿਹੇ ਸੁਧਾਰ ਕਰਨਾ ਹੈ ਜਿਸ ਨਾਲ ਕਈ ਕਿਸਮ ਦੇ ਅਪਰਾਧਾਂ ਲਈ ਘੱਟੋ ਘੱਟ ਸਜ਼ਾਵਾਂ ਖਤਮ ਹੋ ਜਾਣਗੀਆਂ। ਇਹਨਾਂ ਸੁਧਾਰਾਂ ਦੇ ਮੂਲ ਵਿੱਚ ਸੁਪਰੀਮ ਕੋਰਟ ਆਫ ਕੈਨੇਡਾ ਦੁਆਰਾ R v Nur, 2015 SCC 15 ਕੇਸ ਵਿੱਚ ਦਿੱਤਾ ਫੈਸਲਾ ਹੈ ਜਿਸ ਵਿੱਚ ਹਥਿਆਰਾਂ ਨਾਲ ਸਬੰਧਿਤ ਅਪਰਾਧਾਂ ਲਈ ਦਿੱਤੀ ਜਾਣ ਵਾਲੀ ਘੱਟੋ ਘੱਟੋ ਸਜ਼ਾ ਦੀ ਸੰਵਿਧਾਨਕਤਾ ਉੱਤੇ ਟਿੱਪਣੀਆਂ ਕੀਤੀਆਂ ਗਈਆਂ ਸਨ। 2008 ਵਿੱਚ ਕੰਜ਼ਰਵੇਟਿਵ ਸਰਕਾਰ ਨੇ ਅਪਰਾਧ ਦੇ ਦੋਸ਼ੀਆਂ ਨੂੰ ਘੱਟੋ ਘੱਟ ਸਜ਼ਾਵਾਂ ਦੇਣਾ ਜੱਜਾਂ ਵਾਸਤੇ ਲਾਜ਼ਮੀ ਬਣਾ ਦਿੱਤਾ ਸੀ। ਹਾਰਪਰ ਸਰਕਾਰ ਦਾ ਰੁਖ 'ਅਪਰਾਧਾਂ ਉੱਤੇ ਸਖ਼ਤ' ਪਹੁੰਚ ਅਪਨਾਉਣਾ ਜੋ ਰਿਹਾ ਸੀ। ਸੋ ਇਹ ਧਿਆਨ ਵਿੱਚ ਰੱਖਣਾ ਜਰੂਰੀ ਹੈ ਕਿ ਲਿਬਰਲ ਸਰਕਾਰ ਵੱਲੋਂ ਕੱਲ ਪੇਸ਼ ਕੀਤਾ ਗਿਆ ਬਿੱਲ ਉਹਨਾਂ ਦੀ ਸਿਆਸੀ ਪਹੁੰਚ ਦੀ ਪੈਰਵਾਈ ਕਰਦਾ ਹੈ ਜਿਵੇਂ 2008 ਵਿੱਚ ਪਾਸ ਕੀਤਾ ਬਿੱਲ ਹਾਰਪਰ ਸਰਕਾਰ ਦੀ ਪਹੁੰਚ ਦੀ ਤਰਜਮਾਨੀ ਕਰਦਾ ਸੀ। ਸਿਆਸੀ ਵੱਖਰੇਵਿਆਂ ਦੇ ਬਾਵਜੂਦ ਇਸ ਗੱਲ ਨੂੰ ਕਬੂਲ ਕਰਨਾ ਬਣਦਾ ਹੈ ਕਿ ਨਸ਼ਿਆਂ ਅਤੇ ਹਥਿਆਰਾਂ ਨੂੰ ਲੈ ਕੇ ਕੀਤੇ ਜਾਣ ਵਾਲੇ ਸੁਧਾਰ ਸਮੇਂ ਦੀ ਮੰਗ ਹਨ ਅਤੇ ਇਸ ਪਰੀਪੇਖ ਵਿੱਚ ਬਿੱਲ ਸੀ 22 ਦਾ ਸੁਆਗਤ ਕਰਨਾ ਬਣਦਾ ਹੈ।

ਇਸ ਬਿੱਲ ਬਾਰੇ ਵਿਚਾਰ ਕਰਨ ਵੇਲੇ ਧਿਆਨ ਰੱਖਣਾ ਜਰੂਰੀ ਹੈ ਕਿ ਘੱਟੋ ਘੱਟ ਸਜ਼ਾ ਦਾ ਖਤਮ ਕੀਤੇ ਜਾਣ ਦਾ ਭਾਵ ਇਹ ਨਹੀਂ ਕਿ ਕਿਸੇ ਅਪਰਾਧ ਵਿੱਚ ਕੀਤੀ ਜਾਣ ਵਾਲੀ ਸਜ਼ਾ ਖਤਮ ਹੋ ਜਾਵੇਗੀ। ਕਾਨੂੰਨ ਦੀ ਜਾਣਕਾਰੀ ਰੱਖਣ ਵਾਲਿਆਂ ਤੋਂ ਪੰਜਾਬੀ ਪੋਸਟ ਨੂੰ ਪਤਾ ਲੱਗਾ ਹੈ ਕਿ ਇਸਦਾ ਅਰਥ ਸਿਰਫ਼ ਐਨਾ ਹੈ ਕਿ ਜਿੱਥੇ ਕੁੱਝ ਕੇਸਾਂ ਜੱਜ ਘੱਟੋ ਘੱਟ ਸਜ਼ਾ ਦੇਣ ਤੋਂ ਗੁਰੇਜ਼ ਕਰ ਸਕਦਾ ਹੈ ਪਰ ਜਾਇਜ਼ ਕੇਸਾਂ ਵਿੱਚ ਸਜ਼ਾ ਦੇਣਾ ਜੱਜ ਦੇ ਹੱਥ ਰਹੇਗਾ। ਭਾਵ ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ ਜੱਜਾਂ ਖੁੱਲ ਪ੍ਰਾਪਤ ਹੋ ਜਾਵੇਗੀ ਕਿ ਉਸਨੇ ਫੈਸਲਾ ਕਰਨ ਵੇਲੇ ਲਚਕੀਲੀ ਪਹੁੰਚ ਅਪਣਾ ਸੱਕਣਗੇ ਬਜਾਏ ਕਿ ਉਹਨਾਂ ਨੂੰ ਬੰਨਵੇਂ ਨੇਮਾਂ ਵਿੱਚ ਰਹਿ ਕੇ ਫੈਸਲਾ ਕਰਨ ਲਈ ਮਜ਼ਬੂਰ ਹੋਣਾ ਪਵੇ। ਆਖਰ ਨੂੰ ਜੱਜ ਦਾ ਕੰਮ ਜੱਜ ਬਣ ਕੇ ਫੈਸਲੇ ਕਰਨਾ ਹੈ ਨਾ ਕਿ ਕਿਸੇ ਵਿਸ਼ੇਸ਼ ਸੋਚ ਦਾ ਅਧੀਨ ਹੋ ਕੇ ਕੰਮ ਕਰਨਾ।

ਇਸ ਬਿੱਲ ਵਿੱਚ ਇਸ ਧਾਰਨਾ ਨੂੰ ਕਬੂਲ ਕੀਤਾ ਗਿਆ ਹੈ ਕਿ ਸਮਾਜ ਵਿੱਚ ਨਸ਼ੇ ਦੇ ਦੁਰਉਪਯੋਗ ਭਾਵ ਨਸ਼ਈ ਹੋਣ ਨੂੰ ਅਪਰਾਧ ਸਮਝਣ ਦੀ ਥਾਂ ਇਸਨੂੰ ਸਿਹਤ ਅਤੇ ਸੋਸ਼ਲ ਸਮੱਸਿਆ ਵਜੋਂ ਵੇਖਣਾ ਚਾਹੀਦਾ ਹੈ। ਬਿੱਲ ਵਿੱਚ ਇੱਛਾ ਰੱਖੀ ਗਈ ਹੈ ਕਿ ਕਿਸੇ ਦੋਸ਼ੀ ਨੂੰ ਸਜ਼ਾ ਦੇਣ ਨਾਲੋਂ ਉਸਦੇ ਨਸ਼ੇ ਦੀ ਬਿਮਾਰੀ ਦੇ ਇਲਾਜ ਵੱਲ ਤਵੱਜੋਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਅਦਾਲਤਾਂ ਨੂੰ ਆਪਣਾ ਕੀਮਤੀ ਸਮਾਂ ਅਤੇ ਸ੍ਰੋਤ ਛੋਟੇ ਮੋਟੇ ਨਸ਼ਈਆਂ ਉੱਤੇ ਵਿਅਰਥ ਕਰਨ ਨਾਲੋਂ ਸਮਾਜ ਨੂੰ ਖਤਰਾ ਪੈਦਾ ਕਰਨ ਵਾਲੇ ਅਨਸਰਾਂ ਉੱਤੇ ਲਾਉਣਾ ਚਾਹੀਦਾ ਹੈ। ਵੈਸੇ ਵੀ ਜਿੰਨਾ ਖਰਚਾ ਇੱਕ ਵਿਅਕਤੀ ਨੂੰ ਜੇਲ੍ਹ ਵਿੱਚ ਰੱਖਣ ਉੱਤੇ ਆਉਂਦਾ ਹੈ, ਉਸ ਨਾਲੋਂ ਇਲਾਜ ਉੱਤੇ ਖਰਚ ਕਿਤੇ ਘੱਟ ਹੁੰਦਾ ਹੈ।

ਨਿਆਂ ਮੰਤਰੀ ਡੇਵਿਡ ਲੈਮੇਟੀ ਦਾ ਦਾਅਵਾ ਹੈ ਕਿ ਲਿਬਰਲ ਸਰਕਾਰ ਨੇ ਕੈਨੇਡੀਅਨ ਅਪਰਾਧਕ ਸਿਸਟਮ ਵਿੱਚ ਬਲੈਕ ਅਤੇ ਮੂਲਵਾਸੀ ਭਾਈਚਾਰੇ ਦੀ ਲੋੜੋਂ ਵੱਧ ਨਫ਼ਰੀ ਨੂੰ ਦਰੁਸਤ ਕਰਨ ਦੀ ਦਿਸ਼ਾ ਵਿੱਚ ਕਦਮ ਚੁੱਕਿਆ ਹੈ। ਅੰਕੜੇ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਬਲੈਕ ਅਤੇ ਮੂਲਵਾਸੀ ਲੋਕਾਂ ਦੀ ਕੈਨੇਡੀਅਨ ਨਿਆਂ ਸਿਸਟਮ ਵਿੱਚ ਲੋੜੋਂ ਵੱਧ ਸ਼ਮੂਲੀਅਤ ਹੈ। The Office of the Correctional Investigator ਦੀ ਇੱਕ ਰਿਪੋਰਟ ਮੁਤਾਬਕ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਿੱਚ ਜੇਲ੍ਹ ਜਾਣ ਵਾਲਿਆਂ ਦੀ ਕੁੱਲ ਗਿਣਤੀ ਵਿੱਚ ਕੋਈ ਬਹੁਤਾ ਵਾਧਾ ਨਹੀਂ ਹੋਇਆ ਹੈ। ਪਰ ਥੋੜੀ ਘੋਖ ਤੋਂ ਪਤਾ ਚੱਲਦਾ ਹੈ ਕਿ ਅੰਕੜੇ ਬੇਸ਼ੱਕ ਨਾ ਬਦਲੇ ਹੋਣ ਪਰ ਅੰਕੜਿਆਂ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਵਿੱਚ ਤਬਦੀਲੀ ਜਰੂਰ ਆਈ ਹੈ। ਜਿੱਥੇ ਯੂਰਪੀਅਨ ਮੂਲ ਦੇ ਕੈਨੇਡੀਅਨਾਂ ਦੇ ਜੇਲ੍ਹ ਵਿੱਚ ਡੱਕੇ ਜਾਣ ਦੀ ਦਰ ਵਿੱਚ 8.5% ਗਿਰਾਵਟ ਆਈ, ਉੱਥੇ ਬਲੈਕ ਕਮਿਉਨਿਟੀ ਅਤੇ ਮੂਲਵਾਸੀਆਂ ਨੂੰ ਕਰਮਵਾਰ 13.7% ਅਤੇ 43.4% ਵੱਧ ਜੇਲ੍ਹਾਂ ਹੋਈਆਂ। ਇਹ ਅੰਕੜੇ 2006 ਤੋਂ 2015 ਤੱਕ ਦੇ ਹਨ।

ਸੁਆਲ ਹੈ ਕਿ ਕੀ ਲਿਬਰਲ ਸਰਕਾਰ ਦਾ ਦਿਲ ਵੀ ਉੱਥੇ ਹੀ ਹੈ ਜਿੱਥੇ ਉਹਨਾਂ ਦਾ ਦਿਮਾਗ ਹੈ ਭਾਵ ਕੀ ਉਹ ਸੱਚਮੁੱਚ ਸੁਧਾਰਾਂ ਦੀ ਗੱਲ ਕਰਦੇ ਹਨ ਜਾਂ ਸਿਰਫ਼ ਵੋਟਾਂ ਲਈ ਲਿਫਾਫੇਬਾਜ਼ੀ ਦਾ ਸਹਾਰਾ ਲੈ ਰਹੇ ਹਨ। ਜੇ ਉਹਨਾਂ ਨੇ ਦਿਲ ਤੋਂ ਕੰਮ ਲਿਆ ਹੁੰਦਾ ਤਾਂ ਇਹ ਸੁਧਾਰ 2015 ਵਿੱਚ ਸੱਤਾ ਪ੍ਰਾਪਤ ਕਰਨ ਤੋਂ ਇੱਕਦਮ ਬਾਅਦ ਕੀਤੇ ਹੁੰਦੇ, 6 ਸਾਲ ਦੀ ਉਡੀਕ ਦਾ ਕੀ ਕਾਰਣ ਹੋ ਸਕਦਾ ਹੈ? ਲਿਬਰਲ ਤਾਂ ਮੁੱਢ ਤੋਂ ਡਰੱਗਾਂ ਨੂੰ ਗੈਰ-ਅਪਰਾਧਕ ਭਾਵ decriminalize ਕਰਨ ਦਾ ਵਾਅਦਾ ਕਰਦੇ ਰਹੇ ਹਨ ਤਾਂ ਹੁਣ 6 ਸਾਲਾਂ ਬਾਅਦ ਹੱਥ ਪਿਛਾਂਹ ਕਿਉਂ ਖਿਚ ਲਏ ਹਨ? ਇਸ ਬਿੱਲ ਵਿੱਚ ਸਿੱਧਾ ਬਲੈਕ ਜਾਂ ਮੂਲਵਾਸੀਆਂ ਦਾ ਵਿਸ਼ੇਸ਼ ਜ਼ਿਕਰ ਸ਼ਾਇਦ ਹੀ ਹੋਵੇਗਾ ਕਿਉਂਕਿ ਅਜਿਹਾ ਕਰਨਾ ਚਾਰਟਰ ਦੀ ਉਲੰਘਣਾ ਬਣ ਸਕਦਾ ਹੈ ਪਰ ਉਹਨਾਂ ਦਾ ਨਾਮ ਲੈ ਕੇ ਗੁੱਡਵਿੱਲ ਪੈਦਾ ਕਰਨ ਦਾ ਸਿਆਸੀ ਲਾਹਾ ਕਿਉਂ? ਇਹਨਾਂ ਕਮਿਉਨਿਟੀਆਂ ਦੀ ਸਥਿਤੀ ਵਿੱਚ ਸੁਧਾਰਾਂ ਲਈ ਧਰਾਤਲ ਉੱਤੇ ਬਹੁਤ ਹਾਲੇ ਕੁੱਝ ਕੀਤਾ ਜਾਣਾ ਬਾਕੀ ਹੈ ਜਿਸ ਵਾਸਤੇ ਕਾਨੂੰਨਾਂ ਦੀ ਨਹੀਂ ਸਹੀ ਸੁਧਾਰਵਾਦੀ ਪਹੁੰਚ ਦੀ ਲੋੜ ਹੈ।

ਲੱਗਦੇ ਹੱਥ ਪੁੱਛਣਾ ਬਣਦਾ ਹੈ ਕਿ ਸਾਊਥ ਏਸ਼ੀਅਨ ਭਾਈਚਾਰਿਆਂ ਖਾਸ ਕਰਕੇ ਪੰਜਾਬੀ ਕਮਿਉਨਿਟੀ ਵਿੱਚ ਨਸ਼ੇ ਦੇ ਮਾਰੂ ਪਸਾਰ,ਉਹਨਾਂ ਦੇ ਜੇਲਾਂ ਵਿੱਚ ਵੱਸੋਂ ਦੇ ਮੁਕਾਬਲੇ ਵੱਧ ਗਿਣਤੀ ਵਿੱਚ ਡੱਕੇ ਜਾਣ, ਗੈਂਗ ਹਿੰਸਾਂ ਬਾਰੇ ਕੋਈ ਸਰਕਾਰੀ ਜਾਂਚ/ਰਿਪੋਰਟ ਕਦੋਂ ਤਿਆਰ ਹੋਵੇਗੀ ਜੋ ਤੱਥਾਂ ਦੇ ਆਧਾਰ ਉੱਤੇ ਸੱਚ ਸਾਹਮਣੇ ਲਿਆਵੇ? ਇਹ ਮੰਗ ਇਸ ਲਈ ਵੀ ਮਹੱਤਵਪੂਰਣ ਹੈ ਕਿ ਨਵੇਂ ਬਿੱਲ ਵਿੱਚ ਨਸ਼ਿਆਂ ਨਾਲ ਸਿੱਝਣ ਵਾਸਤੇ ਸਥਾਨਕਾਂ ਸਰਕਾਰਾਂ ਨੂੰ ਵਧੇਰੇ ਅਧਿਕਾਰ ਦਿੱਤੇ ਜਾਣ ਦਾ ਜ਼ਿਕਰ ਹੈ। ਜੇ ਬਰੈਂਪਟਨ, ਸਰੀ ਜਾਂ ਐਡਮਿੰਟਨ ਵਰਗੇ ਸ਼ਹਿਰਾਂ ਦੀ ਗੱਲ ਕੀਤੀ ਜਾਵੇ ਤਾਂ ਸਾਊਥ ਏਸ਼ੀਅਨ ਕਮਿਉਨਿਟੀ ਵਿੱਚ ਨਸ਼ਿਆਂ, ਹਥਿਆਰਾਂ, ਡਰੱਗਾਂ ਦੇ ਕੁਪ੍ਰਭਾਵਾਂ ਬਾਰੇ ਸਾਇੰਟਿਫਿਕ ਜਾਣਕਾਰੀ ਦੀ ਗੈਰਹਾਜ਼ਰੀ ਵਿੱਚ ਸਹੀ ਵਸੀਲੇ ਕਿਵੇਂ ਤਿਆਰ ਕੀਤੇ ਜਾ ਸੱਕਣਗੇ? ਇਹ ਵਸੀਲਿਆਂ ਲਈ ਧਨ ਅਤੇ ਬਣਦੇ ਹੋਰ ਸ੍ਰੋਤ ਕਿੱਥੋਂ ਆਉਣਗੇ? ਇਹ ਕੌੜੇ ਸੁਆਲ ਹਨ ਜਿਹਨਾਂ ਦਾ ਲਿਬਰਲ ਸਰਕਾਰ ਨੂੰ ਜਵਾਬ ਦੇਣਾ ਬਣਦਾ ਹੈ।

## ਕਈ ਦਿਨ ਦੀ ਬਹਿਸ ਤੋਂ ਬਾਅਦ ਕੁੱਝ ਸੋਧਾਂ ਨਾਲ ਮੈਡੀਕਲ ਸਹਾਇਤਾ ਰਾਹੀਂ ਮੌਤ ਸਬੰਧੀ ਬਿੱਲ ਸੈਨੇਟ ਵੱਲੋਂ ਪਾਸ

...ਪੰਨਾ 1 ਦਾ ਬਾਕੀ

ਇਸ ਦੌਰਾਨ ਤਿੰਨ ਸੈਨੇਟਰ ਗੈਰਹਾਜ਼ਰ ਰਹੇ। 2019 ਦੀ ਕਿਊਬਿਕ ਸੁਪੀਰੀਅਰ ਕੋਰਟ ਦੇ ਫੈਸਲੇ ਦੇ ਮੱਦੇਨਜ਼ਰ ਬਿੱਲ ਉਨ੍ਹਾਂ ਵਿਅਕਤੀਆਂ ਨੂੰ ਮੈਡੀਕਲ ਸਹਾਇਤਾ ਨਾਲ ਮੌਤ ਦਾ ਹੱਕ ਦਿਵਾਉਣ ਲਈ ਹੈ ਜਿਨ੍ਹਾਂ ਦੀ ਕੁਦਰਤੀ ਮੌਤ ਨਹੀਂ ਹੁੰਦੀ ਪਰ ਉਹ ਕਿਸੇ ਮੈਡੀਕਲ ਕਾਰਨ ਕਰਕੇ ਬਹੁਤ ਪਰੇਸ਼ਾਨ ਹੁੰਦੇ ਹਨ।

ਪਰ ਸੈਨੇਟਰਜ਼ ਨੇ ਪੰਜ ਸੋਧਾਂ ਕੀਤੀਆਂ, ਜਿਨ੍ਹਾਂ ਵਿੱਚੋਂ ਦੋ ਵਿੱਚ ਤਾਂ ਮੈਡੀਕਲ ਸਹਾਇਤਾ ਨਾਲ ਮੌਤ ਤੱਕ ਪਹੁੰਚ ਨੂੰ ਹੋਰ ਸੁਖਾਲਾ ਕਰਨ ਦੀ ਗੱਲ ਕੀਤੀ ਗਈ ਹੈ। ਇੱਕ ਸੋਧ ਵਿੱਚ ਇਹ ਆਖਿਆ ਗਿਆ ਹੈ ਕਿ ਮਾਨਸਿਕ ਸਮਰੱਥਾ ਗੜਬੜਾਉਣ ਦੇ ਡਰ ਕਾਰਨ ਵੀ ਲੋਕ ਮੈਡੀਕਲ ਸਹਾਇਤਾ ਰਾਹੀਂ ਮੌਤ ਮੰਗ ਸਕਦੇ ਹਨ। ਪਰ ਇੱਕ ਹੋਰ ਸੋਧ ਤਹਿਤ ਮੈਂਟਲ ਇਲਨੈੱਸ ਤੋਂ ਪਰੇਸ਼ਾਨ ਲੋਕਾਂ ਲਈ ਮੈਡੀਕਲ ਸਹਾਇਤਾ ਨਾਲ ਮੌਤ ਹਾਸਲ ਕਰਨ ਉੱਤੇ ਪ੍ਰਸਤਾਵਿਤ ਪਾਬੰਦੀ ਉੱਤੇ 18 ਮਹੀਨੇ ਦੀ ਟਾਈਮ ਲਿਮਿਟ ਲਾਈ ਜਾਵੇਗੀ।

ਇਸ ਤੋਂ ਇਲਾਵਾ ਬਿੱਲ ਵਿੱਚ ਕੀਤੀ ਗਈ ਹੋਰ ਸੋਧ ਤਹਿਤ ਸਰਕਾਰ ਨੂੰ ਨਸਲ ਦੇ ਆਧਾਰ ਉੱਤੇ ਡਾਟਾ ਇੱਕਠਾ ਕਰਨਾ ਹੋਵੇਗਾ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਕਿਸ ਨੇ ਮੈਡੀਕਲ ਸਹਾਇਤਾ ਨਾਲ ਇਸ ਤਰ੍ਹਾਂ ਦੀ ਮੌਤ ਦੀ ਮੰਗ ਕੀਤੀ ਹੈ। ਇਸ ਲਈ ਸਾਂਝੀ ਪਾਰਲੀਆਮੈਂਟਰੀ ਕਮੇਟੀ ਵੀ 30 ਦਿਨਾਂ ਦੇ ਅੰਦਰ ਅੰਦਰ ਬਣਾਉਣ ਲਈ ਆਖਿਆ ਗਿਆ ਹੈ। ਇਹ ਬਿੱਲ ਹੁਣ ਹਾਊਸ ਆਫ ਕਾਮਨਜ਼ ਵਿੱਚ ਵਾਪਿਸ ਭੇਜਿਆ ਜਾਵੇਗਾ ਤਾਂ ਕਿ ਐਮਪੀਜ਼ ਇਹ ਫੈਸਲਾ ਕਰ ਸਕਣ ਕਿ ਇਨ੍ਹਾਂ ਸੋਧਾਂ ਨੂੰ ਮੰਨਣਾ ਹੈ ਕਿ ਨਹੀਂ।

## ਬਹੁਤੇ ਕੈਨੇਡੀਅਨਾਂ ਦਾ ਜੂਨ ਦੇ ਅੰਤ ਤੱਕ ਹੋ ਜਾਵੇਗਾ ਟੀਕਾਕਰਣ

...ਪੰਨਾ 1 ਦਾ ਬਾਕੀ

ਮੇਜਰ ਜਨਰਲ ਡੈਨੀ ਫੋਰਟਿਨ ਦਾ ਕਹਿਣਾ ਹੈ ਕਿ ਦੇਸ਼ ਨੂੰ ਅਪਰੈਲ ਤੇ ਜੂਨ ਦਰਮਿਆਨ ਫਾਈਜ਼ਰ ਤੇ ਮੌਡਰਨਾ ਵੱਲੋਂ 23 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ ਹੈ। ਇਹ ਤਾਂ ਅਜੇ ਮਨਜ਼ੂਰਸ਼ੁਦਾ ਵੈਕਸੀਨ ਦੀ ਡਲਿਵਰੀਜ਼ ਦੀ ਗੱਲ ਹੈ। ਅਜੇ ਤਾਂ ਐਸਟ੍ਰਾਜ਼ੈਨੇਕਾ, ਜੌਹਨਸਨ ਐਂਡ ਜੌਹਨਸਨ ਤੇ ਨੋਵਾਵੈਕਸ ਨੂੰ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਮਿਲਣੀ ਬਾਕੀ ਹੈ।

ਹੁਣ ਤੱਕ ਕੈਨੇਡਾ ਵਿੱਚ ਕੋਵਿਡ-19 ਵੈਕਸੀਨ ਦੀਆਂ 1•5 ਮਿਲੀਅਨ ਡੋਜ਼ਾਂ ਪ੍ਰੋਵਿੰਸਾਂ ਨੂੰ ਡਲਿਵਰ ਕੀਤੀਆਂ ਜਾ ਚੁੱਕੀਆਂ ਹਨ ਤੇ 1•3 ਮਿਲੀਅਨ ਲੋਕਾਂ ਦਾ ਟੀਕਾਕਰਣ ਹੋ ਚੁੱਕਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਨੇ ਭਾਰਤ ਵਿੱਚ ਰੇਲਾਂ ਰੋਕੀਆਂ

### * ਪੰਜਾਬ, ਹਰਿਆਣੇ ਤੋਂ ਅਗਾਂਹ ਯੂ ਪੀ, ਬਿਹਾਰ ਵਿੱਚ ਵੀ ਵੱਡਾ ਅਸਰ



ਨਵੀਂ ਦਿੱਲੀ, 18 ਫਰਵਰੀ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਕਿਸਾਨਾਂ ਨੇ ਅੱਜ ਸਾਰੇ ਦੇਸ਼ ਵਿੱਚ ਰੇਲ ਰੋਕੋ ਅੰਦੋਲਨ ਕੀਤਾ ਤੇ ਦੁਪਹਿਰ 12 ਤੋਂ 4 ਵਜੇ ਤੱਕ ਰੇਲ ਗੱਡੀਆਂ ਦਾ ਚੱਕਾ ਜਾਮ ਰੱਖਿਆ। ਇਸ ਦਾ ਮਕਸਦ ਸਰਕਾਰ ਉੱਤੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਦਬਾਅ ਬਣਾਉਣਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਦੇਸ਼ ਭਰ ਵਿਚ ਇਸ ਰੇਲ ਰੋਕੋ ਅੰਦੋਲਨ ਦਾ ਐਲਾਨ ਕੀਤਾ ਹੋਇਆ ਸੀ।

ਵਰਨਣ ਯੋਗ ਹੈ ਕਿ ਅੱਜ ਦੇ ਰੇਲ ਰੋਕੋ ਅੰਦੋਲਨ ਦਾ ਅਸਰ ਪੰਜਾਬ ਅਤੇ ਹਰਿਆਣੇ ਤੋਂ ਅੱਗੇ ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚਵੀ ਜ਼ੋਰਦਾਰ ਪਿਆ ਹੈ। ਦਿੱਲੀ, ਉੱਤਰ ਪ੍ਰਦੇਸ਼, ਪੰਜਾਬ ਤੇ ਹਰਿਆਣਾ ਵਿਚ ਇਸ ਰੇਲ ਰੋਕੋ ਅੰਦੋਲਨ ਦੇ ਲਈ ਸੁਰੱਖਿਆ ਸਖਤ ਕੀਤੀ ਗਈ ਸੀ। ਅੰਬਾਲਾ ਵਿੱਚ ਸੈਂਕੜੇ ਕਿਸਾਨ ਟਰੈਕ ਉੱਤੇਜਾ ਬੈਠੇ ਸਨ। ਬਿਹਾਰ ਵਿਚ ਜਨ ਅਧਿਕਾਰ ਪਾਰਟੀ ਨੇ ਰੇਲਾਂ ਰੋਕਣ ਦਾ ਕੰਮ ਕੀਤਾ ਹੈ। ਕਿਸਾਨਾਂ ਦੇ ਰੇਲ ਰੋਕੋ ਅੰਦੋਲਨ ਕਾਰਨ ਰੇਲਵੇ ਪੂਰੀ ਤਰ੍ਹਾਂ ਚੌਕਸ ਸੀ ਤੇ ਰੇਲਵੇ ਟਰੈਕ ਦੇ ਆਲੇ-ਦੁਆਲੇ ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ ਪੀਐੱਫ) ਦੀਆਂ 20 ਹੋਰ ਕੰਪਨੀਆਂ ਤਾਇਨ-ਾਤ ਕੀਤੀਆਂ ਗਈਆਂ ਹਨ। ਮੁੱਖ ਤੌਰ ਉੱਤੇਉੱਤਰ ਪ੍ਰਦੇਸ਼, ਹਰਿਆਣਾ ਤੇ ਪੰਜਾਬ ਵਿੱਚਰੇਲਵੇ ਦੀ ਸੁਰੱਖਿਆ ਲਈ ਫੋਕਸ ਰੱਖਿਆ ਗਿਆ ਸੀ, ਕਿਉਂਕਿ ਕਿਸਾਨਾਂ ਦਾ ਅੰਦੋਲਨ ਇਨ੍ਹਾਂ ਰਾਜਾਂ ਵਿਚ ਹੀ ਸਭ ਤੋਂ ਵਧੇਰੇ ਹੈ।

ਕਿਸਾਨਾਂ ਦੇ ਰੇਲ ਰੋਕੋ ਅੰਦੋਲਨ ਦੌਰਾਨ ਅੱਜਦਿੱਲੀ ਮੈਟਰੋ ਵੱਲੋਂ ਟਿਕਰੀ ਬਾਰਡਰ, ਬਹਾਦਰਗੜ੍ਹ, ਬ੍ਰਿਗੇਡੀਅਰ ਹੁਸ਼ਿਆਰ ਸਿੰਘ ਮੈਟਰੋ ਸਟੇਸ਼ਨ ਦੇ ਐਂਟਰੀ-ਐਗਜ਼ਿਟ ਗੇਟ ਨੂੰ ਬੰਦ ਕਰ ਦਿੱਤਾ ਗਿਆ ਹੈ। ਅੰਦੋਲਨ ਕਾਰਨ ਗਾਜ਼ੀਪੁਰ ਬਾਰਡਰ ਵੀ ਅੱਜ ਸਾਰਾ ਦਿਨ ਬੰਦ ਕੀਤਾ ਗਿਆ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਸਾਡਾ ਰੇਲ ਰੋਕੋ ਅੰਦੋਲਨ ਸ਼ਾਂਤੀ ਪੂਰਨ ਹੈ। ਇਸ ਤੋਂ ਪਹਿਲਾਂ ਕਿਸਾਨ 'ਭਾਰਤ ਬੰਦ' ਅਤੇ 'ਟਰੈਕਟਰ ਪਰੇਡ'ਵੀ ਕਰ ਚੁੱਕੇ ਹਨ।

ਅੱਜ ਰੇਲ ਗੱਡੀਆਂ ਰੋਕਣ ਦੇ ਪ੍ਰੋਗਰਾਮ ਦੌਰਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਾਰੇ ਦੇਸ਼ ਵਿੱਚ ਰੇਲ ਜਾਮ ਕਰਨ ਦੇ ਸੱਦੇ ਉੱਤੇਪੰਜਾਬ ਭਰ ਵਿੱਚ ਰੇਲਾਂ ਰੋਕੀਆਂ ਗਈਆਂ। ਜ਼ਿਲਾ ਪਟਿਆਲਾ ਵਿਚ ਨਾਭਾ, ਸੰਗਰੂਰ ਵਿੱਚ ਸੁਨਾਮ, ਮਾਨਸਾ ਖਾਸ, ਬਰਨਾਲਾ ਵਿੱਚ ਖੁੱਡੀ ਖੁਰਦ, ਬਠਿੰਡਾ ਵਿੱਚ ਭਾਈ ਬਖਤੌਰ, ਭੁੱਚੋ ਮੰਡੀ, ਸੰਗਤ ਤੇ ਗੋਨਿਆਣਾ, ਫਰੀਦਕੋਟ ਵਿੱਚ ਕੋਟਕਪੂਰਾ, ਮੁਕਤਸਰ ਵਿੱਚ ਗਿੱਦੜਬਾਹਾ, ਫਾਜਿਲਕਾ ਵਿੱਚ ਅਬੋਹਰ ਅਤੇ ਜਲਾਲਾਬਾਦ, ਫਿਰੋਜ਼ਪੁਰ ਖਾਸ, ਮੋਗਾ ਵਿੱਚ ਅਜੀਤਵਾਲ, ਲੁਧਿਆਣਾ ਖਾਸ ਅਤੇ ਦੋਰਾਹਾ, ਜਲੰਧਰ ਵਿੱਚ ਸ਼ਾਹਕੋਟ, ਤਰਨਤਾਰਨ, ਅੰਮ੍ਰਿਤਸਰ ਦੇ ਨਾਲ ਗੁਰਦਸਾਪੁਰ ਵਿੱਚ ਫਤਹਿਗੜ੍ਹ ਚੂੜੀਆਂ, ਕਾਦੀਆਂ, ਜੈਂਤੀਪੁਰ ਅਤੇ ਕਲੇਰ ਖੁਰਦ ਵਿਖੇ 12 ਤੋਂ 4 ਵਜੇ ਤੱਕ ਰੇਲ ਮਾਰਗ ਜਾਮ ਕੀਤੇ ਗਏ। ਇਸ ਦੌਰਾਨ ਤਿੰਨੇ ਕਾਲੇ ਖੇਤੀ ਕਾਨੂੰਨ ਵਾਪਸ ਲੈਣ ਅਤੇ ਹੋਰ ਮੰਗਾਂ ਉੱਤੇ ਜ਼ੋਰ ਦਿੱਤਾ ਗਿਆ। ਓਧਰ ਦਿੱਲੀ ਦੇ ਸਿੰਘੂ ਬਾਰਡਰ ਉੱਤੇ ਪ੍ਰਦਰਸ਼ਨਕਾਰੀਆਂ ਨੇ ਦਾਅਵਾ ਕੀਤਾ ਕਿ ਇਹ ਅੰਦੋਲਨ ਸਿਰਫ ਪੰਜਾਬ ਤੇ ਹਰਿਆਣਾ ਤੱਕ ਸੀਮਤ ਨਹੀਂ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਭਜਨ ਸਿੰਘ ਨੇ ਕਿਹਾ ਕਿ ਸਰਕਾਰ ਲਗਾਤਾਰ ਕਹਿ ਰਹੀ ਹੈ ਕਿ ਸਿਰਫ ਦੋ ਰਾਜਾਂ ਪੰਜਾਬ ਤੇ ਹਰਿਆਣਾ ਦੇ ਕਿਸਾਨ ਨਵੇਂ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ, ਪਰ ਰੇਲ ਰੋਕੋ ਪ੍ਰਦਰਸ਼ਨ ਨੇ ਸਰਕਾਰ ਨੂੰ ਗਲਤ ਸਾਬਤ ਕਰ ਦਿੱਤਾ ਹੈ। ਉਨ੍ਹਾਂ ਕਿਹਾ, 'ਵੱਖ-ਵੱਖ ਰਾਜਾਂ ਦੇ ਕਿਸਾਨਾਂ ਨੇ ਰੇਲ ਰੋਕੋ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਹੈ। ਇਸ ਨੂੰ ਦੇਸ਼ ਪੱਧਰ ਦਾ ਅੰਦੋਲਨ ਸਾਬਤ ਕਰਨ ਲਈ ਰੇਲਵੇ ਟਰੈਕਾਂ ਉੱਤੇ ਪ੍ਰਦਰਸ਼ਨ ਕਰਨਾ ਮਹੱਤਵਪੂਰਨ ਸੀ। ਜਿਵੇਂ ਰੇਲਵੇ ਦਾ ਦੇਸ਼ ਵਿਆਪੀ ਨੈਟਵਰਕ ਹੈ, ਉਸੇ ਤਰ੍ਹਾਂ ਦੇਸ਼ ਭਰ ਵਿੱਚ ਸਾਡਾ ਪ੍ਰਦਰਸ਼ਨ ਹੋ ਰਿਹਾ ਹੈ।' ਪੰਜਾਬ ਅਤੇ ਹਰਿਆਣਾ ਦੇ ਕਈ ਰੇਲਵੇ ਸਟੇਸ਼ਨਾਂ ਤੋਂ ਇਲਾਵਾ, ਉੱਤਰ ਪ੍ਰਦੇਸ਼, ਮਹਾਰਾਸ਼ਟਰ ਅਤੇ ਕਰਨ-ਾਟਕ ਸਮੇਤ ਹੋਰ ਰਾਜਾਂ ਦੇ ਵੱਖ-ਵੱਖ ਹਿੱਸਿਆਂ ਵਿੱਚ ਰੇਲ ਰੋਕੋ ਪ੍ਰਦਰਸ਼ਨ ਕੀਤਾ ਗਿਆ ਹੈ।

## ਆਸਟਰੇਲੀਅਨ ਪ੍ਰਧਾਨ ਮੰਤਰੀ ਮੌਰੀਸਨ ਨੇ ਫੇਸਬੁੱਕ ਦੀ ਕਾਰਵਾਈ ਨੂੰ ਨਿਰਾਸ਼ਾ ਜਨਕ ਕਿਹਾ



ਸਿਡਨੀ, 18 ਫਰਵਰੀ, (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਫੇਸਬੁੱਕ ਪਲੇਟਫਾਰਮ ਤੋਂ ਆਸਟ੍ਰੇਲੀਅਨ ਖ਼ਬਰਾਂ ਉੱਤੇ ਪਾਬੰਦੀ ਲਾਉਣ ਦੇ ਫ਼ੈਸਲੇ ਨੂੰ 'ਹੰਕਾਰੀ' ਅਤੇ ਨਿਰਾਸ਼ਾਜਨਕ' ਕਿਹਾ ਹੈ। ਉਨ੍ਹਾਂ ਦੇ ਨਾਲ ਆਸਟ੍ਰੇਲੀਆ ਦੇ ਖਜ਼ਾਨਾ ਮੰਤਰੀ ਜੋਸ਼ ਫ੍ਰਾਇਡੇਨਬਰਗ ਨੇ ਵੀ ਫੇਸਬੁੱਕ ਦੀ ਕਾਰਵਾਈ ਉੱਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ। ਕਈ ਪਾਰਲੀਮੈਂਟ ਮੈਂਬਰਾਂ ਵੀ ਇਸ ਉੱਤੇ ਰੋਸ ਕੀਤਾ ਹੈ।

ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਫੇਸਬੁੱਕ ਉੱਤੇ ਪੋਸਟ ਕਰ ਕੇ ਕਿਹਾ ਕਿ ਸੋਸ਼ਲ ਮੀਡੀਆ ਦੀ ਦਿੱਗਜ਼ ਕੰਪਨੀ ਨੇ ਆਸਟ੍ਰੇਲੀਆ ਉੱਤੇ ਪਾਬੰਦੀ (ਅਨ-ਫਰੈਂਡ) ਲਾ ਦਿੱਤੀ ਹੈ, ਜਿਸ ਨਾਲ ਜ਼ਰੂਰੀ ਸੂਚਨਾਵਾਂ ਤੇ ਸਿਹਤ ਸੇਵਾਵਾਂ ਪ੍ਰਭਾਵਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਉਹ ਦੂਸਰੇ ਦੇਸ਼ਾਂ ਦੇ ਆਗੂਆਂ ਨਾਲ ਰੈਗੂਲਰ ਸੰਪਰਕ ਵਿਚ ਸਨ, ਜੋ ਸਾਡੀ ਸਰਕਾਰ ਅਤੇ ਫੇਸਬੁੱਕਵਿਚਾਲੇ ਤਣਾਅ ਵੇਖ ਰਹੇ ਸਨ। ਅੱਜ ਦੀ ਪਾਬੰਦੀ ਦੇ ਬਾਵਜੂਦ ਸਕੌਟ ਮੌਰੀਸਨ ਨੇ ਕਿਹਾ ਕਿ ਉਹ ਸਰਕਾਰ ਦੇ ਪ੍ਰਸਤਾਵਤ ਨਿਊਜ਼ ਮੀਡੀਆ ਐਗਰੀਮੈਂਟ ਡਿਸਿਪਲਿਨ ਕਾਨੂੰਨ ਬਣਾਉਣਾ ਜਾਰੀ ਰੱਖਣਾ ਚਾਹੁਣਗੇ। ਮੌਰੀਸਨ ਨੇ ਕਿਹਾ, 'ਸਾਡੀ ਪਾਰਲੀਮੈਂਟ ਉੱਤੇ ਦਬਾਅ ਪਾਉਣ ਦੀਬਿਗਟੈਕ ਦੀ ਇੱਛਾ ਤੋਂਅਸੀਂ ਨਹੀਂ ਡਰਾਂਗੇ, ਕਿਉਂਕਿ ਇਹ ਸਾਡੇ ਅਹਿਮ ਨਿਊਜ਼ ਮੀਡੀਆ ਡਿਸਿਪਲਿਨ ਉੱਤੇਜ਼ੋਰ ਪਾਉਂਦੀ ਹੈ। ਜਦੋਂ ਐਮਾਜ਼ੋਨ ਨੇ ਦੇਸ਼ ਛੱਡਣ ਦੀ ਧਮਕੀ ਦਿੱਤੀ ਸੀ, ਉਦੋਂ ਵੀ ਅਸੀਂ ਡਰੇ ਨਹੀਂ। ਆਸਟ੍ਰੇਲੀਆ ਨੇ ਹੋਰ ਦੇਸ਼ਾਂ ਨੂੰ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਅੱਤਵਾਦੀ ਸਮੱਗਰੀ ਦੇਣ ਨਾਲ ਨਜਿੱਠਣ ਲਈ ਇਕੱਠੇ ਕੀਤਾ ਸੀ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਫੇਸਬੁੱਕ ਅਤੇ ਗੂਗਲ ਵਰਗੀਆਂ ਟੈਕਨੀਕ ਕੰਪਨੀਆਂ ਸ਼ਾਇਦ ਦੁਨੀਆਂ ਨੂੰ ਬਦਲ ਰਹੀਆਂ ਹੋਣ, ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਦੁਨੀਆ ਨੂੰ ਚਲਾਉਂਦੇ ਹਨ। ਉਨ੍ਹਾ ਕਿਹਾ, 'ਇਹ ਕਾਰਵਾਈਆਂ ਪੁਸ਼ਟੀ ਕਰਦੀਆਂ ਹਨ ਕਿ ਬਿਗਟੈਕ ਕੰਪਨੀਆਂ ਸੋਚਦੀਆਂ ਹਨ ਕਿ ਉਹ ਸਰਕਾਰਾਂ ਨਾਲੋਂ ਵੀ ਵੱਡੀਆਂਹਨ ਤੇ ਉਨ੍ਹਾਂ ਉੱਤੇ ਨਿਯਮ ਲਾਗੂ ਨਹੀਂ ਹੋਣੇ ਚਾਹੀਦੇ।' ਇਸ ਤੋਂ ਪਹਿਲਾਂ ਪਾਰਲੀਮੈਂਟ ਵਿਚ ਪ੍ਰਸਤਾਵਤ ਕਾਨੂੰਨ ਦੇ ਰੋਸ ਵਿਚ ਫੇਸਬੁੱਕ ਨੇ ਅੱਜਆਸਟ੍ਰੇਲੀਅਨ ਖ਼ਬਰਾਂ ਨੂੰ ਵੇਖਣਾ ਜਾਂ ਸ਼ੇਅਰ ਕਰਨਾ ਬੰਦ ਕਰ ਦਿੱਤਾ ਹੈ।

## ਆਸਟ੍ਰੇਲੀਆ ਵਿੱਚ ਸਰਕਾਰ ਤੇ ਫੇਸਬੁੱਕ ਵਿੱਚ ਟਕਰਾਅ ਹੋਰ ਵਧਿਆ

### * ਫੇਸਬੁੱਕ ਤੋਂ ਖ਼ਬਰਾਂ ਗ਼ਾਇਬ, ਐਮਰਜੈਂਸੀ ਸੇਵਾਵਾਂ ਪ੍ਰਭਾਵਤ

ਸਿਡਨੀ, 18 ਫਰਵਰੀ, (ਪੋਸਟ ਬਿਊਰੋ)- ਆਸਟ੍ਰੇਲੀਆ ਦੀ ਸਰਕਾਰ ਤੇ ਸੋਸ਼ਲ ਮੀਡੀਆ ਫੇਸਬੁੱਕ ਦੇ ਮਾਲਕਾਂ ਵਿਚਾਲੇ ਕਿਸੇ ਵੀ ਕੰਟੈਂਟ ਦੇ ਭੁਗਤਾਨ ਬਾਰੇ ਚੱਲ ਰਹੇ ਵਿਵਾਦ ਦਾ ਅਸਰ ਵੀਰਵਾਰ ਨੂੰ ਆਸਟ੍ਰੇਲੀਆਈ ਨਾਗਰਿਕਾਂਨੂੰ ਵੀ ਦੇਖਣ ਨੂੰ ਮਿਲਿਆ। ਲੋਕਾਂ ਨੇ ਜਦੋਂ ਆਪਣਾ ਫੇਸਬੁੱਕ ਪੇਜ ਖੋਲ੍ਹਿਆ ਤਾਂ ਨਿਊਜ਼ ਕੰਟੈਂਟ ਦੀ ਕੋਈ ਪੋਸਟ ਦੇਖਣ ਨੂੰਨਹੀਂ ਮਿਲੀ ਤੇਫੇਸਬੁੱਕ ਨੇ ਆਸਟ੍ਰੇਲੀਆ ਵਿੱਚ ਆਪਣੇ ਹੋਮ ਪੇਜ ਉੱਤੇ ਵੀ ਪਾਬੰਦੀ (ਅਨਫਰੈਂਡ) ਲਾ ਦਿੱਤੀ। ਫੇਸਬੁੱਕਵੱਲੋਂ ਇਸ ਕਦਮ ਨਾਲ ਐਮਰਜੈਂਸੀ ਸੇਵਾਵਾਂ ਉੱਤੇਵੀ ਬਹੁਤ ਮਾੜਾ ਅਸਰ ਪਿਆ ਹੈ।

ਖ਼ਬਰਾਂ ਬਣਾਉਣ ਵਾਲਿਆਂ ਅਤੇ ਪਾਰਲੀਮੈਂਟ ਮੈਂਬਰਾਂ ਨੇ ਸੋਸ਼ਲ ਮੀਡਆ ਫੇਸਬੁੱਕ ਦੇਤਾਜ਼ਾ ਕਦਮ ਦੀ ਅਲੋਚਨਾ ਕੀਤੀ ਹੈ। ਇਨ੍ਹਾਂ ਵਿੱਚੋਂ ਕਈਆਂ ਨੇ ਕਿਹਾ ਕਿ ਕੋਰੋਨਾ ਵਾਇਰਸ ਮਹਾਮਾਰੀ ਤੇ ਆਸਟ੍ਰੇਲੀਆ ਵਿੱਚ ਗਰਮੀਆਂ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਦੌਰਾਨ ਸਿਹਤ ਤੇ ਮੌਸਮ ਵਿਗਿਆਨ ਦੇ ਜ਼ਰੂਰੀ ਪੇਜ ਵੀ ਹਟਾ ਦਿੱਤੇ ਗਏ ਹਨ। ਇਸ ਨਾਲ ਆਮ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਆਸਟ੍ਰੇਲੀਅਨ ਸਰਕਾਰ ਦੇ ਨਵੇਂ ਨਿਯਮ ਦੇ ਕਾਰਨ ਨਾਰਾਜ਼ ਫੇਸਬੁੱਕ ਨੇ ਵੀਰਵਾਰ ਸਵੇਰ ਤੋਂ ਆਸਟ੍ਰੇਲੀਅਨ ਨਿਊਜ਼ ਵੈੱਬਸਾਈਟਾਂ ਦੀਆਂ ਖ਼ਬਰਾਂ ਨੂੰ ਪੋਸਟ ਕਰਨਤੋਂ ਰੋਕ ਦਿੱਤਾ ਹੈ। ਇਸ ਦੇ ਨਾਲ ਫੇਸਬੁੱਕ ਨੇ ਆਸਟ੍ਰੇਲੀਅਨ ਯੂਜ਼ਰਜ਼ ਨੂੰ ਆਪਣੇ ਪਲੇਟਫਾਰਮ ਤੋਂ ਆਸਟ੍ਰੇਲੀਅਨ ਜਾਂ ਵਿਦੇਸ਼ੀ ਕਿਸੇ ਵੀ ਹੋਰ ਨਿਊਜ਼ ਵੈੱਬਸਾਈਟ ਦੀ ਖ਼ਬਰ ਨੂੰ ਖੋਲ੍ਹਣਦੀ ਵੀ ਰੋਕ ਲਾ ਦਿੱਤੀ ਹੈ। ਫੇਸਬੁੱਕ ਨੇ ਦੱਸਿਆ ਕਿ ਉਸ ਨੇ ਇਹ ਰੋਕ ਆਸਟ੍ਰੇਲੀਅਨਪਾਰਲੀਮੈਂਟ ਵਿੱਚ ਆਏ ਨਵੇਂ ਕਾਨੂੰਨ ਦੇ ਵਿਰੋਧ ਵਿੱਚ ਲਾਈ ਹੈ।

ਵਰਨਣ ਯੋਗ ਹੈ ਕਿ ਆਸਟ੍ਰੇਲੀਆ ਦੇ ਆਨਲਾਈਨ ਇਸ਼ਤਿਹਾਰਾਂ ਦੇ 81 ਫ਼ੀਸਦੀ ਹਿੱਸੇ ਉੱਤੇਗੂਗਲ ਤੇ ਫੇਸਬੁੱਕ ਨੇ ਕਬਜ਼ਾ ਕਰ ਰੱਖਿਆ ਹੈ। ਇਸ ਲਈ ਆਸਟ੍ਰੇਲੀਅਨ ਸਰਕਾਰ ਨੇ ਖ਼ਬਰਾਂ ਦੇ ਪ੍ਰਕਾਸ਼ਨ ਬਦਲੇ ਗੂਗਲ ਤੇ ਫੇਸਬੁੱਕਵੱਲੋਂ ਭੁਗਤਾਨ ਕਰਨ ਨਾਲ ਜੁੜਿਆ ਬਿੱਲ ਤਿਆਰ ਕੀਤਾ ਹੈ। ਇਸ ਬਿੱਲ ਨੂੰਪਾਰਲੀਮੈਂਟ ਵਿੱਚ ਪ੍ਰਸਤਾਵਤ ਕਾਨੂੰਨ ਵਜੋਂ ਪੇਸ਼ ਕੀਤੇ ਜਾਣ ਉੱਤੇਗੂਗਲ ਨੇ ਆਸਟ੍ਰੇਲੀਆ ਵਿੱਚ ਆਪਣਾ ਸਰਚ ਇੰਜਣ ਬੰਦ ਕਰਨ ਦੀ ਧਮਕੀ ਦਿੱਤੀਤੇ ਇਹ ਕਿਹਾ ਸੀ ਕਿ ਜੇ ਉਸ ਨੂੰ ਖ਼ਬਰਾਂ ਬਦਲੇ ਭੁਗਤਾਨ ਕਰਨ ਲਈ ਮਜਬੂਰ ਕੀਤਾ ਤਾਂ ਉਹ ਆਸਟ੍ਰੇਲੀਅਨ ਲੋਕਾਂਵੱਲੋਂ ਖ਼ਬਰਾਂ ਸ਼ੇਅਰ ਕਰਨ ਉੱਤੇ ਰੋਕ ਲਾ ਦੇਵੇਗੀ। ਅੱਜ ਤੋਂ ਇਹ ਸਚਮੁੱਚ ਹੁੰਦਾ ਹੋਇਆ ਨਜ਼ਰ ਆਉਣ ਲੱਗਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

# ਹਾਰ ਜਾਣੀਆਂ ਕਬਰਾਂ



ਡਾ ਗੁਰਬਖ਼ਸ਼ ਸਿੰਘ ਭੰਡਾਲ

ਹਾਰ ਜਾਣੀਆਂ ਕਬਰਾਂ, ਕਤਲਗਾਹਾਂ, ਸਿੱਵੇ, ਸ਼ਮਸ਼ਾਨਘਾਟ, ਸਮਾਧਾਂ ਅਤੇ ਮਕਬਰੇ। ਜਿੱਤ ਜਾਣੇਘਰ, ਕਮਰੇ, ਵਿਹੜੇ, ਚੌਂਕੇ, ਹਵੇਲੀਆਂ ਅਤੇ ਖੇਤ ਜਿਹਨਾਂ ਨੂੰ ਰੱਸਣ-ਵੱਸਣ ਤੇ ਜਿਊਣ ਦਾ ਵਰਦਾਨ ਮਿਲਣਾ।

ਹਾਰ ਜਾਣੇ ਹੰਝੂ, ਹਾਵੇ, ਹੌਕੇ ਅਤੇ ਸਿੱਸਕੀਆਂ ਜਿਹਨਾਂ ਨੇ ਮਾਸੂਮ ਅਤੇ ਹਾਰੇ ਹੋਏ ਲੋਕਾਂ ਦੇਮੁੱਖੜੇ 'ਤੇ ਚਿਪ-ਕਣਾ। ਜਿੱਤ ਜਾਣੇ ਹਾਸੇ, ਹਿੰਮਤ ਅਤੇ ਹੌਂਸਲੇ ਜਿਹਨਾਂ ਨੇ ਪੁਲਾਂਘਾਂ ਨੂੰ ਨਵੀਆਂ ਦਿਸ਼ਾਵਾਂ ਦੇਣੀਆਂ।

ਹਾਰ ਜਾਣੇ ਬੰਬ, ਬੰਦੂਕਾਂ, ਮਿਜ਼ਾਇਲਾਂ ਅਤੇ ਪ੍ਰਮਾਣੂ ਹਥਿਆਰ ਜਿਹਨਾਂ ਨੇ ਸੱਥਰ ਵਿਛਾਉਣੇਅਤੇ ਘਰਾਂ ਦੇ ਵਿਰਾਗ ਬੁਝਾਉਣੇ। ਜਿੱਤ ਜਾਣੀਆਂ ਮਿੱਤਰ-ਮਿਲਣੀਆਂ ਜਿਹਨਾਂ ਨੇ ਜ਼ਿੰਦਗੀ-ਜਸ਼ਨ ਲਈ ਸੰਦਲੀ ਸਮਿਆਂ ਦੀ ਇਬਾਰਤ ਬਣਨਾ।

ਹਾਰ ਜਾਣਾਸ਼ੈਤਾਨ, ਸ਼ਾਤਰ ਅਤੇ ਹੈਵਾਨੀਅਤ।ਜਿੱਤ ਜਾਣਾ ਇਮਾਨ, ਇਨਸਾਨ ਤੇ ਇਨਸਾਨੀਅਤ ਜਿਸਨੇ ਸਦਾ ਜਿਊਂਦੀ ਰਹਿਣਾ ਅਤੇ ਜਿਸਸਦਕਾ ਮਨੁੱਖ ਨੂੰ ਮਨੁੱਖ ਹੋਣ ਦਾ ਸ਼ਰਫ਼ ਹਾਸਲ।

ਹਾਰ ਜਾਣੇਮੌਤ ਦੇ ਵਪਾਰੀ ਤੇ ਅਸਲੇ ਬਣਾਉਣ ਵਾਲੇ ਕਾਰਪੋਰੇਟ ਅਦਾਰੇ ਜਿਹਨਾਂ ਨੇ ਗਰੀਬ ਦੀ ਬੁੱਰਕੀ 'ਚ ਬਾਰੂਦ ਭਰਨਾ ਅਤੇ ਆਦਮੀ ਦੇ ਤੂੰਬੇ ਉਡਾਕੇ ਆਪਣੇ ਖਜ਼ਾਨੇ ਨੂੰ ਭਰਨਾ। ਜਿੱਤ ਜਾਣੇ ਸੁੱਖਨਦੀਆਂ ਬਾਤਾਂ ਪਾਉਣ ਵਾਲੇ ਦਾਨਸ਼ਵਰ ਅਤੇ ਸ਼ਾਂਤੀ, ਆਪਸੀ ਪਿਆਰ ਤੇ ਸਦਭਾਵਨਾ ਦਾ ਜਾਗ ਲਾਉਣ ਵਾਲੇ ਧਰਮੀ ਲੋਕ ਜਿਹਨਾਂ ਦੀ ਇਬਾਦਤ ਵਿਚੋਂ ਅਨਾਇਤ ਤੇ ਸਦਾਕਤ ਦੀ ਮਹਿਕ ਆਉਂਣੀ।

ਹਾਰ ਜਾਣੀਆਂ ਗਿਰਝਾਂ ਅਤੇ ਕਾਂ ਜਿਹਨਾਂ ਨੇ ਕਾਂਵਾਂ-ਰੌਲੀ ਪਾ ਕੇ ਲਾਸ਼ਾਂ ਨੂੰ ਚਰੂੰਡਣਾ। ਜਿੱਤ ਜਾਣੇ ਗੋਲੇ ਕਬੂਤਰ ਅਤੇ ਘੁੱਗੀਆਂ ਜਿਹਨਾਂ ਨੇ ਅਮਨ-ਅੰਬਰ ਵਿਚ ਉਚੇਰੀ ਉਡਾਣ ਭਰ,ਚੌਗਿਰਦੇ ਵਿਚ ਮੋਹ ਦੀਆਂ ਬਾਤਾਂ ਪਾਉਂਦਿਆਂ, ਆਪਣੀ ਉਡਾਣ ਨੂੰ ਨਵੀਆਂ ਤਰਜ਼ੀਹਾਂ ਅਤੇ ਤਦਬੀਰਾਂ ਨਾਲ ਵਿਉਂਤਣਾ।

ਹਾਰ ਜਾਣੇ ਅਖ਼ਬਾਰਾਂ ਦੇ ਕਾਲੇ ਪੰਨੇ, ਕਲੂਟੇ ਹਰਫ਼ ਅਤੇ ਸੋਗ ਦੇ ਪੰਨੇ ਜਿਹਨਾਂ ਵਿਚਲੀਆਂ ਸੋਗੀਆਂ ਸੂਰਤਾਂ ਨੇ ਮਨੁੱਖ ਨੂੰ ਅ-ਮਨੁੱਖ ਹੋਣ ਦਾ ਮਿਹਣਾ ਦੇਣਾ। ਜਿੱਤ ਜਾਣੀਆਂਕਿਤਾਬਾਂ 'ਚ ਰੱਖੀਆਂ ਗੁਲਾਬ-ਪੱਤੀਆਂ, ਹਰਫ਼ਾਂ 'ਚ ਖਿੜੀਆਂ ਕਲੀਆਂ, ਵਾਕਾਂ ਦੀਆਂ ਡੋਡੀਆਂ ਅਤੇ ਪੁਸਤਕੀ ਸੰਵੇਦਨਾ ਵਿਚ ਸੁਹਜ ਤੇ ਸੁੰਦਰਤਾ ਦੀਆਂ ਪੰਕਤੀਆਂ ਜਿਹਨਾਂ ਨੇ ਹਰਫ਼ਾਂ ਨੂੰ ਧਰਮ-ਗ੍ਰੰਥ ਦਾ ਰੁੱਤਬਾ ਦੇਣਾ।

ਹਾਰ ਜਾਣੀਆਂ ਚੁੜੈਲਾਂ ਤੇ ਚੌਧਰੀ ਜਿਹਨਾਂ ਦੇ ਮੂੰਹ ਨੂੰ ਲਹੂ ਲੱਗਾ ਅਤੇ ਉਹਨਾਂ ਨੇ ਮਨੁੱਖੀ ਖ਼ੂਨ ਨਾਲ ਆਪਣੀ ਪਿਆਸ ਮਿਟਾਉਣੀ। ਜਿੱਤ ਜਾਣੇ ਦੇਵ-ਪੁਰਸ਼ ਜਿਹਨਾਂ ਦੇ ਮਨਾਂ ਵਿਚ ਇਨਸਾਨੀਅਤ ਦਾ ਦੀਵਾ ਅਤੇ ਜਿਹਨਾਂ ਦੀ ਸੋਚ ਵਿਚ ਸੁੱਚਮ ਤੇ ਸਾਦਗੀ ਦੀ ਸੁੱਚੀ ਜੋਤ ਦਾ ਨਿੱਘ ਤੇ ਚਾਨਣ।

ਹਾਰ ਜਾਣੀਆਂ ਮਨੁੱਖ ਨੂੰ ਮਨੁੱਖ ਤੋਂ ਦੂਰ ਕਰਨ ਵਾਲੀਆਂ ਸੋਚਾਂ, ਚਾਲਾਂ ਅਤੇ ਕੋਹਝੀਆਂ ਹਰਕਤਾਂ। ਜਿੱਤ ਜਾਣੀਆਂ ਦੋਸਤੀਆਂ, ਗਲਵਕੜੀਆਂ ਤੇ ਮੁਹਬੱਤੀ ਤਰਾਨੇ ਜਿਹਨਾਂ ਵਿਚ ਮਿਠਾਸ ਅਤੇ ਹਮਜੋਲਤਾ ਦਾ ਸੁੱਗ਼ਮ ਸੰਦੇਸ਼।

ਹਾਰ ਜਾਣੀਆਂ ਟਾਹਰਾਂ ਦੀਆਂ ਧਾੜਾਂ ਅਤੇ ਧਾਵੇ। ਜਿੱਤ ਜਾਣੀ ਸੰਤੁਲਤ ਤੇ ਸਾਵੀਂ ਸੋਚ ਦੀ ਬੋਲਬਾਣੀ ਅਤੇ ਭਾਈਚਾਰਕ ਸਾਂਝ ਦਾ ਹੋਕਾ।

ਹਾਰ ਜਾਣਾ ਸਮਾਜਿਕ ਤਾਣੇ-ਬਾਣੇ ਨੂੰ ਲੀਰਾਂ ਕਰਨ ਵਾਲਾ ਸੇਹ ਦਾ ਤਕਲਾ। ਜਿੱਤ ਜਾਣਾ ਬੋਧ-ਬਿਰਖ ਜੋ ਇਕ ਘਰ ਦੀ ਛਾਂ ਬਣਨ ਤੋਂ ਬਾਅਦ ਦੂਸਰੇ ਘਰ ਦੀਆਂ ਕੰਧਾਂ ਤੋਂ ਵੀ ਛਾਂ ਬਣਨ ਲਈ ਅਹੁਲਦਾ।

ਹਾਰ ਜਾਣੀ ਘਿੱਗੀ, ਹਿੱਚਕੀ ਅਤੇ ਭੁੱਬ। ਜਿੱਤ ਜਾਣੀ ਜ਼ਿੰਦਗੀ,ਜ਼ਿੰਦਾਦਿਲੀ ਅਤੇ ਜਾਂ-ਬਾਜ਼ੀ ਜੋ ਹੈ ਸਮਿਆਂ ਦਾ ਸੱਚ।

ਹਾਰ ਜਾਣੀਆਂ ਨਫ਼ਰਤ, ਘ੍ਰਿਣਾ ਅਤੇ ਵਿਰੋਧ ਦੀਆਂ ਲਿਖਤਾਂ। ਜਿੱਤ ਜਾਣੀਆਂ ਵਾਰਿਸ਼ ਸ਼ਾਹ, ਸ਼ਿਵ ਕੁਮਾਰ ਬਟਾਲਵੀ, ਬਾਬਾ ਨਜ਼ਮੀ, ਪਾਤਰ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਿਰਤਾਂ ਵਿਚਲਾ ਕਿਰਨ-ਕਾਫ਼ਲਾ ਜਿਹਨਾਂ ਨੇ ਹਨੇਰੇ ਰਾਹਾਂ ਵਿਚ ਹਮੇਸ਼ਾ ਰੌਸ਼ਨੀ ਫੈਲਾਣੀ।

ਹਾਰ ਜਾਣੇ ਮੰਦਰ, ਮਸਜਿੱਦ, ਗੁਰਦੁ-ਆਰੇ ਅਤੇ ਚਰਚਾਂ 'ਤੇ ਕਾਬਜ਼ ਅਧਰਮੀ ਲੋਕ। ਜਿੱਤ ਜਾਣੀਆਂ ਭਲਿਆਈ, ਚੰਗਿਆਈ ਤੇ ਬੰਦਿਆਈ ਦੀਆਂ ਬਰਕਤਾਂ ਜਿਹਨਾਂ ਵਿਚੋਂ ਜ਼ਿੰਦਗੀ ਨੂੰ ਨਵੀਂ ਸੇਧ, ਸੁਪਨਾ ਅਤੇ ਸਮਰਪਿੱਤਾ ਦਾ ਅਹਿਸਾਸ। ਆਦਮੀਅਤ ਦਾ ਜਿੱਤਣਾ ਹੀ ਸਭ ਤੋਂ ਵੱਡਾ ਜਸ਼ਨ।

ਹਾਰ ਜਾਣੀਆਂ ਵਲਗਣਾਂ, ਕੰਧਾਂ ਅਤੇ ਓਹਲੇ। ਜਿੱਤ ਜਾਣੇ ਖੁੱਲੇ ਵਿਹੜੇ, ਦੂਰ ਤੀਕ ਫੈਲਦੇ ਖੇਤ, ਵਿਸ਼ਾਲ ਅੰਬਰ, ਹਵਾ, ਧਰਤੀ, ਪਾਣੀ ਅਤੇ ਪਰਿੰਦਿਆਂ ਦੀ ਉਡਾਣ।

ਹਾਰ ਜਾਣੀ ਸੰਕੀਰਨਤਾ, ਸਾਜਸ਼ ਅਤੇ ਸੂਲੀ। ਜਿੱਤ ਜਾਣੀ ਵਿਚਾਰਕ-ਸਾਂਝ, ਇਕ ਦੂਜੇ ਦੇ ਦਰਦਾਂ ਦੀ ਹਾਥ, ਕਿਸੇ ਦੀ ਪੀੜ ਵਿਚ ਬਣਿਆ ਹੰਝੂ, ਦੂਸਰੇ ਦੀ ਖੁਸ਼ੀ ਵਿਚ ਪਾਏ ਭੰਗੜੇ ਅਤੇ ਦੂਸਰੇ ਦੀ ਆਮਦ ਵਿਚ ਡਾਹਿਆ ਦਿਲ ਦਾ ਪੀਹੜਾ।

ਹਾਰ ਜਾਣੇ ਤੁਅੱਸਬੀ ਲੋਕ। ਜਿੱਤ ਜਾਣਾ ਬਾਬਾ ਨਾਨਕ, ਰਾਮ, ਸ਼ੇਖ ਫਰੀਦ, ਸਾਈਂ ਮੀਆਂ ਮੀਰ, ਬਾਬਾ ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਭਗਤ ਅਤੇ ਪੀਰ।

ਹਾਰ ਜਾਣੀ ਨਿੱਕੇ ਜਹੇ ਦਾਇਰੇ ਵਿਚ ਸਿਮਟੀ ਮਾਨਸਿਕਤਾ ਵਿਚਲੀ ਕਮੀਨਗੀ। ਜਿੱਤ ਜਾਣਾ ਨਨਕਾਣਾ ਸਾਹਿਬ,ਅਜਮੇਰ, ਦਿੱਲੀ, ਲਾਹੌਰ, ਕਟਾਸਰਾਜ਼ ਅਤੇ ਅੰਮ੍ਰਿਤਸਰ।

ਹਾਰ ਜਾਣੀਆਂ ਬਖ਼ਤਰਬੰਦ ਗੱਡੀਆਂ, ਟੈਂਕ, ਤੋਪਾਂ, ਤਲਵਾਰਾਂ, ਬਰਛੇ, ਨੇਜ਼ੇ ਅਤੇ ਤੀਰ। ਜਿੱਤ ਜਾਣਾ ਕਲਮਾਂ, ਦਵਾਤਾਂ, ਪਹਾੜੇ ਅਤੇ ਮੁਹਾਰਨੀ ਦਾ ਮੰਗਲਾਚਾਰ।

ਹਾਰ ਜਾਣੀਆਂ ਉਜਾੜਾਂ, ਥੇਹ, ਮਾਰੂਥਲ ਅਤੇ ਬਰੇਤੇ। ਜਿੱਤ ਜਾਣੇ ਪਿੰਡ, ਸ਼ਹਿਰ, ਦਰਿਆ ਅਤੇ ਬੰਦੇ ਜੰਮਣ ਵਾਲੀਆਂ ਜ਼ਮੀਨਾਂ।

ਹਾਰ ਜਾਣੀਆਂ ਚਾਲਾਂ, ਚਾਣਕੀਆ ਅਤੇ ਚਲਾਕੀਆਂ। ਜਿੱਤ ਜਾਣੀਆਂ ਸੁੰਦਰ ਸੁਪਨੇ ਦੀਆਂ ਤਰਕੀਬਾਂ ਅਤੇ ਸੁਖਨ-ਸੋਚ ਵਿਚਲਾ ਜੀਵਨ ਦਾ ਸੁਭ-ਆਗਮਨ।

ਹਾਰ ਜਾਣੀਆਂ ਕਰਤੂਤਾਂ, ਕੋਹਝਤਾ ਅਤੇ ਕਰੂਰਤਾ ਜਿਹਨਾਂ ਨੇ ਮੁਹਾਂਦਰਿਆਂ ਨੂੰ ਧੁਆਂਖ਼ਣਾ। ਜਿੱਤ ਜਾਣੇਕਰਨੀਆਂ, ਕੀਰਤੀਆਂ ਅਤੇ ਕਰਮਯੋਗਤਾ ਵਿਚਲੇ ਕੀਰਤੀਮਾਨ।

ਹਾਰ ਜਾਣੀ ਸਿਉਂਕੀ ਸੋਚ, ਸਰਾਪ ਅਤੇ ਸੰਗ-ਦਿਲੀ। ਜਿੱਤ ਜਾਣਾਵਰ, ਵਰਦਾਨ, ਵਜੂਦ ਅਤੇ ਵੰਝਲੀਆਂ ਜੋ ਨੇ ਮਨੁੱਖ-ਭਾਵੀ ਹੋਣ ਦਾ ਫਰਜ਼।

ਹਾਰ ਜਾਣਾਹਫ਼ਣਾ, ਹਾਰਨਾ, ਹੰਭਣਾ, ਹੌਂਕਣਾ ਅਤੇ ਹਿਝੌਕੇ। ਜਿੱਤ ਜਾਣੀਆਂ ਜ਼ਿੰਦਗਾਨੀਆਂ, ਜਵਾਨੀਆਂ ਅਤੇ ਜਿੱਤਾਂ।

ਹਾਰ ਜਾਣੀ ਰੁੰਡ-ਮਰੁੰਡਤਾ, ਹੀਣਤਾ ਅਤੇ ਹਰਖ਼। ਜਿੱਤ ਜਾਣੀਆਂ ਕੋਮਲ ਪੱਤੀਆਂ, ਕੂਲੀਆਂ ਲੱਗਰਾਂ, ਬਹਾਰਾਂ ਦੀ ਰੁੱਤ, ਫੁੱਲਾਂ ਦੇ ਰੰਗ, ਮਹਿਕਾਂ ਦਾ ਵਣਜ, ਤਿੱਤਲੀਆਂ ਦੀ ਰੰਗ-ਬਿਰੰਗਤਾ ਅਤੇ ਇਹਨਾਂ ਦੇ ਪਰਾਂ ਵਿਚ ਨਿੱਕੀ-ਨਿੱਕੀ ਪ੍ਰਵਾਜ਼ ਦਾ ਹੁਲਾਰ।

ਹਾਰ ਜਾਣੀ ਮੱਸਿਆ, ਝੱਖੜ, ਹਨੇਰੀ ਅਤੇ ਅਲਾਮਤਾਂ ਦਾ ਸ਼ੋਰ। ਜਿੱਤ ਜਾਣੀ ਪੁੰਨਿਆਂ, ਬਨੇਰੇ 'ਤੇ ਜਗਦੀ ਮੋਮਬੱਤੀਆਂ ਦੀ ਡਾਰ, ਰੁੱਮਕਦੀ ਪੌਣ ਅਤੇ ਨਿਆਮਤਾਂ ਦੀ ਨਿਰਮਲ-ਧਾਰਾ।

ਹਾਰ ਜਾਣਾ ਬੋਲਾਂ ਵਿਚਲਾ ਜ਼ਹਿਰ, ਕਹਿਰੀ-ਕਹਿਰ ਅਤੇ ਖੰਡਰ ਸ਼ਹਿਰ। ਜਿੱਤ ਜਾਣੀ ਅੰਮ੍ਰਿਤਧਾਰਾ, ਬਰਸਦੀ ਮਿਹਰ ਅਤੇ ਘੁੱਗ ਵੱਸਦਾ ਮਿੱਤਰਾਂ ਦਾ ਸ਼ਹਿਰ ਜਿਸਦੀ ਹਰ ਨੁੱਕਰ ਵਿਚੋਂ ਉਗਮਣੀ ਸਵੇਰ ਅਤੇ ਹਰ ਗਲੀ 'ਚ ਗੂੰਜਦੀ ਫ਼ੱਕਰਾਂ ਦੀ ਅਲਹਾਮੀ ਹੂਕ।

ਹਾਰ ਜਾਣੀ ਸੁੰਨ-ਮਸਾਨ, ਮੂਕ-ਚੁੱਪ, ਅੰਤਮ-ਅਰਦਾਸ ਅਤੇ ਮਰਸੀਆ। ਜਿੱਤ ਜਾਣੀ ਹਰਦਿਲ-ਅਜ਼ੀਜੀ, ਮੰਨਤਾਂ ਤੇ ਮੁਰਾਦਾਂ ਦੀ ਮਰਿਆਦਾ ਅਤੇ ਜਿਉਂਦੇ ਰਹਿਣ ਦੀ ਦੁਆ।

ਹਾਰ ਜਾਣੀ ਨਮੋਸ਼ੀ, ਨਕਾਰਾਤਮਿਕਤਾ ਅਤੇ ਨਲਾਇਕੀ। ਜਿੱਤ ਜਾਣੀ ਸਕਾਰਤਮਿਕਤਾ, ਸੁਪਨਾ ਅਤੇ ਸਰਗੋਸ਼ੀ ਜਿਸਨੇ ਜਿੰਦਗੀ ਨੂੰ ਜਿਊਣ ਦਾ ਵੱਲ ਸਿਖਾਉਣਾ ਅਤੇ ਸੂਝ-ਸਿਆਣਪ ਨੂੰ ਜੀਵਨ-ਪਗਡੰਡੀ 'ਚ ਉਪਜਾਣਾ।

ਹਾਰ ਜਾਣੀਆਂ ਭੂਤਰੀਆਂ ਹਵਾਂਵਾਂ, ਔਂਤਰੀਆਂ ਫਿਜ਼ਾਵਾਂ ਅਤੇ ਸਾੜ-ਸੱਤੀ ਵਰਤਾਉਣ ਵਾਲੀਆਂ ਬਲਾਵਾਂ। ਜਿੱਤ ਜਾਣੀ 'ਵਾਵਾਂ ਦੀ ਸੰਗੀਤਕਤਾ, ਪੌਣਾਂ ਦੀ ਪਾਕੀਜ਼ਗੀ ਅਤੇ ਦਰਦਮੰਦਾਂ ਲਈ ਦੁਆਵਾਂ ਜਿਹਨਾਂ ਨੇ ਬਣਨਾ ਔੜ-ਪਿੰਡੇ ਦੀਆਂ ਕਾਲੀਆਂ ਘਟਾਵਾਂ ਅਤੇ ਭੁੱਖਮਰੀ ਦੀ ਜ਼ਹਾਲਤ ਲਈ ਅਦਲੀ-ਅਦਾਵਾਂ।

ਹਾਰ ਜਾਣਾ ਝੂਠ, ਝਮੇਲੇ, ਝਗੜੇ ਅਤੇ ਝਰੀਟਾਂ। ਜਿੱਤ ਜਾਣਾ ਸੱਚ, ਸੁਲਾਹ, ਸਮਝੌਤਾ ਅਤੇ ਸਿਹਤਮੰਦੀ ਜਿਸ ਨੇ ਜਗਾਉਣਾ ਹਰ ਵਿਹੜੇ ਵਿਚ ਚਿਰਾਗ, ਹਰ ਚੁੱਲੇ ਦੀ ਅੱਗ ਨੇ ਕਰਨੀਆਂ ਚੁੱਗਲੀਆਂ ਅਤੇ ਚੌਂਕੇ ਵਿਚ ਲੱਗਣੀ ਪਰਿਵਾਰਕ-ਮਹਿਫ਼ਲ। ਕੰਧਾਂ ਦੀਆਂ ਵਲਗਣਾਂ ਨੇ ਬਣਨਾ ਘਰ ਅਤੇ ਕਮਰਿਆਂ ਨੇ ਕਰਨੀ, ਕਰਮੀਆਂ ਲਈ ਕਾਮਨਾ।

ਹਾਰ ਜਾਣਾ ਹਾਕਮ, ਹੰਕਾਰ ਅਤੇ ਹੈਂਕੜ। ਜਿੱਤ ਜਾਣੀ ਨਿਰਮਾਣਤਾ, ਨੀਝ, ਨਿਰਮਲਤਾ ਅਤੇ ਨਿਮਰਤਾ।

ਹਾਰ ਜਾਣਾ ਤੂਫ਼ਾਨਾਂ ਦਾ ਕਹਿਰ, ਹਵਾਂਵਾਂ ਦੀ ਤਬਾਹੀ ਅਤੇ ਛੰਨਾਂ ਤੇ ਢਾਰਿਆਂ 'ਚੋਂ ਪੈਦਾ ਹੋਣ ਵਾਲਾ ਰੁੱਦਨ ਤੇ ਵਰਲਾਪ। ਜਿੱਤ ਜਾਣੀ ਜੀਵਨ ਬਖ਼ਸ਼ਣ ਵਾਲੀ ਕੁਦਰਤੀ ਨਿਆਮਤਾਂ ਦੀ ਦੇਣ।

ਹਾਰ ਜਾਣੀਆਂ ਚੀਖ਼ਾਂ, ਘਬਰਾਹਟ, ਚਿੱੜਚਿੜਾਪਣ ਅਤੇ ਚੀਖ਼-ਚਿਹਾੜਾ। ਜਿੱਤ ਜਾਣੀਆਂ ਬੱਚਿਆਂ ਦੀਆਂ ਲੋਰੀਆਂ, ਪੂਰਨੇ, ਪਹਾੜੇ, ਕਲਮਾਂ, ਫੱਟੀਆਂ ਅਤੇ ਕਿਤਾਬਾਂ ਵਿਚ ਰੱਖੇ ਮੋਰ-ਪੰਖ।

ਹਾਰ ਜਾਣੇ ਚਮਗਿੱਦੜ, ਹਵਾਂਕਦੇ ਗਿੱਦੜ ਅਤੇ ਰੋਂਦੀ ਕਤੀੜ। ਜਿੱਤ ਜਾਣੇ ਚੌਂਕੇ 'ਤੇ ਪਾਏ ਘੁੱਗੀਆਂ ਤੇ ਮੋਰ, ਦਰੀਆਂ 'ਤੇ ਟਹਿਕਦੇ ਫੁੱਲ ਅਤੇ ਕੰਧਾਂ 'ਤੇ ਉਕਰੀਆਂ ਵੇਲ-ਬੂਟੀਆਂ ਜੋ ਨੇ ਜ਼ਿੰਦਗੀ ਦਾ ਦਾਨ।

ਹਾਰ ਜਾਣਾ ਸੇਜਾਂ, ਸਾਥ, ਸਾਂਝਾਂ, ਸੱਜਣਤਾਈ ਅਤੇ ਸੱਥਾਂ 'ਤੇ ਪੈਣ ਵਾਲਾ ਪ੍ਰਭਾਵੀ ਸਰਾਪ। ਜਿੱਤ ਜਾਣਾ ਕਮਰਿਆਂ ਵਿਚ ਪਸਰਿਆ ਚੁੱਲਬੁੱਲਾਪਣ, ਰਾਂਗਲਾ ਪਲੰਘ, ਹਾਸਿਆਂ-ਠੱਠਿਆਂ ਦੀ ਮੰਡਲੀ, ਮਿੱਤਰ-ਮੋਢਿਆਂ ਦਾ ਮਾਣ ਅਤੇ ਸਾਵੀਂ ਸੋਚ ਵਿਚਲੀ ਸਥਿਰਤਾ ਤੇ ਸਦੀਵਤਾ।

ਹਾਰ ਜਾਣੇ ਨਿੱਜੀ ਮੁਫਾਦ, ਸੌੜੀ ਸੋਚ ਅਤੇ ਸੋਗੀ ਵਾਤਾਵਰਣ। ਜਿੱਤ ਜਾਣਾ ਸਰਬੱਤ ਦਾ ਭਲਾ, ਸ਼ੁਭ-ਕਰਮਨ ਅਤੇ ਵਿਸ਼ਵ-ਦਾਇਰਿਆਂ ਵਿਚ ਵਿਸ਼ਾਲਤਾ ਦਾ ਪ੍ਰਵਾਹ।

ਹਾਰ ਜਾਣੇ ਤਜ਼ੌਰੀਆਂ ਅਤੇ ਤਹਿਖਾਨਿਆਂ ਵਿਚ ਤਹਿ-ਦਰ-ਤਹਿ ਲੱਗਣ ਵਾਲੇ ਧਨ-ਅੰਬਾਰਾਂ ਦੇ ਅੰਕੜੇ। ਜਿੱਤ ਜਾਣੀ ਗਰੀਬੀ, ਗੁਰਬ਼ਤ, ਗੁੰਮਨਾਮੀ ਅਤੇ ਗਨੀਮਤਾ ਨੂੰ ਗਲੇ ਲਾ ਕੇ, ਨਵੇਂ ਸਮਾਜ ਤੇ ਸਰੋਕਾਰਾਂ ਦੀ ਸਿਰਜਣ-ਸੋਝੀ।

ਹਾਰ ਜਾਣੀ ਹਾਬੜੇ ਹਾਵ-ਭਾਂਵਾਂ ਦੀ ਹਰਕਤ ਅਤੇ ਹਲਕਿਆ ਹਰਕਾਰਾ। ਜਿੱਤ ਜਾਣਾ ਸਹਿਜ, ਸੰਤੋਖ, ਸੁਖ਼ਮਤਾ ਅਤੇ ਸੰਪੂਰਨਤਾ ਵਿਚੋਂ ਜੀਵਨ ਦਾ ਸੁੱਚਮ ਲੋਚਣ ਵਾਲੀ ਸੋਚ-ਧਾਰਾ।

ਹਾਰ ਜਾਣੇ ਮਹਿਲ ਮੁਨਾਰੇ, ਬਹੁ-ਮੰਜਲ਼ੇ ਚੁਬਾਰੇ ਅਤੇ ਉਚ-ਦੁਮੇਲੜੇ ਦੁਆਰੇ। ਜਿੱਤ ਜਾਣੀਆਂ ਕੁੱਲੀਆਂ, ਢਾਰੇ, ਛੰਨਾਂ ਅਤੇ ਚਾਰ ਕੁ ਖਾਨਿਆਂ ਵਾਲੇ ਬਿਨ-ਬੂਹੇ ਘਰ ਦੇ ਖੁੱਲ੍ਹੇ ਭਿੱਤ।

ਹਾਰ ਜਾਣੇ ਬਗਲ 'ਚ ਛੁਪਾਏ ਹਥਿਆਰ, ਮਨ ਦੇ ਮਾਰੂ ਵਿਚਾਰ ਅਤੇ ਕੱਛ ਵਿਚ ਲਕੋਈ ਕਟਾਰ। ਜਿੱਤ ਜਾਣੀ ਸ਼ਬਦਾਂ ਦੀ ਫੁਹਾਰ, ਬੋਲਾਂ ਦੀਆਂ ਫੁੱਲਪੱਤੀਆਂ ਅਤੇ ਨੈਣਾਂ ਵਿਚ ਲੋਕਾਈ ਦੀ ਲੋਰ।

ਹਾਰ ਜਾਣਾ ਪਾਪ, ਪੱਤਝੱੜੀ-ਅੰਦਾਜ਼ ਅਤੇ ਪਾਖੰਡ। ਜਿੱਤ ਜਾਣਾ ਪੁੰਨ, ਕੂਲੇ ਪੱਤਿਆਂ ਦੀ ਰੁੱਤ ਅਤੇ ਅਸਲੀਅਤ ਦੀ ਅਲੰਮਬਰਤਾ।

ਹਾਰ ਜਾਣਾ ਕਤਲ, ਕੁਹਰਾਮ, ਕਠੋਰਤਾ ਅਤੇ ਕਰੂਪਤਾ। ਜਿੱਤ ਜਾਣਾ ਜੀਵਣ, ਮਹਿਫ਼ਲ, ਕੋਮਲਤਾ ਅਤੇ ਭਾਈ ਘਨਈਆ।

ਹਾਰ ਜਾਣੀ ਹਾਸਿਆਂ ਦੀ ਹਵਾਲਾਤ ਅਤੇ ਕਹਿਕਹਿਆਂ ਦੀ ਕਾਲ-ਕੋਠੜੀ। ਜਿੱਤ ਜਾਣੀ ਚਾਵਾਂ ਦੀ ਚੰਗੇਰ ਅਤੇ ਸੂਰਜ਼-ਸੰਧਾਰਾ।

ਹਾਰ ਜਾਣਾ ਦੈਂਤ, ਰਾਖ਼ਸ਼ਸ਼ ਅਤੇ ਰੋਣ। ਜਿੱਤ ਜਾਣਾ ਦੇਵਤਾ, ਦਾਨੀ ਅਤੇ ਹਾਸਾ।

ਹਾਰ ਜਾਣੇਧੌਣਾਂ 'ਚ ਗੱਡੇ ਕਿੱਲੇ, ਹੰਕਾਰ, ਹੱਠਧਰਮੀ ਅਤੇ ਹਿੰਡ। ਜਿੱਤ ਜਾਣੀ ਹਲੀਮੀ, ਹਰਮਨ-ਪਿਆਰਤਾ ਅਤੇ ਹਾਂ-ਮੁੱਖੀ ਹੁੰਗਾਰਾ।

ਹਾਰ ਜਾਣੀ ਤੋਤਲੇ ਬੋਲੀ 'ਤੇ ਹੋਣ ਵਾਲੀ ਗੜ੍ਹੇਮਾਰੀ, ਮਿੱਟੀ ਦੇ ਖਿਡੌਣਿਆਂ ਨੂੰ ਖੋਹਣ ਅਤੇ ਫੇਹਣ ਦੀ ਬਿਰਤੀ। ਜਿੱਤ ਜਾਣਾ ਮਾਪਿਆਂ ਦਾ ਬੱਚਿਆਂ ਲਈ ਲਾਡ-ਪਿਆਰ, ਦੁਲਾਰ, ਗੋਦ ਦਾ ਨਿੱਘ, ਬੁੱਕਲ ਦੀ ਓਟ ਅਤੇ ਸਿਰ ਦੀ ਛਾਂ।

ਹਾਰ ਜਾਣੀਆਂ ਰਾਹ ਦੀਆਂ ਖਾਈਆਂ, ਪੈਂਡਿਆਂ ਵਿਚਲੇ ਕੰਡੇ, ਤੇਜ਼ ਤੱਤੀਆਂ ਲੂਆਂ ਅਤੇ ਚੌਮਾਸੇ। ਜਿੱਤ ਜਾਣੇ ਬਾਲਾਂ ਦੇ ਗਡੀਰੇ, ਬਜ਼ੁਰਗਾਂ ਦੀਆਂ ਡੰਗੋਰੀਆਂ, ਮਾਂ ਲਈ ਜਵਾਨ ਮੋਢੇ ਅਤੇ ਮੋਹ-ਭਿੱਜੀ ਮਮਤਾ।

ਹਾਰ ਜਾਣੀ ਸਿਰ 'ਤੇ ਲਈ ਜਾਣ ਵਾਲੀ ਚਿੱਟੀ ਚੁੰਨੀ, ਦੀਦਿਆਂ ਵਿਚ ਸੁਪਨਿਆਂ ਦਾ ਮਾਤਮ ਅਤੇ ਹੋਠਾਂ 'ਤੇ ਚੁੱਪ ਦੀ ਪੇਪੜੀ। ਜਿੱਤ ਜਾਣੀ ਸਿਰ 'ਤੇ ਸੱਜੀ ਸੂਹੀ ਫੁੱਲਕਾਰੀ, ਸੰਧੂਰੀ ਸੁਪਨਿਆਂ ਦਾ ਸੱਚ ਅਤੇ ਬੁੱਲਾਂ 'ਤੇ ਨਿੱਕੀਆਂ-ਨਿੱਕੀਆਂ ਬਾਤਾਂ ਤੇ ਹੁੰਗਾਰੇ।

ਹਾਰ ਜਾਣੇ ਮਜ਼ਮੇ, ਮਸਖ਼ਰੇ ਅਤੇ ਮਖੌਟੇ। ਜਿੱਤ ਜਾਣਾ ਭਰਾਤਰੀ ਭਾਵ, ਪਾਕ-ਵਿਚਾਰ ਅਤੇ ਅਸਲੀਅਤ ਦਾ ਦੀਦਾਰ।

ਹਾਰ ਜਾਣੀ ਬੁਰਿਆਈ, ਬਦਬੂ, ਬਦ-ਇਖ਼ਲਾਕੀ ਅਤੇ ਬਦ-ਅਮਨੀ। ਜਿੱਤ ਜਾਣੀ ਚੰਗਿਆਈ, ਖੁਸ਼ਬੋਈ, ਇਖ਼ਲਾਕ ਅਤੇ ਚਿੱਟੇ ਕਬੂਤਰਾਂ ਦੀ ਲਾਮਡੋਰੀ।

ਹਾਰ ਜਾਣੀ ਜੰਗ, ਜ਼ੁਲਮ, ਜਨੂੰਨ ਅਤੇ ਜ਼ਾਹਲਪੁਣਾ। ਜਿੱਤ ਜਾਣਾ ਜ਼ਜਬਾ, ਜਜ਼ਬਾਤ, ਜ਼ਿੰਦਗੀ ਅਤੇ ਜ਼ਿੰਦਗੀਨਾਮਾ।

ਹਰ ਜੀਵਨ-ਰਾਹ 'ਤੇ ਜ਼ਿੰਦਗੀ ਨੂੰ ਜ਼ਿੰਦਾਬਾਦ ਕਹਿਣਾ ਤਾਂ ਬਣਦਾ ਹੀ ਹੈ।

ਫੋਨ# 216-556-2080

# ਲੂਸਦੇ ਸ਼ਬਦ

-ਕਰਨੈਲ ਸਿੰਘ ਸੋਮਲ

ਸ਼ਬਦ ਦੀ ਮਹਿਮਾ ਅਕੱਥ ਹੈ। ਸ਼ਬਦ ਮਨੁੱਖ ਨੂੰ ਸ਼ਕਤੀ ਦਿੰਦਾ ਹੈ ਤੇ ਮੁਕਤੀ ਵੀ। ਡਾਢੀਆਂ ਔਖਿਆਈਆਂ ਵਿੱਚ ਢੇਰੀ ਢਾਹ ਬੈਠੇ ਬੰਦੇ ਨੂੰ ਮੁੜ ਚੜ੍ਹਦੀ ਕਲਾ ਵਿੱਚ ਹੋਣ ਲਈ ਹੌਸਲਾ ਵੀ ਇਹੋ ਦਿੰਦਾ ਹੈ। ਸ਼ਬਦ ਸਿਰਜਣਾ ਵਿੱਚ ਸਹਾਈ ਹੁੰਦਾ ਹੈ। ਇਸ ਵਿੱਚ ਮਨੁੱਖ ਦੀਆਂ ਉੱਚ ਭਾਵਨਾਵਾਂ ਸਾਂਭੀਆਂ ਹੁੰਦੀਆਂ ਹਨ। ਤਦੇ ਪੋਥੀ ਅਤੇ ਪੁਸਤਕ ਦੀ ਇੰਨੀ ਪੁੱਛ ਜੁਗੋ-ਜੁਗ ਹੁੰਦੀ ਆਈ ਹੈ। ਸ਼ਬਦ ਜਿੱਥੇ ਠੰਢ ਪਾਉਂਦਾ ਤੇ ਨਿੱਘ ਦਿੰਦਾ ਹੈ, ਉੱਥੇ ਦੂਜੇ ਦੇ ਸਵੈ ਮਾਣ ਨੂੰ ਢਾਹ ਲਾਉਣ ਤੇ ਨੀਵਾਂ ਦਿਖਾਉਣ ਲਈ ਵਰਤਿਆਂ ਇਹ ਹਿੰਸਾ ਦਾ ਵਾਹਨ ਬਣ ਜਾਂਦਾ ਹੈ। ਬਾਟੇ ਵਿੱਚ ਅੰਮ੍ਰਿਤ ਛਕਾਇਆ ਜਾਂਦਾ ਹੈ। ਉਹ ਵੀ ਬਰਤਨ ਸੀ, ਜਿਸ ਵਿੱਚ ਸੁਕਰਾਤ ਨੂੰ ਜ਼ਹਿਰ ਪਿਲਾਇਆ ਗਿਆ ਸੀ।

ਕੋਈ ਜ਼ਮਾਨਾ ਸੀ, ਬਹੁਤੀ ਦੂਰ ਨਹੀਂ, ਮਸਾਂ ਕੁਝ ਦਹਾਕੇ ਪਹਿਲਾਂ, ਜਦੋਂ ਚੁੱਲ੍ਹਾ ਬਾਲਣ ਨੂੰ ਗੁਆਂਢ ਤੋਂ ਅੱਗ ਮੰਗੀ ਜਾਂਦੀ ਸੀ। ਨਾਲੇ ਮੰਗਣ ਵਾਲੀ ਆਖਦੀ, "ਮੈਂ ਰਾਤੀਂ ਚੰਗੀ-ਭਲੀ ਅੱਗ ਦੱਬੀ ਸੀ, ਸਵੇਰੇ ਉਠੀ, ਬਲੀ ਹੀ ਨਾ।" ਚੁੱਲ੍ਹੇ ਵਿੱਚ ਬਲਦੀ ਅੱਗ ਜੀਵਨ ਦਾ ਆਧਾਰ ਬਣਦੀ ਹੈ। ਕਿਸੇ ਦੇ ਘਰ ਨੂੰ ਸਾੜ-ਫੂਕਣ ਲਈ ਜਿਹੜੀ ਚੁਆਤੀ ਲਾਈ ਜਾਂਦੀ ਹੈ, ਉਹ ਵੀ ਅੱਗ ਦਾ ਰੂਪ ਹੁੰਦੀ ਹੈ। ਜਦੋਂ ਸਬਦ ਨੂੰ ਚੁਆਤੀ ਵਜੋਂ ਵਰਤਿਆ ਜਾਵੇ ਤਾਂ ਇਹ ਹਿੰਸਾ ਦਾ ਹਥਿਆਰ ਬਣ ਜਾਂਦਾ ਹੈ। ਕਹਿੰਦੇ ਹਨ, ਸਰੀਰ ਦੇ ਜ਼ਖਮ ਵਕਤ ਨਾਲ ਭਰ ਜਾਂਦੇ ਹਨ, ਪਰ ਹਿੰਸਾ ਵਜੋਂ ਵਰਤੇ ਸ਼ਬਦਾਂ ਦਾ ਘਾਉ ਉਮਰ ਭਰ ਅੱਲ੍ਹਾ ਰਹਿੰਦਾ ਹੈ। ਤਦੇ ਸ਼ਾਬਦਿਕ ਹਿੰਸਾ ਲੂਸਣੀ ਹੁੰਦੀ ਹੈ, ਅੱਗੇ ਤੋਂ ਅੱਗੇ ਸਾੜ ਪੈਦਾ ਕਰਦੀ।

ਗਾਲੀ ਗਲੋਚ ਕਰਦਿਆਂ ਜ਼ੁਬਾਨ 'ਗੰਦੀ' ਹੁੰਦੀ ਹੈ। ਮਿੱਠਾ ਤੇ ਸਹਿਜ ਬੋਲਦਿਆਂ ਉਹੋ ਜੀਭ 'ਰਸਨਾ' ਅਖਵਾਉਂਦੀ ਹੈ। ਬੋਲ ਕੁਬੋਲ ਦੀ ਗੱਲ ਛੱਡੀਏ। ਕਈਆਂ ਨੂੰ ਬਾਲ ਉਮਰੇ ਅਪਮਾਨ ਜਨਕ ਸ਼ਬਦ ਅਕਾਰਨ ਸੁਣਨੇ ਪੈਂਦੇ ਹਨ। ਇਹ ਸ਼ਬਦ ਹਿੰਸਕ ਬਿਰਤੀ ਵਾਲੇ ਮਾਂ-ਪਿਓ ਦੇ ਮੂੰਹੋਂ ਵੀ ਨਿਕਲੇ ਹੋ ਸਕਦੇ ਹਨ ਤੇ ਹੋਰ 'ਨੇੜਲੀਆਂ' ਧਿਰਾਂ ਵੱਲੋਂ ਵੀ। ਕਈ ਨਕਾਰਾ ਸੋਚ ਵਾਲੇ ਲੋਕ ਜਾਣ ਬੁੱਝ ਕੇ ਮਾਸੂਮਾਂ ਨੂੰ ਜ਼ਲੀਲ ਕਰਦੇ ਹਨ। ਉਹ ਬਾਲ ਜਾਂ ਬਾਲੜੀ ਨੂੰ ਉਸ ਦੀ ਜਿਲਦ (ਚਮੜੀ) ਦੇ ਰੰਗ, ਕੱਦ-ਕਾਠ, ਜਾਤੀ ਪਿਛੋਕੜ, ਉਸ ਦੇ ਮਾਪਿਆਂ ਦੇ ਕਿਰਦਾਰ ਆਦਿ ਬਾਰੇ ਨਿਖੇਧੀ ਜਨਕ ਟਿੱਪਣੀਆਂ ਕਰਦੇ ਹਨ। ਸਾਰੇ ਜਾਣਦੇ ਹਨ, ਦੁਨੀਆ ਵਿੱਚ ਕੱਦ-ਕਾਠ ਪੱਖੋਂ ਇਕਸਾਰਤਾ ਨਹੀਂ। ਨੈਣ-ਨਕਸ਼ਾਂ ਪੱਖੋਂ ਵੀ ਸਾਰੇ ਇੱਕੋ ਜਿਹੇ ਨਹੀਂ ਹੁੰਦੇ। ਬੰਦਾ ਕਿਹੋ ਜਿਹੇ ਆਰਥਿਕ ਜਾਂ ਸਮਾਜਕ ਪਿਛੋਕੜ ਵਾਲੇ ਘਰ ਵਿੱਚ ਜੰਮਿਆ ਹੈ, ਉਸ ਦੇ ਮਾਪੇ ਕਿਹੜੇ ਹਨ, ਦੇਸ ਕਿਹੜਾ ਹੈ, ਉਸ ਦੀ ਭਾਸ਼ਾ ਤੇ ਵਿਸ਼ਵਾਸ ਕਿਹੋ ਜਿਹੇ ਹਨ, ਇਨ੍ਹਾਂ ਗੱਲਾਂ ਵਿੱਚ ਉਸ ਦੀ ਆਪਣੀ ਕੋਈ ਮਰਜ਼ੀ ਨਹੀਂ ਹੁੰਦੀ। ਕਿਸੇ ਬੱਚੇ ਲਈ ਇਨ੍ਹਾਂ ਗੱਲੋਂ ਪੱਖੋਂ ਛੁਟਿਆਉਂਦੇ ਕੁਬੋਲ ਸੁਣਨੇ ਘਾਤਕ ਸਾਬਤ ਹੁੰਦੇ ਹਨ। ਵੈਸੇ ਵੱਡੀ ਉਮਰ ਵੀ ਝੂਠੀਆਂ ਤੇ ਮਨੋ-ਕਲਪਿਤ ਊਜਾਂ, ਮਿਹਣੇ, ਛੇੜਾਂ ਤੋਂ ਹੋਰ ਕਬੋਲ ਕਮਜ਼ੋਰ ਧਿਰ ਦੇ ਕੰਨੀਂ ਪੈਂਦੇ ਹਨ। ਮਾਨਸਿਕਤਾ ਦੀ ਹੀ ਗੱਲ ਹੈ, ਕਈ ਤਾਂ ਭੋਲੇ-ਭਾਲੇ ਪੰਛੀਆਂ ਨੂੰ ਫੁੰਡਣ ਅਤੇ ਬੇਕਸੂਰ ਜੀਵਾਂ ਨੂੰ ਮਾਰਨ ਵਿੱਚ ਵੀ ਲੁਤਫ ਮਹਿਸੂਸ ਕਰਦੇ ਹਨ। ਕਿਸੇ ਕਮਜ਼ੋਰ ਨੂੰ ਤੜਫਾ ਕੇ ਹੱਸਦੇ ਹਨ।

ਸਾਡੇ ਸਮਾਜ ਵਿੱਚ ਸਦੀਆਂ ਤੋਂ ਜਾਤ ਪਾਤ ਦੀ ਫਰਜ਼ੀ ਪੌੜੀ ਬਣੀ ਹੋਈ ਹੈ। ਕੋਈ ਜਨਮ ਤੋਂ ਹੀ ਉਪਰਲੇ ਡੰਡੇ ਉੱਤੇ ਬੈਠਾ ਮੰਨਿਆ ਜਾਂਦਾ ਹੈ, ਕੋਈ ਹੇਠਲੇ ਡੰਡੇ ਉਤੇ। ਦੂਜੇ ਪ੍ਰਤੀ ਹਕਾਰਤ ਨੂੰ ਪ੍ਰਗਟਾਉਣ ਲਈ ਉਸ ਨੂੰ ਜਾਤ-ਪਾਤ ਪੱਖੋਂ ਨੀਵਾਂ ਹੋਣਾ ਯਾਦ ਕਰਾਇਆ ਜਾਂਦਾ ਹੈ। ਅਗਾਂਹ ਹੋਰ ਕਿੰਨਾ ਨੀਵਾਂ ਉਤਰਿਆ ਜਾਂਦਾ ਹੈ, ਇਸ ਦੀ ਮਿਸਾਲ ਲਈ ਅਗਲੇ ਨੂੰ ਡੰਗਰ, ਕੁੱਤਾ, ਗਧਾ, ਗਿੱਦੜ, ਬਾਂਦਰ, ਸਪੋਲੀਆ ਆਦਿ ਗਰਦਾਨਿਆ ਜਾਂਦਾ ਹੈ। ਸਰੀਰਕ ਅਪੰਗਤਾ ਹੀ ਲਓ, ਇਹ ਬੱਚੇ ਵਿੱਚ ਕਿਸੇ ਵੀ ਕਾਰਨ ਹੋ ਸਕਦੀ ਹੈ। ਬੋਲਣ ਵਾਲਾ ਅਗਲੇ ਦੀ ਅਪੰਗਤਾ ਦਾ ਮੁੜ ਮੁੜ ਜ਼ਿਕਰ ਕਰ ਕੇ ਉਸ ਦੇ ਹਿਰਦੇ ਨੂੰ ਆਹਤ ਕਰਦਾ ਹੈ ਅਤੇ ਉਹ ਆਪਣੀਆਂ ਕਮੀਆਂ ਨੂੰ ਲੁਕੀਆਂ ਸਮਝਦਾ ਹੈ। ਅਪੰਗ ਆਖੇ ਜਾਂਦੇ ਬੰਦੇ ਵਿੱਚ ਹੋਰ ਅਨੇਕਾਂ ਗੁਣ ਤੇ ਸਮਰੱਥਾਵਾਂ ਹੁੰਦੀਆਂ ਹਨ।

ਹਰ ਬੰਦਾ ਆਪਣੀਆਂ ਸਮਰੱਥਾਵਾਂ ਅਤੇ ਸੰਭਾਵਨਾਵਾਂ ਨੂੰ ਜਗਾ ਕੇ ਆਪਣੀ ਅਪੂਰਨਤਾ ਵਿੱਚ ਵੀ ਪੂਰਨ ਹੁੰਦਾ ਹੈ। ਵਿਦਿਆ ਸਾਨੂੰ ਇਸੇ ਦਿਸ਼ਾ ਵੱਲ ਤੋਰਨ ਦਾ ਯਤਨ ਕਰਦੀ ਹੈ। ਕਿਸੇ ਬਾਲੜੀ ਨੂੰ ਸ਼ੁਰੂ ਤੋਂ ਹੀ 'ਕਾਲੀ ਕਲੋਟੀ' ਆਖਿਆ ਜਾਵੇ ਤਾਂ ਉਹ ਖਾਹਮਖਾਹ ਇਸ ਕਾਰਨ ਹੀਣ ਭਾਵ ਨਾਲ ਗ੍ਰਸੀ ਜਾਵੇਗੀ। ਅਖੌਤੀ ਸੁੰਦਰਤਾ ਸਾਧਨਾ ਦਾ ਵਪਾਰ ਅਜਿਹੀਆਂ ਗਲਤ ਧਾਰਨਾਵਾਂ ਦੇ ਬਲ ਉਤੇ ਹੀ ਵਧਦਾ ਫੁਲਦਾ ਹੈ। ਬੇਸਮਝਾਂ ਦੀਆਂ ਨਕਾਰਾਤਮਕ ਟਿੱਪਣੀਆਂ ਤੋਂ ਭਲਾ ਕੋਈ ਬਾਲ ਜਾਂ ਬਾਲੜੀ ਇਹ ਗੰਢ ਕਿਉਂ ਪੱਲੇ ਪਾਲੇ ਕਿ ਉਸ ਕੋਲ ਸੁਹੱਪਣ ਜਾਂ ਸਿਆਣਪ ਨਹੀਂ ਹੈ। ਹਰ ਜੀਵ ਕੁਦਰਤ ਦਾ ਕ੍ਰਿਸ਼ਮਾ ਹੈ, ਬਾਲ ਤੇ ਬਾਲੜੀਆਂ ਵੀ। ਉਸ ਦੀ ਛਬ ਉਸ ਦੀ ਤੰਦਰੁਸਤੀ, ਉਸ ਦੇ ਛੁਪ ਗੁਣਾਂ ਤੇ ਸਮਰੱਥਾਵਾਂ ਦੇ ਵਿਕਸਤ ਹੋਣ, ਉਸ ਦੇ ਉਦਮ, ਮਿਹਨਤ, ਆਤਮ ਵਿਸ਼ਵਾਸ, ਕਲਾ ਬਣਦੇ ਉਸ ਦੇ ਕੰਮ ਵਿੱਚੋਂ ਝਲਕਣਾ ਹੁੰਦਾ ਹੈ। ਇੱਥੇ ਪ੍ਰੋਫੈਸਰ ਸਾਹਿਬ ਸਿੰਘ ਦੀ ਸਵੈ ਜੀਵਨੀ ਦਾ ਖਿਆਲ ਆਉਂਦਾ ਹੈ। ਸਕੂਲ ਉਹ ਸਾਰੀ ਜਮਾਤ ਵਿੱਚੋਂ ਸਰੀਰ ਦੇ ਕਮਜ਼ੋਰ ਤੇ ਕੱਦ ਪੱਖੋਂ ਛੋਟੇ ਸਨ। ਅਧਿਆਪਕ ਪੰਡਤ ਸ਼ਿਵ ਦਿਆਲ ਕਦੇ ਕਦੇ ਹੱਸ ਕੇ ਉਸ ਨੂੰ ਕਹਿੰਦੇ, "ਅਗਾਂਹ ਉਸ ਦੇ ਪੁੱਤਰ ਢਾਂਗਿਆਂ ਨਾਲ ਬਤਾਊਂ ਲਾ-ਹਿਆ ਕਰਨਗੇ।" ਉਹੀ ਅਧਿਆਪਕ ਸਮਝਦੇ ਸਨ ਕਿ ਇਹ ਵਿਦਿਆਰਥੀ ਸਾਰੀ ਜਮਾਤ ਵਿੱਚੋਂ ਉਘੜਨ ਵਾਲਾ ਹੈ। ਸੱਚੀਂ, ਪਿੱਛੋਂ ਪ੍ਰੋਫੈਸਰ ਸਾਹਿਬ ਸਿੰਘ ਉਚੇ ਕੱਦ ਵਾਲੇ ਵਿਦਵਾਨ, ਲੇਖਕ ਤੇ ਗੁਰਬਾਣੀ ਦੇ ਮਹਾਨ ਟੀਕਾਕਾਰ ਬਣੇ। ਦੁਨੀਆ ਦੀਆਂ ਮਹਾਨ ਹਸਤੀਆਂ ਉਨ੍ਹਾਂ ਦੇ ਵੱਡੇ ਕਾਰਜਾਂ ਕਰ ਕੇ ਜਾਣੀਆਂ ਗਈਆਂ, ਬਾਹਰੀ ਦਿੱਖ ਕਰ ਕੇ ਨਹੀਂ।








CLOSING IN APRIL 2021
Bedroom 4 | Bathroom 2+1
Size (Sq.Ft.) 2455 | Home Details 42'

EXCLUSIVE FOR SALE IN WOODSTOCK




CLOSING IN APRIL 2021
Bedroom 4 | Bathroom 2+1
Size (Sq.Ft.) 2250 | Home Details 36'

EXCLUSIVE
JAMES C


KAMAL SANDHU RE/MAX GOLD REALTY INC BROKERAGE



## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org


IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਆਗੂ ਨੂੰ ਧਰਤੀ ਵੱਲ ਵੇਖਣਾ ਚਾਹੀਦੈ





ਜਤਿੰਦਰ ਪੰਨੂ

ਪੰਝੀ ਕੁ ਸਾਲ ਪਹਿਲਾਂ ਦੀ ਗੱਲ ਹੈ, ਓਦੋਂ ਇਹ ਮੁੱਦਾ ਬੜੇ ਗੰਭੀਰ ਰੂਪ ਵਿੱਚ ਉੱਠਿਆ ਸੀ ਕਿ ਅਕਲ ਦੀ ਗੱਲ ਕਰਨ ਵਾਲੇ 'ਬੁੱਧੀਜੀਵੀ' ਆਪਣੀ ਬੁੱਧੀ ਨੂੰ ਲੋਕਾਂ ਦੇ ਭਲੇ ਲਈ ਵਰਤਣ ਦੀ ਬਜਾਏ ਇੱਕ ਜਾਂ ਦੂਜੀ ਧਿਰ ਦੇ ਹਿੱਤਾਂ ਲਈ ਵਰਤਦੇ ਅਤੇ ਇਸ ਤਰ੍ਹਾਂ ਬੁੱਧੀ ਨਾਲ ਬੇਵਫਾਈ ਕਰਦੇ ਹਨ। ਉਸ ਵੇਲੇ ਅਸੀਂ ਇਹ ਲਿਖਿਆ ਸੀ ਕਿ ਜਿਸ ਕਿਸੇ ਨੇ ਵੀ 'ਬੁੱਧੀਜੀਵੀ' ਲਫਜ਼ ਦੀ ਕਾਢ ਕੱਢੀ ਹੋਵੇਗੀ, ਉਸ ਨੇ ਠੀਕ ਨਹੀਂ ਸੀ ਕੀਤਾ। ਅੰਗਰੇਜ਼ੀ ਦੇ ਦੋ ਸ਼ਬਦ 'ਇੰਟੈਲੀਜੈਂਟ' ਤੇ 'ਇੰਟੈਲੀਜੈਂਸ਼ੀਆ' ਇਸ ਮਕਸਦ ਲਈ ਵਰਤੇ ਜਾਂਦੇ ਹਨ ਤੇ ਇਨ੍ਹਾਂ ਦਾ ਅਸਲ ਅਰਥ ਸਾਡੀ ਸਮਝ ਦੇ ਮੁਤਾਬਕ ਬੁੱਧੀ ਨੂੰ ਵਰਤਣ ਵਾਲੇ ਲੋਕ ਹੋ ਸਕਦਾ ਹੈ, ਬੁੱਧੀ ਦੇ ਆਸਰੇ ਜਿਊਣ ਵਾਲੇ ਨਹੀਂ ਬਣਦਾ। ਇਨ੍ਹਾਂ ਲਈ ਢੁਕਵਾਂ ਸ਼ਬਦ ਜੇ ਵਰਤਣਾ ਹੋਵੇ ਤਾਂ 'ਬੁੱਧੀਮਾਨ' ਵੱਧ ਠੀਕ ਲੱਗਦਾ ਹੈ। ਖੈਰ ਉਹ ਮਾਮਲਾ ਤਾਂ ਬੁੱਧੀਜੀਵੀ ਦਾ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਫਤੇ ਇੱਕ ਲਫਜ਼ 'ਅੰਦੋਲਨ-ਜੀਵੀ' ਬੋਲ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਉਸ ਨੇ ਇਹ ਵੀ ਆਖਿਆ ਕਿ ਜਿਵੇਂ 'ਪਰ-ਜੀਵੀ' ਹੁੰਦੇ ਹਨ, ਜਿਹੜੇ ਆਪਣੇ ਲਈ ਖੁਰਾਕ ਦਾ ਜੁਗਾੜ ਖੁਦ ਨਹੀਂ ਕਰਦੇ, ਸਗੋਂ ਖੁਰਾਕ ਦਾ ਪ੍ਰਬੰਧ ਕਰ ਸਕਣ ਵਾਲੇ ਜੀਵਾਂ ਨੂੰ ਚੰਬੜ ਕੇ ਉਨ੍ਹਾਂ ਦੇ ਆਸਰੇ ਜਿਉਂਦੇ ਹਨ, ਏਦਾਂ ਹੀ 'ਅੰਦੋਲਨ-ਜੀਵੀ' ਹਨ, ਜਿਹੜੇ ਕਿਸੇ ਵੀ ਕਿਸਮ ਦਾ ਕੋਈ ਵੀ ਅੰਦੋਲਨ ਹੋਵੇ, ਉਸ ਨਾਲ ਜੁੜ ਜਾਂਦੇ ਅਤੇ ਆਪਣਾ ਕੰਮ ਚਲਾਉਂਦੇ ਹਨ। ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਦਾ ਵੱਡੇ ਪੱਧਰ ਉੱਤੇ ਵਿਰੋਧ ਹੋਇਆ ਤੇ ਕਈ ਲੋਕਾਂ ਨੇ ਜਵਾਬ ਵਿੱਚ ਮੋਦੀ ਦੀ ਪਾਰਟੀ ਭਾਜਪਾ ਦੇ ਆਗੂਆਂ ਨੂੰ 'ਚੰਦਾ-ਜੀਵੀ' ਤੋਂ ਸ਼ੁਰੂ ਕਰ ਕੇ 'ਦੰਗਾ-ਜੀਵੀ' ਅਤੇ 'ਰਕਤ-ਜੀਵੀ' ਤੱਕ ਦੇ ਮੋੜਵੇਂ ਮਿਹਣੇ ਮਾਰੇ ਹਨ। ਨਰਿੰਦਰ ਮੋਦੀ ਕਿਸੇ ਧਿਰ ਵੱਲੋਂ ਵੀ ਮਾਰੇ ਗਏ ਮਿਹਣੇ ਦੀ ਪ੍ਰਵਾਹ ਨਹੀਂ ਕਰਦਾ ਹੁੰਦਾ, ਉਹ ਜਿੱਦਾਂ ਚੱਲ ਰਿਹਾ ਸੀ, ਓਸੇ ਤਰ੍ਹਾਂ ਚੱਲ ਰਿਹਾ ਹੈ।

ਸਾਰਿਆਂ ਨੂੰ ਪਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਸ ਲਫਜ਼ ਨਾਲ ਚੋਟ ਇੱਕ ਖਾਸ ਆਗੂ ਬਾਰੇ ਕੀਤੀ ਹੈ, ਪਰ ਪ੍ਰਭਾਵ ਸਾਰੇ ਕਿਸਾਨ ਆਗੂਆਂ ਅਤੇ ਸੰਘਰਸ਼ ਕਰਨ ਵਾਲੇ ਹੋਰ ਸਾਰੇ ਲੋਕਾਂ ਬਾਰੇ ਸਾਂਝੀ ਟਿਪਣੀ ਦਾ ਬਣਿਆ ਹੈ। ਅੱਜ ਦੇ ਦੌਰ ਵਿੱਚ ਕਿਸਾਨਾਂ ਦੀ ਅਗਵਾਈ ਕਰਦੇ ਆਗੂ 'ਅੰਦੋਲਨ-ਜੀਵੀ' ਬਿਲਕੁਲ ਨਹੀਂ ਕਹੇ ਜਾ ਸਕਦੇ। ਪਰ-ਜੀਵੀ ਆਪਣੇ ਕੁਦਰਤੀ ਸੁਭਾਅ ਵਜੋਂ ਪਰਾਏ ਖੂਨ ਨਾਲ ਜਿਊਣ ਵਾਲਾ ਹੁੰਦਾ ਹੈ। ਕਿਸਾਨਾਂ ਜਾਂ ਮਜ਼ਦੂਰਾਂ ਲਈ ਸੰਘਰਸ਼ ਦਾ ਰਾਹ ਚੁਣਨ ਵਾਲੇ ਵਰਕਰ ਇਨ੍ਹਾਂ ਅੰਦੋਲਨਾਂ ਆਸਰੇ ਜ਼ਿੰਦਗੀ ਗੁਜ਼ਾਰਨ ਦੀ ਸੋਚ ਵਾਲੇ ਨਹੀਂ ਹੁੰਦੇ, ਇਹ ਲੋਕ ਕਿਸੇ ਖਾਸ ਪੜਾਅ ਉੱਤੇ ਕਿਸੇ ਖਾਸ ਮੁੱਦੇ ਉੱਤੇ ਮਜਬੂਰੀ ਵਿੱਚ ਅੰਦੋਲਨ ਦੇ ਰਾਹ ਓਦੋਂ ਪੈਂਦੇ ਹਨ, ਜਦੋਂ ਸਰਕਾਰ ਅੰਦੋਲਨ ਤੋਂ ਬਿਨਾਂ ਕੀਤੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦੀ। ਇਸ ਵੇਲੇ ਚੱਲਦੇ ਕਿਸਾਨ ਅੰਦੋਲਨ ਦੇ ਆਗੂ ਵੀ ਮੋਦੀ ਸਰਕਾਰ ਦੇ ਜ਼ਿੱਦੀ ਵਿਹਾਰ ਦੇ ਕਾਰਨ ਇਸ ਅੰਦੋਲਨ ਦੇ ਮੈਦਾਨ ਵਿੱਚ ਨਿੱਤਰੇ ਹਨ, ਅੰਦੋਲਨਾਂ ਦੇ ਆਸਰੇ ਜ਼ਿੰਦਗੀ ਗੁਜ਼ਾਰਨ ਦੀ ਨੀਤ ਹੇਠ ਉਹ ਲੋਕ ਇਸ ਸੰਘਰਸ਼ ਦੇ ਲਈ ਠੰਢੀਆਂ ਰਾਤਾਂ ਨੂੰ ਸੜਕਾਂ ਉੱਤੇ ਸੌਣ ਨਹੀਂ ਆਏ। ਪ੍ਰਧਾਨ ਮੰਤਰੀ ਨੂੰ ਏਦਾਂ ਦੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਪਦਵੀ ਦੀ ਥੋੜ੍ਹੀ-ਬਹੁਤ ਝਿਜਕ ਰੱਖ ਕੇ ਬੋਲਣਾ ਚਾਹੀਦਾ ਸੀ।

ਅਸਲ ਵਿੱਚ ਜੇ ਕਿਸੇ ਨੂੰ 'ਅੰਦੋਲਨ-ਜੀਵੀ' ਕਿਹਾ ਜਾ ਸਕਦਾ ਹੈ ਤਾਂ ਉਹ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਾਰਟੀ ਦੇ ਲੋਕ ਹਨ, ਜਿਹੜੇ ਵੱਖ-ਵੱਖ ਅੰਦੋਲਨ ਲੋਕਾਂ ਦੇ ਵਾਸਤੇ ਨਹੀਂ, ਰਾਜ-ਗੱਦੀਆਂ ਤੱਕ ਪੁੱਜਣ ਲਈ ਖੁਦ ਚਲਾਉਂਦੇ ਰਹੇ ਹਨ ਅਤੇ ਇਸ ਵਕਤ ਵੀ ਗੱਦੀਆਂ ਕਾਇਮ ਰੱਖਣ ਲਈ ਚਲਾਈ ਜਾਂਦੇ ਹਨ। ਆਜ਼ਾਦੀ ਵੇਲੇ ਆਪਣੇ ਪਹਿਲੇ ਰਾਜਨੀਤਕ ਰੂਪ ਹਿੰਦੂ ਮਹਾਂ ਸਭਾ ਤੋਂ ਬਾਅਦ ਭਾਰਤੀ ਜਨ-ਸੰਘ ਤੋਂ ਚੱਲਦੀ ਹੋਈ ਮੁਰਾਰਜੀ ਡਿਸਾਈ ਨਾਲ ਮਿਲਣ ਤੇ ਪਿੱਛੇ ਹਟਣ ਪਿੱਛੋਂ ਨਵੀਂ ਬਣਾਈ ਭਾਰਤੀ ਜਨਤਾ ਪਾਰਟੀ ਇਸ ਸਾਰੇ ਦੌਰ ਵਿੱਚ ਹਿੰਦੂ ਭਾਈਚਾਰੇ ਦੀਆਂ ਵੋਟਾਂ ਬਟੋਰਨ ਲਈ 'ਰਾਮ ਮੰਦਰ' ਬਣਾਉਣ ਦਾ ਅੰਦੋਲਨ ਚਲਾਉਂਦੀ ਆਈ ਹੈ। ਇਸ ਪਾਰਟੀ ਨੇ ਕਦੇ 'ਰਾਸ਼ਟਰੀ ਏਕਤਾ ਅਭਿਆਨ' ਸ਼ੁਰੂ ਕੀਤਾ ਸੀ, ਕਦੀ ਰਾਮ-ਮੰਦਰ ਦੇ ਲਈ ਰੱਥ-ਯਾਤਰਾ ਚਲਾਈ ਤੇ ਕਦੇ ਜੰਮੂ-ਕਸ਼ਮੀਰ ਤੋਂ ਕੇਰਲਾ ਤੱਕ 'ਏਕਤਾਮਕਤਾ ਯਾਤਰਾ' ਸ਼ੁਰੂ ਕਰ ਕੇ ਲੋਕਾਂ ਨੂੰ ਇੱਕ ਖਾਸ ਧਰਮ ਦੇ ਨਾਂਅ ਉੱਤੇ ਬਣੀ ਇਸ ਪਾਰਟੀ ਨੂੰ ਵੋਟਾਂ ਪਾਉਣ ਲਈ ਉਕਸਾਉਣ ਦਾ ਕੰਮ ਕੀਤਾ ਸੀ। ਇਹ ਸਾਰੇ ਅੰਦੋਲਨ ਸਿਆਸੀ ਲੋੜਾਂ ਲਈ ਚਲਾਏ ਗਏ ਸਨ ਅਤੇ ਇਨ੍ਹਾਂ ਨੂੰ ਚਲਾਉਣ ਵਲਿਆਂ ਨੂੰ 'ਅੰਦੋਲਨ-ਜੀਵੀ' ਕਿਹਾ ਜਾ ਸਕਦਾ ਹੈ, ਜਦ ਕਿ ਪ੍ਰਧਾਨ ਮੰਤਰੀ ਸਾਹਿਬ ਦੂਜਿਆਂ ਬਾਰੇ ਇਹ ਗੱਲ ਕਹਿ ਰਹੇ ਹਨ। ਰਾਜਸੀ ਲੋੜਾਂ ਦੇ ਲਈ ਇਸ ਤਰ੍ਹਾਂ ਦੀਆਂ 'ਯਾਤਰਾਵਾਂ' ਅਤੇ ਅੰਦੋਲਨ ਚਲਾਉਣ ਵਾਲੀ ਇਹ ਪਾਰਟੀ ਅੱਜਕੱਲ੍ਹ ਪੱਛਮੀ ਬੰਗਾਲ ਵਿੱਚ 'ਪ੍ਰੀਵਰਤਨ ਯਾਤਰਾ' ਦਾ ਢੌਂਗ ਰਚਾ ਕੇ ਕੁਰਸੀ-ਅੰਦੋਲਨ ਚਲਾ ਰਹੀ ਹੈ। ਏਦਾਂ ਉਹ ਪਹਿਲਾਂ ਵੀ ਕਈ ਰਾਜਾਂ ਵਿੱਚ ਕਰ ਚੁੱਕੀ ਹੈ ਅਤੇ ਅੱਗੋਂ ਵੀ ਕਰਦੀ ਰਹੇਗੀ, ਪਰ ਮਿਹਣੇ ਮੋਦੀ ਸਾਹਿਬ ਹੋਰਨਾਂ ਨੂੰ ਮਾਰਦੇ ਹਨ, ਜਦ ਕਿ ਭਾਜਪਾ ਤੋਂ ਉਲਟ ਕਿਸਾਨਾਂ ਦੇ ਆਗੂ ਇਸ ਵਕਤ ਆਮ ਕਿਸਾਨਾਂ ਦੀ ਹੋਂਦ ਅਤੇ ਪੀੜ੍ਹੀਆਂ ਦੇ ਭਵਿੱਖ ਦੀ ਲੜਾਈ ਲੜਦੇ ਪਏ ਹਨ।


ਇੱਕ ਆਮ ਕਹਾਵਤ ਹੈ ਕਿ ਆਦਮੀ ਜਿਸ ਖਸਲਤ ਦਾ ਹੋਵੇ, ਉਸ ਨੂੰ ਦੂਸਰੇ ਲੋਕਾਂ ਵਿੱਚੋਂ ਵੀ ਓਦਾਂ ਦੀ ਤਸਵੀਰ ਨਜ਼ਰ ਆਉਣ ਲੱਗ ਜਾਂਦੀ ਹੈ। ਬਚਪਨ ਤੋਂ ਲੈ ਕੇ ਜਿਸ ਆਦਮੀ ਨੇ ਸਿਰਫ ਅੰਦੋਲਨ ਕੀਤੇ ਅਤੇ ਅਗਲੀ ਉਚਾਈ ਵੱਲ ਨੂੰ ਵਧਣ ਲਈ ਅੰਦੋਲਨਾਂ ਨੂੰ ਪੌੜੀਆਂ ਬਣਾ ਕੇ ਵਰਤਿਆ ਹੈ, ਉਸ ਨੂੰ ਇਹ ਸਮਝ ਨਹੀਂ ਆ ਸਕਦੀ ਕਿ ਇਸ ਦੇ ਬਿਨਾਂ ਵੀ ਕੋਈ ਅੰਦੋਲਨ ਹੁੰਦਾ ਹੈ। ਭਾਰਤ ਵਿੱਚ ਸਮਾਜ ਸੁਧਾਰ ਅੰਦੋਲਨ ਵੀ ਹੋਏ ਹਨ, ਇਸ ਦੇਸ਼ ਨੂੰ ਆਜ਼ਾਦੀ ਦਿਵਾਉਣ ਵਾਸਤੇ ਵੀ ਹੋਏ ਹਨ, ਭ੍ਰਿਸ਼ਟਾਚਾਰ ਦੇ ਵਿਰੁੱਧ ਵੀ ਅੰਦੋਲਨ ਹੋਏ ਹਨ ਅਤੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਮਾਰ ਦੇਣ ਵਾਲੀ ਗੰਦੀ ਮਾਨਸਿਕਤਾ ਠੱਲ੍ਹਣ ਲਈ ਭਰੂਣ ਹੱਤਿਆ ਵਿਰੁੱਧ ਵੀ ਅੰਦੋਲਨ ਹੋਏ ਹਨ। ਇਹੋ ਜਿਹੇ ਅੰਦੋਲਨਾਂ ਵਿੱਚ ਸ਼ਾਮਲ ਹੋਣ ਵਾਲੇ ਆਮ ਲੋਕ ਤੇ ਜਨਤਕ ਆਗੂ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਸੁਫਨਾ ਲੈਣ ਵਾਲੇ ਨਹੀਂ ਸਨ, ਉਹ ਮਨੁੱਖ ਹਿਤੈਸ਼ੀ ਸੋਚ ਨੂੰ ਪ੍ਰਣਾਏ ਹੋਣ ਕਰ ਕੇ ਇਨ੍ਹਾਂ ਅੰਦੋਲਨਾਂ ਵਿੱਚ ਕੁੱਦਦੇ ਤੇ ਜੇਲ੍ਹ ਤੱਕ ਭੁਗਤਦੇ ਰਹੇ ਸਨ। ਭਾਜਪਾ ਹਮਾਇਤੀ ਕਿਸੇ ਰਾਮਦੇਵ ਦਾ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਚੋਰ-ਚੋਰ ਦਾ ਰੌਲਾ ਪਾ ਕੇ ਆਪਣੀ ਦੁਕਾਨਦਾਰੀ ਚਮਕਾਉਣ ਵਾਲਾ ਸੀ, ਪਰ ਰਾਮਦੇਵ ਨੇ ਜਦੋਂ ਮਰਨ-ਵਰਤ ਦਾ ਸਾਂਗ ਰਚਿਆ ਸੀ ਤੇ ਸਾਰੇ ਭਾਰਤ ਦੇ ਭਾਜਪਾ ਪੱਖੀ ਸਾਧ-ਸੰਤ ਉਸ ਦਾ ਵਰਤ ਛੁਡਾਉਣ ਲਈ ਨਾਟਕ ਕਰਦੇ ਪਏ ਸਨ, ਓਦੋਂ ਓਸੇ ਹਸਪਤਾਲ ਵਿੱਚ ਇੱਕ ਅਸਲੀ ਅੰਦੋਲਨਕਾਰੀ ਅੰਤਲੇ ਸਾਹ ਲੈ ਰਿਹਾ ਸੀ। ਪ੍ਰਸਿੱਧੀ ਵਾਲੇ ਅਦਾਰੇ ਤੋਂ ਇੰਜੀਨੀਅਰ ਦੀ ਡਿਗਰੀ ਕਰਨੀ ਛੱਡ ਕੇ ਤਿਆਗੀ ਬਣੇ ਉਸ ਵਿਅਕਤੀ ਨੇ ਜਦੋਂ ਵੇਖਿਆ ਕਿ ਕੁਦਰਤ ਦੇ ਨਾਲ ਖਿਲਵਾੜ ਹੋ ਰਿਹਾ ਹੈ ਤਾਂ ਵਾਤਾਵਰਣ ਬਚਾਉਣ ਲਈ ਉਸ ਨੇ ਏਦਾਂ ਅੰਦੋਲਨ ਛੇੜਿਆ ਸੀ, ਜਿਹੜਾ ਜੀਵਨ ਦੇ ਆਖਰੀ ਸਾਹ ਤੱਕ ਜਾਰੀ ਰੱਖਿਆ ਸੀ। ਗੰਗਾ ਨਦੀ ਇਸ ਦੇਸ਼ ਵਿੱਚ ਪਵਿੱਤਰ ਮੰਨੀ ਜਾਂਦੀ ਹੈ, ਪਰ ਇਸ ਵਿੱਚ ਸਭ ਤੋਂ ਵੱਧ ਗੰਦ ਉਹੋ ਪਾਉਂਦੇ ਹਨ, ਜਿਹੜੇ ਇਸ ਨੂੰ 'ਮਾਂ ਗੰਗਾ' ਕਹਿੰਦੇ ਹਨ। ਉਸ ਇੰਜੀਨੀਅਰ ਤੋਂ ਸੰਤ ਬਣੇ ਨਿਗਮਾਨੰਦ ਨੇ ਇਸ ਗੰਦ ਨੂੰ ਰੋਕਣ ਲਈ ਅੰਦੋਲਨ ਛੇੜਿਆ ਸੀ ਅਤੇ ਇੱਕ ਸੌ ਪੰਦਰਾਂ ਦਿਨਾਂ ਦੀ ਭੁੱਖ ਹੜਤਾਲ ਦੇ ਬਾਅਦ ਆਪਣੀ ਸੋਚ ਲਈ ਜਾਨ ਵਾਰ ਗਿਆ ਸੀ। ਅਸਲੀ ਸੰਤਾਂ ਦਰਮਿਆਨ ਉਸ ਨੂੰ 'ਗੰਗਾ ਪੁੱਤਰ' ਕਿਹਾ ਜਾਂਦਾ ਹੈ। ਮੋਦੀ ਭਗਤਾਂ ਨੂੰ ਪੁੱਛ ਕੇ ਵੇਖ ਲਓ, ਉਨ੍ਹਾਂ ਵਿੱਚੋਂ ਕੋਈ ਉਸ ਬਾਰੇ ਜਾਣਦਾ ਤੱਕ ਨਹੀਂ ਹੋਵੇਗਾ, ਕਿਉਂਕਿ ਇਹ ਲੋਕ ਸਿਰਫ ਡਰਾਮਬਾਜ਼ਾਂ ਨੂੰ ਜਾਣਦੇ ਹਨ, ਅਸਲੀ ਸੰਤ ਅਤੇ ਅਸਲੀ ਅੰਦੋਲਨਕਾਰੀ ਨੂੰ ਜਾਨਣ ਲੱਗਿਆਂ ਇਨ੍ਹਾਂ ਨੂੰ ਸ਼ਰਮ ਆਉਂਦੀ ਹੈ। ਇਹੀ ਕਾਰਨ ਹੈ ਕਿ ਸੌ ਚਲਿੱਤਰ ਕਰਨ ਵਾਲਾ ਰਾਮਦੇਵ ਇਨ੍ਹਾਂ ਨੂੰ ਸਾਧੂ ਜਾਪਦਾ ਹੈ, ਆਸਾ ਰਾਮ ਤੇ ਸਿਰਸੇ ਵਾਲੇ ਰਾਮ ਰਹੀਮ ਵਰਗਾ ਦੁਰਾਚਾਰੀ ਵੀ ਇਨ੍ਹਾਂ ਨੂੰ ਸੰਤ ਤੇ ਸਮਾਜ ਸੁਧਾਰਕ ਲੱਗਦਾ ਹੈ, ਪਰ ਨੇਕੀ ਦੇ ਰਾਹ ਉੱਤੇ ਚੱਲਣ ਵਾਲੇ ਲੋਕ ਚੰਗੇ ਨਹੀਂ ਲੱਗਦੇ, ਇਸ ਲਈ ਇਹ ਲੋਕ ਉਨ੍ਹਾਂ ਦੀ ਭੰਡੀ ਕਰਨ ਵਿੱਚ ਸ਼ਾਨ ਸਮਝਦੇ ਹਨ। ਨਰਿੰਦਰ ਮੋਦੀ ਨੇ ਵੀ ਇਹੋ ਕੀਤਾ ਹੈ।

ਵਕਤ-ਵਕਤ ਦੀ ਗੱਲ ਹੁੰਦੀ ਹੈ। ਅੱਜ ਨਰਿੰਦਰ ਮੋਦੀ ਦਾ ਸਿੱਕਾ ਚੱਲਦਾ ਤੇ ਉਸ ਦੀ ਹਰ ਗੱਲ ਏਦਾਂ ਸੱਚੀ ਮੰਨੀ ਜਾਂਦੀ ਹੈ, ਜਿਵੇਂ ਪੰਜਾਬੀ ਮੁਹਾਵਰਾ ਹੈ ਕਿ 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ', ਪਰ ਦਿਨ ਸਦਾ ਇੱਕੋ ਜਿਹੇ ਨਹੀਂ ਰਹਿੰਦੇ ਹੁੰਦੇ। ਜਿਨ੍ਹਾਂ ਨੇ ਇੱਕ ਸਮੇਂ 'ਇੰਦਰਾ ਇਜ਼ ਇੰਡੀਆ' ਦਾ ਨਾਅਰਾ ਲਾਉਣ ਦੀ ਖੁਸ਼ੀ ਮਹਿਸੂਸ ਕੀਤੀ ਸੀ, ਉਹ ਅੱਜ ਕੱਖੋਂ ਹੌਲੇ ਹੋਏ ਪਏ ਹਨ। ਉਹ ਦਿਨ ਨਹੀਂ ਰਹਿ ਸਕੇ ਤਾਂ ਅੱਜ ਵਾਲੇ ਵੀ ਨਹੀਂ ਰਹਿਣੇ। ਸਮਾਂ ਕਦੋਂ ਕਿੱਧਰ ਨੂੰ ਪਲਟੀ ਮਾਰ ਜਾਵੇ, ਪਤਾ ਨਹੀਂ ਲੱਗਦਾ ਅਤੇ ਇਸ ਬਾਰੇ ਨਰਿੰਦਰ ਮੋਦੀ ਨੂੰ ਉਸ ਲਾਲ ਕ੍ਰਿਸ਼ਨ ਅਡਵਾਨੀ ਵੱਲ ਵੇਖ ਕੇ ਸਮਝ ਜਾਣਾ ਚਾਹੀਦਾ ਹੈ, ਜਿਹੜਾ ਕਦੀ ਡਿਪਟੀ ਪ੍ਰਧਾਨ ਮੰਤਰੀ ਹੁੰਦਿਆਂ ਅਸਲੀ ਪ੍ਰਧਾਨ ਮੰਤਰੀ ਤੋਂ ਵੱਧ ਭਾਰੂ ਗਿਣਿਆ ਜਾਂਦਾ ਸੀ ਤੇ ਅੱਜ ਉਸ ਨੂੰ ਕੋਈ ਮਿਲਣ ਵੀ ਨਹੀਂ ਜਾਂਦਾ। ਜਿਹੜੇ ਲੋਕ ਅੱਜ ਪ੍ਰਧਾਨ ਮੰਤਰੀ ਦੀ ਕੁਰਸੀ ਮੱਲੀ ਬੈਠੇ ਨਰਿੰਦਰ ਮੋਦੀ ਦੇ ਅੱਗੇ-ਪਿੱਛੇ ਨੱਚਦੇ ਫਿਰਦੇ ਹਨ, ਜ਼ਰਾ ਕੁ ਹਾਲਾਤ ਬਦਲ ਗਏ ਤਾਂ ਇਹ ਨਵੇਂ ਲੀਡਰ ਦੇ ਚਰਨ ਚੁੰਮਣ ਤੁਰ ਪੈਣਗੇ। ਬੰਦੇ ਦੇ ਜੀਵਨ ਦੀਆਂ ਤ੍ਰਿਕਾਲਾਂ ਪੈਂਦਿਆਂ ਚਿਰ ਲੱਗਦਾ ਹੈ, ਹਾਲਾਤ ਦਾ ਪ੍ਰਛਾਵਾਂ ਢਲਦਿਆਂ ਦਾ ਪਤਾ ਨਹੀਂ ਲੱਗਦਾ ਹੁੰਦਾ। ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਆਗੂ ਨੂੰ ਜ਼ਰਾ ਕੁ ਧਰਤੀ ਵੱਲ ਵੇਖ ਕੇ ਬੋਲਣਾ ਚਾਹੀਦਾ ਹੈ।



# ਕਿਸਾਨ ਸੰਘਰਸ਼ ਹੋਰ ਸ਼ਕਤੀਸ਼ਾਲੀ ਹੋਕੇ ਉੱਭਰੇਗਾ

ਕਿਸਾਨ ਸੰਘਰਸ਼ ਪਹਿਲਾਂ ਨਾਲੋਂ ਵੀ ਹੋਰ ਤੱਕੜਾ ਅਤੇ ਸ਼ਕਤੀਸ਼ਾਲੀ ਹੋ ਕੇ ਉਭਰੇਗਾ। ਪਹਿਲਾਂ ਨਾਲੋਂ ਵੀ ਹੋਰ ਤੱਕੜਾ ਅਤੇ ਸ਼ਕਤੀਸ਼ਾਲੀ ਹੋ ਕੇ ਕਿਉਂ ਉੱਭਰੇਗਾ? ਕਿਉਂਕਿ ਇਹ ਸੰਘਰਸ਼ ਇੱਕਲਾ ਕਿਸਾਨਾਂ ਦੇ ਹਿੱਤਾਂ ਲਈ ਨਹੀਂ ਹੈ। ਇਹ ਸੰਘਰਸ਼ ਪੂਰੀ ਲੋਕਾਈ ਲਈ ਹੈ, ਭਾਵੇਂ ਦੇਖਣ ਨੂੰ ਉਪਰੋਂ ਉਪਰੋਂ ਤਿੰਨੇ ਕਾਨੂੰਨ ਕਿਸਾਨ ਵਿਰੋਧੀ ਭਾਸਦੇ ਲਗਦੇ ਹਨ। ਪਰ ਜਦੋਂ ਇਹਨਾਂ ਕਾਨੂੰਨਾਂ ਦੀਆਂ ਪਰਤਾਂ ਫਰੋਲਦੇ ਜਾਈਏ ਤਾਂ ਇਹ ਕਾਰਪੋਰੇਟ ਸੈਕਟਰ ਵੱਲੋਂ ਕੀਤੀ ਜਾ ਰਹੀ ਲੁੱਟ ਵੱਲ ਸੇਧਤ ਹੋ ਜਾਂਦੇ ਹਨ। ਇਹਨਾਂ ਕਾਨੂੰਨਾਂ ਰਾਹੀਂ ਭਾਰਤ ਦੀ ਵੰਨ ਸੁਵੰਨੀ ਉਪਜਾਊ ਧਰਤੀ ਨੂੰ ਹੜਪਣ ਲਈ ਦੇਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਵਿਚ ਹੋੜ ਲੱਗੀ ਹੋਈ ਹੈ ਅਤੇ ਸਾਡੀ ਬੀ.ਜੇ.ਪੀ. ਦੀ ਸਰਕਾਰ ਉਹਨਾਂ ਦੀ ਭਾਈਵਾਲ ਹੈ ਅਤੇ ਪੂਰੀ ਤਰ੍ਹਾਂ ਨਾਲ ਅਡਾਨੀ-ਅੰਬਾਨੀ ਅਤੇ ਉਹਨਾਂ ਵਰਗੇ ਹੋਰ ਪੂੰਜੀਪਤੀਆਂ ਨਾਲ ਘਿਓ-ਖਿਚੜੀ ਹੈ।



-ਰਿਪੁਦਮਨ ਸਿੰਘ ਰੂਪ-

ਇਸੇ ਲਈ ਅੱਠ ਮਹੀਨਿਆਂ ਤੋਂ ਚੱਲ ਰਿਹਾ ਕਿਸਾਨ ਸੰਘਰਸ਼ ਕੇਂਦਰ ਦੀ ਬੀ.ਜੇ.ਪੀ. ਸਰਕਾਰ ਨੂੰ ਦਿਸਦਾ ਨਹੀਂ ਹੈ। ਚਹੁੱਤਰ ਦਿਨਾਂ ਤੋਂ ਉਪਰ ਕੜਾਕੇ ਦੀ ਠੰਡ ਵਿਚ ਦਿੱਲੀ ਦੇ ਬਾਡਰਾਂ ਉੱਤੇ ਬੈਠੇ ਕਿਸਾਨ ਸਰਕਾਰ ਨੂੰ ਨਜ਼ਰੀ ਨਹੀਂ ਪਏ। ਦੋ ਸੌ ਦੇ ਨੇੜੇ ਕਿਸਾਨਾਂ ਦੀ ਠੰਡ, ਬੀਮਾਰੀ ਅਤੇ ਹੋਰ ਕਾਰਣਾਂ ਕਰਕੇ ਹੋਈਆਂ ਮੌਤਾਂ ਵੀ ਸਰਕਾਰ ਦੀ ਜ਼ਮੀਰ ਨੂੰ ਝੰਜੋੜ ਨਹੀਂ ਸਕੀਆਂ।

ਠੀਕ ਬੀ.ਜੇ.ਪੀ. ਅਤੇ ਆਰ.ਐਸ.ਐਸ. ਦੀ ਸਰਕਾਰ ਦੀ ਜ਼ਮੀਰ ਝੰਜੋੜੀ ਨਹੀਂ ਗਈ। ਝੰਜੋੜੀ ਵੀ ਨਹੀਂ ਜਾ ਸਕਦੀ, ਕਿਉਂਕਿ ਇਹ ਲੋਕ ਆਮ ਲੋਕਾਂ ਤੇ ਗਰੀਬਾਂ ਲਈ ਸੰਵੇਦਨਸ਼ੀਲ ਨਹੀਂ ਹਨ। ਇਹ ਤਾਂ ਬਲਕਿ ਇਹਨਾਂ ਦੇ ਦੁਸ਼ਮਣ ਹਨ। ਦਿਲੋਂ ਮੰਨੋ ਵਿਰੋਧੀ। ਹਿੰਦੂ ਹਿੰਦੂ ਇਹ ਸਿਰਫ਼ ਲੋਕਾਂ ਨੂੰ ਪਾੜਣ ਲਈ ਹੀ ਅਲਾਪਦੇ ਰਹਿੰਦੇ ਹਨ। ਲੱਖਾਂ ਹਿੰਦੂ ਪਹਿਲੇ ਲਾਕ ਡਾਊਣ ਵਿਚ ਕਿਵੇਂ ਸੜਕਾਂ ਉੱਤੇ ਨੰਗੇ ਪੈਰ, ਭੁੱਖਣ-ਭਾਣੇ ਤੜਪ ਤੜਪ ਮਰਦੇ ਰਹੇ। ਕਿਵੇਂ ਰੇਲ ਗਡੀਆਂ ਹੇਠਾਂ ਆ ਕੇ ਕੁਚਲਦੇ ਰਹੇ। ਇਸੇ ਲਈ ਅੱਜ ਕਿਸਾਨ ਸੰਘਰਸ਼ ਵਿਚ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਹਿੰਦੂ ਕਿਸਾਨ-ਚਾਹੇ ਉਹ ਗੁਜਰਾਤ, ਯੂ.ਪੀ., ਹਰਿਆਣਾ, ਮਹਾਰਾਸ਼ਟਰ, ਝਾਰਖੰਡ ਦੇ ਹੋਣ, ਇਹ ਕਿਸਾਨ ਹੁਣ ਇਹਨਾਂ ਲਈ ਦੇਸ਼ ਧਰੋਹੀ, ਅੱਤਵਾਦੀ, ਮਾਓਵਾਦੀ, ਸ਼ਹਿਰੀ ਨਕਸਲੀ ਅਤੇ ਖਾਲਿਸਤਾਨੀ ਹਨ। ਹਿੰਦੂ ਨਹੀਂ ਹਨ।

ਨਿਰਸੰਦੇਹ ਕਿਸਾਨ ਅੰਦੋਲਨ ਸਰਕਾਰ ਦੇ ਖਰੀਦੇ ਹੋਏ ਕੁੱਝ ਗੱਦਾਰ ਕਿਸਮ ਦੇ ਲੋਕਾਂ ਕਰਕੇ 26 ਜਨਵਰੀ 2021 ਨੂੰ ਲਾਲ ਕਿਲੇ ਉੱਤੇ ਝੰਡਾ ਝੁਲਾਉਣਾ ਕਰਕੇ ਸਾਬੋਤਾਜ਼ ਕੀਤਾ ਗਿਆ ਹੈ ਅਤੇ ਸਰਕਾਰ ਸ਼ਾਹੀਨ ਬਾਗ਼ ਵਾਲਾ ਪੁਰਾਣਾ ਪੈਂਤੜਾ ਅਪਣਾ ਕੇ ਹੁਣ ਗਾਜ਼ੀਪੁਰ, ਸਿੰਘੂ, ਟਿੱਕਰੀ ਬਾਰਡਰਾਂ ਉੱਤੇ ਆਪਣੇ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਵਰਕਰਾਂ ਨੂੰ ਭੇਜ ਕੇ ਕਿਸਾਨਾਂ ਨੂੰ ਉੱਥੋਂ ਉਖੇੜਨਾ ਚਾਹੁੰਦੀ ਹੈ। ਪਰ ਇਹ ਸਰਕਾਰ ਭੁਲਦੀ ਹੈ ਕਿ ਇਹ ਕਿਸਾਨ ਸੰਘਰਸ਼ ਨੂੰ ਸ਼ਾਹੀਨ ਬਾਗ਼ ਨਾ ਸਮਝ ਲਵੇ। ਇਹ ਸੰਘਰਸ਼ ਸਿਰਫ਼ ਤਿੰਨ ਕਾਨੂੰਨਾਂ ਨੂੰ ਰੱਦ ਕਰਨ ਤੱਕ ਸੀਮਤ ਨਹੀਂ ਰਹਿਣਾ। ਇਸ ਸੰਘਰਸ਼ ਨੇ ਦੂਰ, ਬਹੁਤ ਦੂਰ ਜਾਣਾ ਹੈ। ਇਸ ਸੰਘਰਸ਼ ਨੇ ਸੰਸਾਰ ਪੂੰਜੀ ਦੀ ਸੰਘੀ ਨੱਪਣੀ ਹੈ। ਇਸ ਸੰਘਰਸ਼ ਦੇ ਪਸਾਰ ਬਹੁਤ ਦੂਰ ਤੱਕ ਜਾਂਦੇ ਹਨ। ਆਜ਼ਾਦੀ ਮਗਰੋਂ ਇਹ ਪਹਿਲਾਂ ਸੰਘਰਸ਼ ਹੈ ਜਿਹੜਾ ਕਾਰਪੋਰੇਟ ਸੈਕਟਰ ਵਿਰੁੱਧ ਲਾਮਬੰਦ ਹੋ ਰਿਹਾ ਹੈ। ਪਹਿਲੋਂ ਸਿਰਫ਼ ਕਮਿਊਨਿਸਟ ਪਾਰਟੀਆਂ, ਖੱਬੀਆਂ ਪਾਰਟੀਆਂ ਹੀ ਇਸ ਮੁੱਦੇ ਨੂੰ ਛੂਹੰਦੀਆਂ ਸਨ। ਪਰ ਪੰਜਾਬ ਵਿਚੋਂ ਉਠਿਆ ਇਸ ਕਾਰਪੋਰੇਟ ਵਿਰੋਧੀ ਸੰਘਰਸ਼ ਦੇ ਅਰਥ ਹੁਣ ਪੰਜਾਬ ਦੇ ਬੱਚੇ ਬੱਚੇ ਨੂੰ ਸਮਝ ਪੈ ਰਹੇ ਹਨ। ਅਮਲੀ ਤੌਰ 'ਤੇ ਟੋਲ ਪਲਾਜ਼ਿਆਂ ਉੱਤੇ ਲੱਗੇ ਧਰਨਿਆਂ ਨੇ ਵਾਹਣਾਂ ਨੂੰ ਬਿਨਾਂ ਟੋਲ ਦਿੱਤਿਆਂ ਲੰਘਵਾਉਣਾ। ਇਸ ਨਾਲ ਆਮ ਬੰਦੇ ਨੂੰ ਕਾਰਪੋਰੇਟ ਸੈਕਟਰ ਦੀ ਲੁੱਟ ਦੀ ਸਮਝ ਪੈਂਦੀ ਹੈ। ਕੀ ਟੋਲ ਪਲਾਜ਼ਿਆਂ ਉਤੇ ਬਿਨਾਂ ਟੋਲ ਦਿੱਤਿਆਂ ਲੰਘਣ ਦੇਣਾ ਪੂਰੇ ਭਾਰਤ ਵਿਚ ਕਰਾਂਤੀਕਾਰੀ ਕਦਮ ਨਹੀਂ ਹੈ? ਇਸ ਨਾਲ ਭਾਰਤ ਦੇ ਵਾਸੀ ਜਿੱਥੇ ਖ਼ੁਸ਼ ਹੁੰਦੇ ਹਨ ਉੱਥੇ ਕਾਰਪੋਰੇਟ ਸੈਕਟਰ ਦੀ ਲੁੱਟ ਨੂੰ ਸਮਝਣ ਲਈ ਜਾਗ੍ਰਤ ਵੀ ਹੋਣਗੇ। ਫਿਰ ਅਡਾਨੀ-ਅੰਬਾਨੀ ਦੇ ਮਾਲਾਂ, ਪੈਟਰੋਲ ਪੰਪਾਂ, ਥਰਮਲ ਪਲਾਟਾਂ ਆਦਿ ਦੀ ਵੀ ਸਮਝ ਪਵੇਗੀ। ਇਸ ਮਗਰੋਂ ਪ੍ਰਾਈਵੇਟ ਬੱਸਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਹਸਪਤਾਲਾਂ ਆਦਿ ਬਾਰੇ ਵੀ ਸੋਚਣ ਲੱਗ ਜਾਣਗੇ। ਇਸੇ ਲਈ ਇਹ ਲੜਾਈ ਇੱਕਲੇ

ਕਿਸਾਨਾਂ ਦੀ ਨਾ ਰਹਿ ਕੇ ਪੂਰੇ ਭਾਰਤ ਦੇ ਲੋਕਾਂ ਦੀ ਸਗੋਂ ਕੁੱਲ ਸੰਸਾਰ ਦੀ ਹੈ। ਹਰ ਪ੍ਰਾਈਵੇਟ ਅਦਾਰਾ ਵਰਕਰਾਂ ਦੀ ਛਿੱਲ ਲਾਹੁਦਾ ਹੈ। ਪੰਦਰਾਂ ਪੰਦਰਾਂ ਸਾਲਾਂ ਤੋਂ ਨਿਗੂਣੀ ਤਨਖਾਹ ਉੱਤੇ ਰੱਖ ਕੇ ਬਿਨਾਂ ਨੋਟਿਸ ਤੋਂ ਕੱਢ ਦਿੰਦਾ ਹੈ। ਇਸੇ ਲਈ ਮੋਦੀ ਟਾਹਰਾਂ ਮਾਰ ਮਾਰ ਕਹਿੰਦਾ ਹੈ ਕਿ ਆਜੋ* ਵਿਦੇਸ਼ੀ ਨਿਵੇਸ਼ਕੋ** ਸਾਡੇ ਦੇਸ਼ ਆ ਕੇ ਪੈਸਾ ਲਾਵੋ* ਐਥੋਂ ਮਜ਼ਦੂਰੀ ਸਸਤੀ ਹੈ ** ਸਰਕਾਰ ਕਾਨੂੰਨ ਵੀ ਉਹਨਾਂ ਦੇ ਹੱਕ ਵਿਚ ਬਣਾਉਂਦੀ ਹੈ। ਉਹਨਾਂ ਉੱਤੇ ਕੋਈ ਸ਼ਰਤ ਨਹੀਂ ਲਾਈ ਜਾਂਦੀ। ਬਾਹਰਲੇ ਦੇਸ਼ਾਂ ਦੀਆਂ ਕੰਪਨੀਆਂ ਦਾ ਵੀ ਇਹੋ ਹਾਲ ਹੈ। ਐਗਰੀਮੈਂਟ ਹੋਰ ਕਰਦੇ ਹਨ ਅਮਲ ਇਹ ਕੁੱਝ ਹੋਰ ਕਰਦੇ ਹਨ। ਐਗਰੀਮੈਂਟ ਕਰਨਗੇ ਚਾਲੀ ਘੰਟੇ ਕੰਮ ਕਰਵਾਉਣ ਦੇ। ਦੇਣਗੇ ਰੋ ਪਿੱਟ ਕੇ ਮਸਾਂ ਵੀਹ ਘੰਟੇ। ਸ਼ਰਤ ਹੋਵੇਗੀ ਕਿ ਵਰਕਰ ਕਿਸੇ ਹੋਰ ਕੰਪਨੀ ਵਿਚ ਕੰਮ ਨਹੀਂ ਕਰ ਸਕਣਗੇ। ਕਿਉਂਕਿ ਕੰਪਨੀ ਵਰਕਰ ਨੂੰ ਚੌਵੀ ਘੰਟਿਆਂ ਵਿਚ ਲੋੜ ਪੈਣ ਤੇ ਕਦੇ ਵੀ ਬੁਲਾ ਸਕਦੀ ਹੈ। ਇਸੇ ਲਈ ਇਹ ਪੰਜਾਬ ਤੋਂ ਉੱਠਿਆ ਕਿਸਾਨੀ ਸੰਘਰਸ਼ ਹਰਿਆਣਾ ਤੋਂ ਹੁੰਦਾ ਹੋਇਆ ਯੂ.ਪੀ., ਮਹਾਰਾਸ਼ਟਰ, ਉਤਰਾਖੰਡ, ਮੱਧ ਪ੍ਰਦੇਸ਼, ਰਾਜਸਥਾਨ, ਝਾਰਖੰਡ ਆਦਿ ਸੂਬਿਆਂ ਵਿਚ ਫੈਲ ਰਿਹਾ ਹੈ। ਅਤੇ ਅੱਗੇਂ ਇਸ ਦਾ ਅਸਰ ਸੰਸਾਰ ਪੱਧਰ ਉੱਤੇ ਉਦਾਰੀਕਰਨ, ਸੰਸਾਰੀਕਰਣ, ਖੁੱਲ੍ਹੀ ਮੰਡੀ, ਸੰਸਾਰ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਕੋਸ਼, ਸੰਸਾਰ ਬੈਂਕ ਵਿਰੁੱਧ ਲੋਕਾਂ ਨੇ ਲਾਮਬੰਦ ਹੋਣਾ ਸ਼ੁਰੂ ਹੋ ਜਾਣਾ ਹੈ। ਕਾਰਲ ਮਾਰਕਸ ਦੀ ਕਹੀ ਗੱਲ ਕਿ "ਦੁਨਿਆਂ ਭਰ ਦੇ ਮਿਹਨਤਕਸ਼ੋ ਇੱਕ ਹੋ ਜਾਓ" ਸੱਚ ਸਾਬਤ ਹੋ ਜਾਣ ਵੱਲ ਵਧਣ ਜਾਣ ਲੱਗਾ ਹੈ।

ਪਰ ਕਾਰਲ ਮਾਰਕਸ ਦੀ ਕਹੀ ਇਸ ਗੱਲ ਨੂੰ ਸੱਚ ਸਾਬਤ ਕਰਨ ਲਈ ਲੰਮੇ, ਅਕਾਊ ਅਤੇ ਥਕਾਊ ਸੰਘਰਸ਼ ਵੀਡਣੇ ਪੈਣੇ ਹਨ। ਜਿਵੇਂ ਸੱਠਵਿਆਂ ਵਿਚ ਕਿਊਬਾ ਵਿਚ ਫੀਦਲ ਕਾਸਟਰੋ ਅਤੇ ਸੰਸਾਰ ਪ੍ਰਸਿੱਧ ਗੁਰੀਲਾ ਚੀ ਗਵੇਰਾ ਦੀ ਅਗਵਾਈ ਵਿਚ ਹੋਇਆ ਸੀ। ਉਹਨਾਂ ਸਰਕਾਰ ਬਣਾਉਂਦੇ ਸਾਰ ਅਮਰੀਕਾ ਦੀਆਂ ਖੰਡ ਦੀਆਂ ਕੰਪਨੀਆਂ ਦਾ ਕੌਮੀਕਰਨ ਕੀਤਾ। ਅਮਰੀਕਾ ਮਹਾਂ ਸ਼ਕਤੀ ਨੱਬੇ ਕਿਲੋਮੀਟਰ ਦੇ ਫ਼ਾਸਲੇ ਉੱਤੇ ਕਿਊਬਾ ਦਾ ਵਾਲ ਵਿੰਗਾ ਨਹੀਂ ਕਰ ਸਕੀ। ਫੀਦਲ ਕਾਸਤਰੋ ਸਦਾ ਅਮਰੀਕਾ ਦੇ ਰਾਸ਼ਟਰਪਤੀ ਦੀ ਅੱਖ ਵਿਚ ਅੱਖ ਪਾ ਕੇ ਵੇਖਦਾ ਰਿਹਾ ਤੇ ਅੱਖਾਂ ਵਿਚ ਰੜਕਦਾ ਰਿਹਾ।

ਠੀਕ 26 ਜਨਵਰੀ ਨੂੰ ਸਰਕਾਰ ਨੇ ਆਪਣੇ ਗੁਮਾਸ਼ਤਿਆਂ ਰਾਹੀਂ ਲਾਲ ਕਿਲੇ ਦੀ ਵਾਰਦਾਤ ਕਰਵਾਈ। ਸਰਕਾਰ ਦੀ ਪੁਲਿਸ ਆਪ ਹੀ ਕਹਿੰਦੀ ਰਹੀ ਸੀ ਕਿ ਕਿਸਾਨ ਅੰਦੋਲਨ ਵਿਚ ਖ਼ਾਲਿਸਤਾਨੀ ਘੁਸਪੈਠ ਕਰ ਗਏ ਹਨ। ਉਹ ਸੱਚ ਬੋਲਦੇ ਸਨ। ਕਿਉਂਕਿ ਉਹਨਾਂ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਆਪ ਹੀ ਤਾਂ ਸ਼ਾਜਿਸ ਰਚੀ ਸੀ।

ਪਰ ਇਹਨਾਂ ਸਾਜਿਸ਼ਾਂ ਨਾਲ ਸਰਕਾਰ ਕਿਸਾਨ ਅੰਦੋਲਨ ਦਾ ਵਾਲ ਵਿੰਗਾ ਨਹੀਂ ਕਰ ਸਕੀ। ਇੱਕ ਵਾਰ ਤਾਂ ਕਿਸਾਨ ਅੰਦੋਲਨ ਦੇ ਹਿਤੈਸ਼ੀਆਂ ਦਾ ਦਿਲ ਧੜਕਣ ਲੱਗ ਗਿਆ ਸੀ। ਰਾਕੇਸ਼ ਟਿਕੈਤ ਦੇ ਹੰਝੂਆਂ ਅਤੇ ਕਿਸਾਨ ਸੰਘਰਸ਼ ਦੇ ਆਗੂਆਂ ਦੀ ਸੂਝ ਅਤੇ ਸਾਬਤ ਕਦਮੀ ਨੇ ਕਿਸਾਨ ਸੰਘਰਸ਼ ਨੂੰ ਮੁੜ ਲੀਹ ਉੱਤੇ ਲੈ ਆਂਦਾ ਹੈ।ਕਵੀ ਰਜੀਵਨ ਸਿੰਘ ਨੇ ਰਾਕੇਸ਼ ਟਿਕੈਤ ਦੇ ਹੰਝੂਆਂ ਦੀ ਵਿਆਖਿਆ ਆਪਣੀ ਕਵਿਤਾ 'ਹੰਝੂ ਤੇਰੇ' ਰਾਹੀਂ ਜਿਵੇਂ ਕੀਤੀ ਹੈ ਉਹ ਦੇਖਣ ਵਾਲੀ ਹੈ:-

ਹੰਝੂ ਤੇਰੇ ਸੈਲਾਬ ਬਨਣਗੇ ਮਾਈ ਭਾਗੋ ਦੀ ਵੰਗਾਰ ਬਣਨਗੇ ਕਿਸਾਨ, ਇਨਸਾਨ ਸਭ ਫੌਲਾਦ ਬਨਣਗੇ ਤਾਕਤ ਤੇਰੇ ਹੰਝੂਆਂ ਦੀ ਚਿੜੀਆਂ ਤੋਂ ਬਾਜ਼ ਤੁੜਾਵੇਗੀ ਹਾਕਮ ਦੀਆਂ ਕੋਝੀਆਂ ਚਾਲਾਂ ਨੂੰ ਜਾਣ ਗਿਆ ਹੈ ਕੁਲ ਜਹਾਨ ਇਹ ਕੈਸਾ ਹੈ ਹਾਕਮ ਜਿਸਦਾ ਨਾ ਕੋਈ ਦੀਨ-ਈਮਾਨ ਨਾ ਸਮਝੇ ਹਾਕਮ ਕੰਮਜ਼ੋਰੀ ਤੇਰੇ ਹੰਝੂਆਂ ਨੂੰ ਵਹਿ ਜਾਣਗੇ ਵਿਚ ਹੰਝੂਆਂ ਦੇ ਹਾਕਮ ਦੇ ਨਾਪਾਕ ਇਰਾਦੇ ਕੰਬ ਜਾਣਗੇ ਦਿਲੀ ਦੇ ਤਖ਼ਤ ਹਿਲ ਜਾਣਗੇ ਸੱਤਾ ਦੇ ਪਾਵੇ ਹੰਝੂ ਤੇਰੇ ਸੈਲਾਬ ਬਨਣਗੇ ਮਾਈ ਭਾਗੋ ਦੀ ਵੰਗਾਰ ਬਨਣਗੇ ਕਿਸਾਨ, ਇਨਸਾਨ ਸਭ ਫੌਲਾਦ ਬਨਣਗੇ।। ਨਿਰਸੰਦੇਹ 26 ਜਨਵਰੀ ਦੀ ਲਾਲ ਕਿਲੇ ਦੀਆਂ ਘਟਨਾਵਾਂ ਤੋਂ ਬੜਾ ਕੁੱਝ ਸਿਖਣ ਨੂੰ ਮਿਲਿਆ।ਸੰਘਰਸ਼ਾਂ ਵਿਚ ਨਾਲ ਵਿਚਰਦੇ ਲੋਕ ਕਿਵੇਂ ਬੇਸ਼ਰਮੀ ਨਾਲ ਗੱਦਾਰੀ ਕਰਦੇ ਹਨ। ਇਹ ਸਾਨੂੰ ਇਤਿਹਾਸ ਤੋਂ ਪਤਾ ਲਗਦਾ ਹੈ। ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਿਚ ਅੰਗ੍ਰੇਜ਼ਾਂ ਦੀਆਂ ਫ਼ੌਜਾਂ ਵਿਚ ਬਗ਼ਾਵਤ ਕਰਨ ਦੀ ਕਾਰਵਾਈ ਕਿਵੇਂ ਕ੍ਰਿਪਾਲ ਸਿੰਘ ਨੇ ਗੱਦਾਰੀ ਕਰਕੇ ਫੇਲ ਕਰਵਾ ਦਿੱਤੀ ਸੀ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕਿਵੇਂ ਧਿਆਨ ਸਿੰਘ ਡੋਗਰਾ ਅਤੇ ਲਾਲ ਸਿੰਘ ਨੇ ਗੱਦਾਰੀ ਕਰਕੇ ਫੌਜਾਂ ਨੂੰ ਬਾਰੂਦ ਦੀ ਥਾਂ ਸਰੋਂ ਭੇਜ ਕੇ ਕਿਵੇਂ ਮਹਾਰਾਣੀ ਜਿੰਦਾਂ ਨੂੰ ਹਰਾ ਦਿੱਤਾ ਸੀ। ਜਦੋਂ ਸੰਘਰਸ਼ ਲੰਮਾ ਹੁੰਦਾ ਹੈ ਤਾਂ ਕਿਵੇਂ ਨਾਲ ਦੇ ਸਾਥੀ ਹੌਂਸਲਾ ਛੱਡ ਜਾਂਦੇ ਹਨ। ਜਿਵੇਂ ਚਾਲੀ ਮੁਕਤੇ ਚਮਕੌਰ ਦੀ ਜੰਗ ਵਿੱਚੇ ਛੱਡ ਕੇ ਗੁਰੂ ਗੋਬਿੰਦ ਸਿੰਘ ਨੂੰ ਬੇਦਾਅਵਾ ਦੇ ਆਏ ਸਨ। ਮਾਈ ਭਾਗੋ ਦੇ ਵੰਗਾਰਨ ਮਗਰੋਂ ਚਾਲੀ ਮੁਕਤੇ ਮੁੜ ਮੁਕਤਸਰ ਵਿਚ ਸ਼ਹੀਦੀਆਂ ਪਾ ਗਏ ਸਨ। ਅੱਜ ਵੀ ਸੁਆਣੀਆਂ ਨੇ ਮੂਹਰੇ ਹੋ ਕੇ ਲੜਨ ਨਾਲ ਕਿਸਾਨ ਸੰਘਰਸ਼ ਵਿਚ ਨਵੀਂ ਜਾਨ ਪਾ ਦਿੱਤੀ ਹੈ।

ਇੱਕ ਗੱਲ ਦੀ ਮੈਨੂੰ ਸਮਝ ਨਹੀਂ ਪੈ ਰਹੀ। ਜਦੋਂ ਕਈ ਕਹਿੰਦੇ ਹਨ ਕਿ ਕਿਸਾਨ ਸੰਘਰਸ਼ ਵਿਚ ਸਿਆਸਤ ਦਾਖ਼ਿਲ ਹੋ ਗਈ ਹੈ। ਸਿਆਸਤ ਤਾਂ ਹਰ ਇੱਕ ਗੱਲ ਵਿਚ ਹੁੰਦੀ ਹੈ। ਕਿਸਾਨ ਸੰਘਰਸ਼ ਆਪਣੇ ਆਪ ਵਿਚ ਇੱਕ ਸਿਆਸੀ ਮਸਲਾ ਹੈ। ਖੇਤੀ ਕਾਨੂੰਨ, ਸਿੱਖਿਆ ਨੀਤੀ, ਸਿਹਤ ਨੀਤੀ, ਰੇਲਵੇ ਦਾ ਨਿੱਜੀਕਰਨ, ਸ਼ਾਮਲਾਤ ਜ਼ਮੀਨਾਂ ਕੰਪਨੀਆਂ ਨੂੰ ਵੇਚਣ, ਏਅਰ ਇੰਡੀਆ ਦਾ ਨਿੱਜੀਕਰਨ, ਵਿਦੇਸ਼ੀ ਅਤੇ ਦੇਸੀ ਨਿਵੇਸ਼ ਨੂੰ ਕੌਡੀਆਂ ਦੇ ਭਾਅ ਸਰਕਾਰੀ ਜਾਇਦਾਦਾਂ ਵੇਚਣਾ। ਇਹ ਸੱਭ ਸਿਆਸੀ ਗੱਲਾਂ ਹਨ। ਜਦੋਂ ਸਰਕਾਰ ਕਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ, ਸਿਆਸਤ ਵੱਲ ਨਹੀਂ ਜਾਣਾ ਚਾਹੀਦਾ। ਇਹ ਗੱਲ ਕਹਿਣਾ ਵੀ ਇੱਕ ਸਿਆ-ਸਤ ਹੈ। ਰਮਾਇਣ, ਮਹਾਂਭਾਰਤ ਸਿਆਸਤ ਨਾਲ ਭਰੀਆਂ ਪਈਆਂ ਹਨ। ਰਮਾਇਣ ਵਿਚ ਕੇਕਈ ਨੇ ਆਪਣੇ ਬੇਟੇ ਭਰਤ ਲਈ ਰਾਜ ਭਾਗ ਮੰਗਿਆ। ਮਹਾਂਭਾਰਤ ਵਿਚ ਦਰਯੋਧਨ ਪਾਂਡੋਆ ਨੂੰ ਇੱਕ ਇੰਚ ਧਰਤੀ ਦੇਣ ਨੂੰ ਤਿਆਰ ਨਹੀਂ ਸੀ। ਬਾਈਧਾਰ ਦੇ ਪਹਾੜੀ ਰਾਜਿਆਂ ਵੱਲੋਂ ਆਟੇ ਦੀ ਗਊ ਦੀ ਸਹੁੰ ਖਾ ਕੇ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਦਾ ਕਿਲਾ ਛੁਡਵਾਉਣਾ ਅਤੇ ਕਹਿਣਾ ਕਿ ਉਹ ਪਿਛੋਂ ਹਮਲਾ ਨਹੀਂ ਕਰਨਗੇ। ਪਰ ਮਗਰੋਂ ਹਮਲਾ ਕਰਕੇ ਕਿਵੇਂ ਗੁਰੂ ਗੋਬਿੰਦ ਸਿੰਘ ਨਾਲ ਵਿਸ਼ਵਾਸ਼ਘਾਤ ਕੀਤਾ।

ਅੱਜ ਵੀ ਸਾਡੇ ਦੇਸ ਵਿਚ ਸੰਘਰਸ਼ ਕਰ ਰਹੇ ਲੋਕਾਂ ਵੱਲ ਇਹੋ ਰਵੱਈਆ ਹੈ। ਸਰਕਾਰ ਦੇ ਕਰਤੇ ਧਰਤੇ ਬਿਲਕੁਲ ਵੀ ਸੰਵੇਦਨਸ਼ੀਲ ਨਹੀਂ ਹਨ। ਉਹਨਾਂ ਦਾ ਰਵੱਈਆ ਮੱਕਾਰੀ ਭਰਿਆ ਅਤੇ ਖ਼ਤਰਨਾਕ ਹੈ। ਗ਼ਾਜੀਪੁਰ, ਸਿੰਘੂ, ਟੀਕਰੀ ਆਦਿ ਬਾਰਡਰਾਂ ਉੱਤੇ ਜਿਵੇਂ ਕਿੱਲਾਂ, ਕੰਢਿਆਲੀ ਤਾਰਾਂ, ਕੰਧਾਂ, ਖਾਈਆ ਪੁਟੀਆਂ ਗਈਆਂ ਹਨ। ਲਗਦਾ ਹੈ ਕਿ ਇਹ ਮਿਥਿਹਾਸ ਦੇ ਰਾਖ਼ਸ਼ਾਂ ਮਹਿਖ਼ਾਸਰ, ਲੋਚਨ, ਸੁੰਭ, ਸੁਣੋਤਬੀਜ ਦੇ ਕਾਰਨਾਮਿਆਂ ਨੂੰ ਮਾਤ ਪਾ ਰਹੇ ਹਨ। ਜਿਵੇਂ ਦੇਵਤਿਆਂ ਵੱਲੋਂ ਕੀਤੇ ਜਾਂਦੇ ਹਵਨਕੁੰਡਾਂ ਵਿਚ ਰਾਖ਼ਸ਼ਸ਼ ਹੱਡੀਆਂ ਸੁੱਟ ਜਾਂਦੇ ਹਨ। ਦੇਵਤਿਆਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ। ਪਰ ਅਖ਼ੀਰ ਜਿੱਤਦੇ ਦੇਵਤੇ ਹੀ ਸਨ। ਜਦੋਂ ਕਿਸੇ ਸੱਚੇ ਅਤੇ ਸ਼ਰੀਫ਼ ਬੰਦੇ ਨੂੰ ਗੁੱਸਾ ਆ ਜਾਵੇ ਤਾਂ ਬਦਮਾਸ਼ਾਂ ਨੂੰ ਨੱਠਦਿਆਂ ਨੂੰ ਰਾਹ ਨਹੀਂ ਲੱਭਦਾ। ਇਸੇ ਤਰ੍ਹਾਂ ਕਿਸਾਨ ਸੰਘਰਸ਼ ਨੇ ਜਿੱਤਣਾ ਹੈ। ਕਿਉਂਕਿ ਸੱਚ ਉਹਨਾਂ ਵੱਲ ਹੈ। ਸੁਹਿਰਦਤਾ ਉਹਨਾਂ ਵੱਲ ਹੈ। ਜਿਵੇਂ ਰਾਕੇਸ਼ ਟਿਕੈਤ ਤੇ ਬਾਕੀ ਲੀਡਰਸ਼ਿਪ ਸਾਊ, ਨੇਕ ਅਤੇ ਸਿਆਣੀ ਹੈ।

ਕਿਸਾਨ ਸੰਘਰਸ਼ ਵੀ ਜਿਵੇਂ ਹੁਣ ਨਵੇਂ ਰੂਪ ਅਤੇ ਜਲ ਜਲੌਅ ਨਾਲ ਉਸਰ ਰਿਹਾ ਹੈ, ਉਸ ਦੀ ਵਿਆਖਿਆ ਪ੍ਰਸਿੱਧ ਲੇਖਕ ਸੰਤੋਖ ਸਿੰਘ ਧੀਰ ਨੇ ਆਪਣੀ ਵਿਸ਼ਵ ਪ੍ਰਸਿੱਧ ਕਹਾਣੀ 'ਕੋਈ ਇੱਕ ਸਵਾਰ' ਦੇ ਨਾਇਕ ਬਾਰੇ ਰਚੀ ਕਵਿਤਾ 'ਮੈਂ ਹਾਂ ਬਾਰੂ ਤਾਂਗੇ ਵਾਲਾ' ਵਿਚ ਇਸ ਤਰ੍ਹਾਂ ਕੀਤੀ ਹੈ:- ਟੁੱਟ ਗਿਆ ਮੈਂ ਭਾਵੇਂ ਸਾਰਾ ਪਰ ਮੈਂ ਬਾਰੂ ਤਾਂਗੇ ਵਾਲਾ ਹਾਰ ਗਿਆ, ਪਰ ਹਾਰ ਨਾ ਮੰਨਾਂ ਮੁੜ ਕੇ ਮੁੱਢ ਸੰਗਰਾਮ ਦਾ ਬੰਨ੍ਹਾਂ ਛਾਂਟਾ ਚੁੱਕ ਆਕਾਸ਼ ਵੰਗਾਰਾਂ ਫਿਰ ਸੰਸਾਰ ਨੂੰ ਹੋਕੇ ਮਾਰਾਂ। :-4-: ਸੂਰਜ ਦਾ ਮੈਂ ਭਖਦਾ ਘੋੜਾ ਧਰਤੀ ਦੇ ਤਾਂਗੇ ਨੂੰ ਜੋਇਆ ਟੁੱਟੀ ਰਾਸ ਤੇ ਵੱਜੀ ਠੋਹਕਰ ਤਾਂਗਾ-ਘੋੜਾ ਵੱਖ-ਵੱਖ ਹੋਇਆ ਦੂਰ-ਇੱਛਕਾਂ ਨੇ ਤਾੜੀ ਮਾਰੀ ਪਰ ਮੈਂ ਡਿੱਗਿਆ ਉਠ ਖਲੋਇਆ। ਮੁੜ ਘੋੜੇ ਦਾ ਸੀਸ ਪਲੋਸਾਂ ਮੁੜ ਧਰਤੀ ਨੂੰ ਸੂਰਜ ਜੋੜਾਂ ਮੁੜ ਮੰਜਲ ਲਈ ਅੱਖ ਨਿਹਾਰਾਂ ਮੁੜ ਸੰਸਾਰ ਨੂੰ ਹੋਕੇ ਮਾਰਾਂ ਟੁੱਟ ਗਿਆ ਮੈਂ ਭਾਵੇਂ ਸਾਰਾ ਪਰ ਮੈਂ ਬਾਰੂ ਤਾਂਗੇ ਵਾਲਾ। ਚਲਦਾ ਪੰਨਾ ... 4 'ਤੇ ਅੱਡਾ ਵਸਦਾ ਘਣਾ-ਘਨੇਰਾ ਮੇਰਾ ਤਾਂਗਾ ਮੇਰਾ-ਈ-ਮੇਰਾ ਮੇਰਾ ਛਾਂਟਾ ਅੰਬਰ ਛੂਹੇ ਹਾਰ ਗਿਆ, ਪਰ ਹਾਰ ਨਾ ਮੰਨਾਂ ਮੁੜ ਕੇ ਮੁੱਢ ਸੰਗਰਾਮ ਦਾ ਬੰਨ੍ਹਾਂ। ਮੈਂ ਹਾਂ ਬਾਰੂ ਤਾਂਗੇ ਵਾਲਾ ਮੈਂ ਹਾਂ ਬਾਰੂ ਤਾਂਗੇ ਵਾਲਾ।


# ਜਦ ਹੀਰੋ ਬਣ ਗਏ ਜ਼ੀਰੋ



ਚਾਨਣ ਦੀਪ ਸਿੰਘ ਔਲਖ ਪਿੰਡ ਗੁਰਨੇ ਖੁਰਦ (ਮਾਨਸਾ)

ਸੰਯੁਕਤ ਕਿਸਾਨ ਮੋਰਚਾ ਇੱਕ ਅਜਿਹਾ ਅੰਦੋਲਨ ਹੈ ਜੋ ਭਾਰਤ ਵਰਸ਼ ਦੇ ਹਰ ਵਰਗ ਦੀ ਦਿਲੀ ਹਮਾਇਤ ਤਾਂ ਪ੍ਰਾਪਤ ਕਰ ਹੀ ਚੁੱਕਿਆ ਹੈ ਨਾਲ ਦੀ ਨਾਲ ਦੁਨੀਆਂ ਦੇ ਹੋਰ ਕਿੰਨੇ ਹੀ ਦੇਸ਼ਾਂ ਦੀਆਂ ਅਨੇਕਾਂ ਸੰਸਥਾਵਾਂ, ਨੇਤਾ ਅਤੇ ਹੋਰ ਸ਼ਖ਼ਸੀਅਤਾਂ ਵੀ ਕਿਸਾਨ ਮਜ਼ਦੂਰ ਅੰਦੋਲਨ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰ ਰਹੀਆਂ ਹਨ ਜਿਨ੍ਹਾਂ ਵਿੱਚ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਭਤੀਜੀ ਮੀਨਾ ਹੈਰਿਸ, ਪੌਪ ਸਟਾਰ ਰਿਹਾਨਾ, ਵਾਤਾਵਰਨ ਕਾਰਕੁਨ ਗ੍ਰੇਟਾ ਥਰਨਬਰਗ, ਪੋਰਨ ਸਟਾਰ ਰਹਿ ਚੁੱਕੀ ਮੀਆ ਖਲੀਫਾ, ਇੰਗਲੈਂਡ ਦੀ ਇੱਕ ਸਾਂਸਦ ਕਲਾਊਡੀਆ ਆਦਿ ਸ਼ਾਮਲ ਹਨ। ਵਿਦੇਸ਼ਾਂ ਵਿੱਚ ਵਸਦੇ ਲੋਕਾਂ ਨੇ ਵੀ ਇਸ ਅੰਦੋਲਨ ਲਈ ਮਾਲੀ ਮਦਦ ਭੇਜਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਭਾਰਤੀ ਸੰਗੀਤ ਇੰਡਸਟਰੀ ਵਿੱਚੋਂ ਖਾਸ ਤੌਰ ਤੇ ਪੰਜਾਬੀ ਕਲਾਕਾਰਾਂ ਨੇ ਵੀ ਵੱਧ ਚੜ੍ਹਕੇ ਇਸ ਘੋਲ ਵਿੱਚ ਯੋਗਦਾਨ ਪਾਇਆ ਪਰ ਦੂਜੇ ਪਾਸੇ ਬਾਲੀਵੁੱਡ ਇੰਡਸਟਰੀ ਦੇ ਜ਼ਿਆਦਾਤਰ ਅਦਾਕਾਰ ਇਸ ਮਸਲੇ ਤੇ ਚੁੱਪੀ ਧਾਰੀ ਬੈਠੇ ਹਨ। ਜਦੋਂ ਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਜਾਂ ਕਿਸਾਨੀ ਪਿਛੋਕੜ ਦੇ ਹਨ। ਇਨ੍ਹਾਂ ਵਿੱਚੋਂ ਦਿਓਲ ਪਰਿਵਾਰ ਤਾਂ ਆਪਣੇ ਆਪ ਨੂੰ ਠੇਠ ਪੰਜਾਬੀ ਜੱਟ ਅਖਵਾਉਂਦਾ ਹੈ। ਭਾਂਵੇ ਫਿਲਮਾਂ ਤੋਂ ਇਲਾਵਾ ਇਸ ਪਰਿਵਾਰ ਨੇ ਪੰਜਾਬ ਲਈ ਕੁਝ ਨਹੀਂ ਕੀਤਾ ਫਿਰ ਵੀ ਪੰਜਾਬੀਆਂ ਨੇ ਇਸ ਪਰਿਵਾਰ ਦੇ ਹਰ ਇੱਕ ਜੀਅ ਨੂੰ ਮਣਾ ਮੂੰਹੀਂ ਪਿਆਰ ਸਤਿਕਾਰ ਬਖਸ਼ਿਆ। ਸੰਨੀ ਦਿਓਲ ਐਮ. ਪੀ. ਖੜਿਆਂ ਤਾਂ ਪੰਜਾਬੀਆਂ ਨੇ ਹੋਰ ਸਭ ਨੂੰ ਭੁਲਾ ਕੇ ਇਸਨੂੰ ਜਿਤ-ਾਇਆ। ਇਵੇਂ ਮਹਿਸੂਸ ਹੁੰਦਾ ਸੀ ਕਿ ਇਹ ਬੰਦਾ ਜਿਵੇਂ ਫਿਲਮਾਂ ਵਿੱਚ ਹੱਕ ਸੱਚ ਦੇ ਪੱਖ ਵਿੱਚ ਡਟਦਾ ਹੈ ਉਵੇਂ ਹੀ ਅਸਲੀਅਤ ਵਿੱਚ ਵੀ ਡਟੇਗਾ। ਪਰ ਅਫਸੋਸ ਉਹ ਤਾਂ ਮੋਦੀ ਦੀ ਗੋਦੀ ਅਜਿਹਾ ਵੜਿਆ ਕਿ ਢਾਈ ਕਿਲੋ ਦਾ ਹੱਥ ਬੱਸ ਮੋਦੀ ਦੀਆਂ ਮੱਖੀਆਂ ਝੱਲਣ ਜੋਗਾ ਰਹਿ ਗਿਆ ਅਤੇ ਪੰਜਾਬ ਦਾ ਪੁੱਤਰ ਧਰਮ ਵੀ ਕੁੱਝ ਨਹੀਂ ਬੋਲ ਰਿਹਾ। ਇਨ੍ਹਾਂ ਤੋਂ ਇਲਾਵਾ ਸ਼ਾਹਰੁਖ ਖਾਨ, ਸਲਮਾਨ ਖਾਨ, ਆਮਿਰ ਖਾਨ ਆਦਿ ਹੋਰ ਅਨੇਕਾਂ ਬਾਲੀਵੁੱਡ ਅਭਿਨੇਤਾ ਅਤੇ ਕਪਿਲ ਸ਼ਰਮਾ ਵਰਗੇ ਕਮੇਡੀਅਨ ਇਸ ਮੌਕੇ ਮੂੰਹ ਤੇ ਤਾਲਾ ਲਾਈ ਬੈਠੇ ਹਨ। ਇਨ੍ਹਾਂ ਵਿੱਚੋਂ ਕੁਝ ਕੁ ਅਦਾਕਾਰ ਅਤੇ ਮਸ਼ਹੂਰ ਖਿਡਾਰੀ ਬੋਲੇ ਵੀ ਪਰ ਉਹ ਵੀ ਮੋਦੀ ਦੇ ਤੋਤੇ ਬਣ ਕੇ ਹੀ ਬੋਲੇ। ਅਜੇ ਦੇਵਗਨ, ਅਕਸ਼ੈ ਕੁਮਾਰ, ਸੁਨੀਲ ਸ਼ੈੱਟੀ, ਸਚਿਨ ਤੇਂਦੁਲਕਰ ਆਦਿ ਸਭ ਸਰਕਾਰ ਦੇ ਹੱਕ ਵਿੱਚ ਹੀ ਭੁਗਤੇ। ਐਮ. ਪੀ. ਬਣੀ ਹੇਮਾ ਜੀ ਕਹਿ ਰਹੀ ਹੈ ਕਿ ਕਿਸਾਨਾਂ ਨੂੰ ਆਪਣੇ ਹੱਕਾਂ ਦਾ ਹੀ ਪਤਾ ਨਹੀਂ।ਕੰਗਨਾ ਰਣੌਤ ਨੇ ਤਾਂ ਧਰਨੇ ਵਿੱਚ ਸ਼ਾਮਲ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਬੁਰਾ ਭਲਾ ਬੋਲਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਲੱਖ ਲਾਹਨਤ ਹੈ ਅਜਿਹੇ ਹੀਰੋਆਂ ਤੇ ਜੋ ਲੋਕਾਂ ਦੇ ਸਿਰ ਤੇ ਨਾਮ ਤੇ ਸ਼ੌਹਰਤ ਖੱਟਦੇ ਹਨ, ਲੋਕਾਂ ਤੇ ਹੋ ਰਹੇ ਜ਼ੁਲਮ ਲਈ ਦਿਖਾਵਾ ਮਾਤਰ ਲੜਾਈ ਲੜਦੇ ਹਨ ਪਰ ਜਦੋਂ ਅਸਲੀਅਤ ਵਿੱਚ ਲੋਕਾਂ ਦੇ ਨਾਲ ਖੜ੍ਹਨ ਦਾ ਮੌਕਾ ਆਉਂਦਾ ਹੈ ਤਾਂ ਜਾਂ ਤਾਂ ਖੁੱਡ ਵਿੱਚ ਲੁਕ ਜਾਂਦੇ ਹਨ ਜਾਂ ਸਰਕਾਰੀ ਬੋਲੀ ਬੋਲਦੇ ਹਨ। ਅਸਲ ਵਿੱਚ ਇਹ ਹੀਰੋ ਨਹੀਂ ਜ਼ੀਰੋ ਹਨ।

ਇਨ੍ਹਾਂ ਨਾਲੋਂ ਤਾਂ ਪੰਜਾਬੀ ਕਲਾਕਾਰ ਹਜ਼ਾਰ ਗੁਣਾ ਚੰਗੇ ਹਨ ਜੋ ਬਿਨਾਂ ਕਿਸੇ ਡਰ ਤੋਂ ਕਿਸਾਨ ਅੰਦੋਲਨ ਵਿੱਚ ਜੋਸ਼ ਭਰਨ ਵਾਲੇ ਗੀਤ ਗਾ ਰਹੇ ਹਨ ਅਤੇ ਕਨਵਰ ਗਰੇਵਾਲ, ਬੱਬੂ ਮਾਨ ਵਰਗੇ ਅਨੇਕਾਂ ਹੀ ਗਾਇਕ ਕਿਸਾਨਾਂ ਦੇ ਮੌਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।





# ਡੇਰਾ ਬੱਸੀ ਵਿਚਲਾ ਅਕਾਲੀਆਂ ਦਾ ਗੜ੍ਹ ਕਾਂਗਰਸ ਨੇ 21 ਸਾਲਾਂ ਬਾਅਦ ਤੋੜਿਆ

ਜ਼ੀਰਕਪੁਰ, 18 ਫਰਵਰੀ (ਪੋਸਟ ਬਿਊਰੋ)- ਜ਼ੀਰਕਪੁਰ ਨਗਰ ਕੌਂਸਲ ਚੋਣਾਂ ਵਿੱਚ ਕੱਲ੍ਹ ਐਲਾਨ ਗਏ ਨਤੀਜਿਆਂ ਪਿੱਛੋਂ ਕਾਂਗਰਸ ਨੇ 21 ਸਾਲ ਬਾਅਦ ਹਲਕੇ ਵਿੱਚ ਅਕਾਲੀਆਂ ਦਾ ਰਿਕਾਰਡ ਤੋੜਿਆ ਹੈ।



ਕਾਂਗਰਸ ਦੀ ਜਿੱਤ ਉਤੇ ਖੁਸ਼ੀ ਮਨਾਉਂਦੇ ਹੋਏ ਪਾਰਟੀ ਵਰਕਰ।

ਵਰਨਣ ਯੋਗ ਹੈ ਕਿ ਬੀਤੇ 21 ਸਾਲਾਂ ਤੋਂ ਡੇਰਾਬੱਸੀ ਹਲਕੇ ਵਿੱਚ ਅਕਾਲੀ ਵਿਧਾਇਕ ਐਨ ਕੇ ਸ਼ਰਮਾ ਦਾ ਦਾਬਾ ਕਾਇਮ ਸੀ। ਇਸ ਵਾਰ ਨਗਰ ਕੌਂਸਲ ਚੋਣਾਂ ਵਿੱਚ ਕਾਂਗਰਸ ਦੇ ਹਲਕਾ ਇੰਚਾਰਜ ਦੀਪਇੰਦਰ ਸਿੰਘ ਢਿੱਲੋਂ ਨੇਰਿਕਾਰਡ ਤੋੜਿਆ ਅਤੇ ਡੇਰਾਬੱਸੀ ਹਲਕੇ ਵਰਗਾ ਕਿਲ੍ਹਾ ਫਤਿਹ ਕੀਤਾ ਹੈ।ਅਕਾਲੀ ਵਿਧਾਇਕ ਵਿਧਾਇਕ ਐਨ ਕੇ ਸ਼ਰਮਾ ਦੇ ਗੜ੍ਹ ਮੰਨੇ ਜਾਂਦੇ ਜ਼ੀਰਕਪੁਰ ਸ਼ਹਿਰ ਵਿੱਚ 21 ਸਾਲ ਕਾਬਜ਼ ਰਹੇ ਅਕਾਲੀ ਦਲ ਨੂੰ ਕੇਵਲ ਅੱਠ ਸੀਟਾਂ ਮਿਲੀਆਂ ਹਨ ਤੇ ਭਾਜਪਾ ਖਾਤਾ ਵੀ ਨਹੀਂ ਖੋਲ੍ਹ ਸਕੀ। ਆਮ ਆਦਮੀ ਪਾਰਟੀ ਨੂੰ ਵੀ ਨਿਰਾਸ਼ ਹੋਣਾ ਪਿਆ ਹੈ। ਵਾਰਡ ਨੰਬਰ 14 ਤੋਂ ਕਾਂਗਰਸ ਦੇ ਹਰਜੀਤ ਸਿੰਘ ਮਿੰਟਾ ਨੇ ਅਕਾਲੀ ਦਲ ਦੇ ਉਮੀਦਵਾਰ ਨੂੰ ਸਭ ਤੋਂ ਵੱਧ 1204 ਵੋਟ ਦੇ ਫਰਕ ਨਾਲ ਹਰਾਇਆ, ਜਦ ਕਿ ਜਿੱਤ ਦਾ ਸਭ ਤੋਂ ਘੱਟ ਪੰਜ ਵੋਟਾਂ ਦਾ ਫਰਕ ਵਾਰਡ ਨੰਬਰ 10 ਵਿੱਚ ਅਕਾਲੀ ਦਲ ਦੇ ਜਗਦੇਵ ਸਿੰਘ ਅਤੇ ਕਾਂਗਰਸ ਦੇ ਹਰਸ਼ ਰਿਸ਼ੀ ਵਿਚਾਲੇ ਰਿਹਾ। ਇਸ ਵਾਰ ਕਾਂਗਰਸ ਦੀ ਇੰਨੀ ਲਹਿਰ ਸੀ ਕਿ ਅਕਾਲੀ ਦਲ ਬਲਟਾਣਾ ਖੇਤਰ ਦੀਆਂ ਸੱਤ ਸੀਟਾਂ ਵਿੱਚੋਂ ਸਿਰਫ ਵਾਰਡ ਤਿੰਨ ਹੀ ਜਿੱਤ ਸਕੀ ਹੈ।

# ਸਾਬਕਾ ਭਾਜਪਾ ਮੰਤਰੀ ਤੀਕਸ਼ਣ ਸੂਦ ਦੀ ਪਤਨੀ ਚੋਣਾਂ ਵਿੱਚ ਹਾਰੀ

ਹੁਸ਼ਿਆਰਪੁਰ, 18 ਫਰਵਰੀ (ਪੋਸਟ ਬਿਊਰੋ)- ਨਗਰ ਨਿਗਮ ਚੋਣਾਂ ਵਿੱਚ ਜਿੱਤ-ਹਾਰ ਵਾਲੀ ਖੇਡ ਵਿੱਚ ਹੁਸ਼ਿਆਰਪੁਰਵਿੱਚ ਭਾਜਪਾ ਨੂੰ ਕਰਾਰਾ ਝਟਕਾ ਲੱਗਾ ਹੈ। ਏਥੇ ਚੋਣ ਦੰਗਲ ਵਿੱਚ ਉਤਰੀ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ ਦੀ ਪਤਨੀ ਰਾਕੇਸ਼ ਸੂਦ ਅਤੇ ਭਾਜਪਾ ਦੇ ਕਈ ਸੀਨੀਅਰ ਲੀਡਰ ਹਾਰ ਗਏ ਹਨ।

ਤੀਕਸ਼ਣ ਸੂਦ ਦੀ ਪਤਨੀ ਰਾਕੇਸ਼ ਸੂਦ ਨੇ ਵਾਰਡ ਪੰਜ ਤੋਂ ਚੋਣ ਲੜੀ ਤੇ ਉਸ ਨੂੰ ਕਾਂਗਰਸ ਦੀ ਮੀਨਾ ਸ਼ਰਮਾ ਨੇ ਹਰਾਇਆ ਹੈ। ਭਾਜਪਾ ਦੇ ਜ਼ਿਲ੍ਹਾ ਜਨਰਲ ਸੈਕਟਰੀ ਵਿਨੋਦ ਪਰਮਾਰ ਦੀ ਪਤਨੀ ਕਵਿਤਾ ਪਰਮਾਰ ਤੇ ਭਾਜਪਾ ਦੀ ਜ਼ਿਲ੍ਹਾ ਜਨਰਲ ਸਕੱਤਰ ਮੀਨੂ ਸੇਠੀ ਨੂੰ ਵੀ ਹਾਰ ਝੱਲਣੀ ਪਈ ਹੈ।ਸੀਨੀਅਰ ਭਾਜਪਾ ਨੇਤਾ ਸੰਜੀਵ ਤਲਵਾੜ ਦੀ ਪਤਨੀ ਨੀਤੀ ਤਲਵਾੜ ਅਤੇ ਭਾਜਪਾ ਦੇ ਜ਼ਿਲ੍ਹਾ ਉਪ ਪ੍ਰਧਾਨ ਸੁਰੇਸ਼ ਭਾਟੀਆ ਬਿੱਟੂ ਦੀ ਪਤਨੀ ਸੁਨੀਤਾ ਭਾਟੀਆ ਵੀ ਹਾਰ ਗਈ।

ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ ਦੀ ਰਿਹਾਇਸ਼ ਵਾਰਡ ਸੱਤ ਵਿੱਚ ਹੈ। ਇਥੋਂ ਕਾਂਗਰਸ ਦੀ ਉਮੀਦਵਾਰ ਪਰਮਜੀਤ ਕੌਰ ਨੇ ਭਾਜਪਾ ਦੀ ਪੂਜਾ ਸਭਰਵਾਲ ਨੂੰ ਹਰਾਇਆ ਹੈ। ਭਾਜਪਾ ਦੇ ਹਿਮਾਚਲ ਪ੍ਰਦੇਸ਼ ਦੇ ਇੰਚਾਰਜ ਅਵਿਨਾਸ਼ ਰਾਏ ਖੰਨਾ ਵਾਰਡ ਚਾਰ ਵਿੱਚ ਰਹਿੰਦੇ ਹਨ ਅਤੇ ਓਥੋਂ ਕਾਂਗਰਸ ਦੇ ਅਸ਼ੋਕ ਮਹਿਰਾ ਨੇ ਭਾਜਪਾ ਦੀ ਨੀਤੀ ਤਲਵਾੜ ਨੂੰ ਹਰਾਇਆ ਹੈ। ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਵਾਰਡ 50 ਵਿੱਚ ਰਹਿੰਦੇ ਹਨ। ਇਸ ਵਾਰਡ ਤੋਂ ਕਾਂਗਰਸ ਦੇ ਗੁਰਮੀਤ ਰਾਮ ਨੇ ਭਾਜਪਾ ਦੀ ਸੁਰੇਖਾ ਬਰਜਾਤਾ ਨੂੰ ਹਰਾਇਆ ਹੈ।

ਇਸ ਦੌਰਾਨ ਇੱਕ ਪਰਵਾਰ ਵਿਚ ਇੱਕ ਮੈਂਬਰ ਦੀ ਜਿੱਤ ਅਤੇ ਇੱਕ ਦੀ ਹਾਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਚੋਣ ਮੈਦਾਨ ਵਿੱਚ ਸਹੁਰਾ ਖਰੈਤੀ ਲਾਲ ਕਤਨਾ ਅਤੇ ਨੂੰਹ ਮੋਨਿਕਾ ਕਤਨਾ ਖੜ੍ਹੇ ਸਨ। ਦੋਵਾਂ ਨੇ ਆਜ਼ਾਦ ਚੋਣ ਲੜੀ ਸੀ। ਵਾਰਡ 42 ਤੋਂ ਆਜ਼ਾਦ ਚੋਣ ਲੜੇ ਖਰੈਤੀ ਲਾਲ ਕਤਨਾ ਹਾਰ ਗਏ, ਪਰ ਵਾਰਡ ਨੰਬਰ 31 ਤੋਂ ਉਨ੍ਹਾਂ ਦੀ ਨੂੰਹ ਮੋਨਿਕਾ ਕਤਨਾ ਜਿੱਤ ਗਈ। ਸਹੁਰਾ ਹਾਰ ਗਿਆ, ਨੂੰਹ ਜਿੱਤੀ, ਉਹ ਖੁਸ਼ੀ ਮਨਾਉਣ ਜਾਂ ਗ਼ਮ, ਇਸ ਦੀ ਦੁਬਿਧਾ ਹੈ।

# ਬਠਿੰਡਾ ਨਿਗਮ ’ਤੇ 53 ਸਾਲ ਬਾਅਦ ਕਾਂਗਰਸ ਦਾ ਕਬਜ਼ਾ ਹੋ ਸਕਿਆ

ਬਠਿੰਡਾ, 18 ਫਰਵਰੀ (ਪੋਸਟ ਬਿਊਰੋ)- ਕਾਂਗਰਸ ਪਾਰਟੀ ਬਠਿੰਡਾ ਨਗਰ ਨਿਗਮ ਉੱਤੇ 53 ਸਾਲ ਬਾਅਦ ਕਬਜ਼ਾ ਹੋ ਸਕਿਆ ਹੈ। ਪਾਰਟੀ ਨੇ ਪੰਜਾਹ ਵਾਰਡਾਂ ਵਿੱਚੋਂ 43 ਜਿੱਤ ਕੇ ਇਤਿਹਾਸਕ ਜਿੱਤ ਦਰਜ ਕੀਤੀ ਹੈ। 53 ਸਾਲ ਤੋਂ ਬਠਿੰਡਾ ਨਿਗਮ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ ਸੱਤ ਸੀਟਾਂ ਮਿਲੀਆਂ ਹਨ ਅਤੇ ਆਮ ਆਦਮੀ ਪਾਰਟੀ ਅਤੇ ਭਾਜਪਾ ਆਪਣਾ ਖਾਤਾ ਤੱਕ ਵੀ ਨਹੀਂ ਖੋਲ੍ਹ ਸਕੀਆਂ।



ਇਸ ਜ਼ਿਲ੍ਹੇ ਵਿੱਚ ਬਠਿੰਡਾ ਨਗਰ ਨਿਗਮ ਸਮੇਤ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਕੁੱਲ 224 ਵਾਰਡਾਂ ਲਈ ਹੋਈ ਚੋਣ ਵਿੱਚ ਲਹਿਰਾ ਮੁਹੱਬਤ ਦੀਆਂ ਚਾਰ ਸੀਟਾਂ ਉਤੇ ਕਿਸੇ ਨੇ ਵੀ ਨਾਮਜ਼ਦਗੀ ਪੱਤਰ ਨਹੀਂ ਭਰਿਆ ਸੀ, ਪਰ ਬਾਕੀ ਦੇ 220 ਵਾਰਡਾਂ ਵਿੱਚੋ 154 ਉੱਤੇ ਕਾਂਗਰਸ ਨੇ ਜਿੱਤ ਦਰਜ ਕੀਤੀ ਹੈ। ਅਕਾਲੀ ਦਲ ਨੂੰ ਸਿਰਫ 33 ਵਾਰਡਾਂ 'ਤੇ ਜਿੱਤ ਮਿਲੀ ਅਤੇ ਆਮ ਆਦਮੀ ਪਾਰਟੀ ਸਿਰਫ ਤਿੰਨ ਵਾਰਡਾਂ ਵਿੱਚ ਅਤੇ ਬਹੁਜਨ ਸਮਾਜ ਪਾਰਟੀ ਸਿਰਫ ਇੱਕ ਸੀਟ ਜਿੱਤੀ ਹੈ, ਪਰ ਭਾਜਪਾ ਇਸ ਚੋਣ ਵਿਚ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ।

# ਚੰਗਿਆੜੀ ਦਾ ਖੌਫ; ਗੁਜਰਾਤ ਵਿੱਚ ਪੰਜਾਬੀ ਕਿਸਾਨਾਂ ਦੀ ਜਿਣਸ ਦਾ ਪੈਸਾ ਮਾਰ ਕੇ ਵਪਾਰੀ ਫਰਾਰ

ਚੰਡੀਗੜ੍ਹ, 18 ਫਰਵਰੀ (ਪੋਸਟ ਬਿਊਰੋ)- ਗੁਜਰਾਤ ਸਰਕਾਰ ਨੇ ਖੇਤੀ ਕਾਨੂੰਨਾਂ ਬਾਰੇ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਉੱਤੇ ਕਰੜੀ ਅੱਖ ਰੱਖੀ ਹੈ ਤਾਂ ਜੋ ਇੱਥੇ ਵੀ ਵਿਰੋਧ ਦੀ ਚੰਗਿਆੜੀ ਨਾ ਭੜਕ ਸਕੇ। ਪੰਜਾਬ-ਹਰਿਆਣਾ ਦੇ ਕਈ ਸਾਲਾਂ ਤੋਂ ਗੁਜਰਾਤ ਵਿੱਚ ਵਸੇ ਹੋਏ ਹਜ਼ਾਰਾਂ ਕਿਸਾਨ ਅੱਜਕੱਲ੍ਹ ਖੱਜਲ ਹੋ ਰਹੇ ਹਨ।



ਭਾਰਤ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਗੁਜਰਾਤ ਦੀ ਨਰਮਾ ਪੱਟੀ ਵਿੱਚ ਹਲਚਲ ਹੋਈ ਹੈ। ਕੱਛ ਖਿੱਤੇ ਵਿੱਚ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਵੀ ਖੇਤੀ ਕਾਨੂੰਨਾਂ ਖਿਲਾਫ ਤਾਲਮੇਲ ਬਿਠਾਉਣ ਲੱਗੇ ਹਨ। ਭੁੱਜ ਦੇ ਕੁਠਾਰਾ ਖੇਤਰ ਦੇ ਪਿੰਡਾਂ ਵਿੱਚ ਸੈਂਕੜੇ ਪੰਜਾਬੀ ਕਿਸਾਨਾਂ ਨੂੰ ਸਸਤੇ ਭਾਅ ਵਪਾਰੀਆਂ ਕੋਲ ਜਿਣਸ ਵੇਚਣੀ ਪੈਂਦੀ ਹੈ। ਪਿੰਡ ਬਾਂਕੂ ਦੇ ਕਿਸਾਨ ਪ੍ਰਿਥੀ ਸਿੰਘ ਦੇ ਮੁਤਾਬਕ ਕੁਠਾਰਾ ਦੇ ਸੈਂਕੜੇ ਪੰਜਾਬੀ ਕਿਸਾਨਾਂ ਤੋਂ ਪਹਿਲਾਂ ਵਪਾਰੀਆਂ ਨੇ 1400 ਰੁਪਏ ਪ੍ਰਤੀ ਕੁਇੰਟਲ ਕਣਕ ਖਰੀਦ ਕੀਤੀ। ਇੱਕ ਵਪਾਰੀ ਨੇ ਜੋ ਚੈਕ ਦਿੱਤੇ, ਉਹ ਬਾਊਂਸ ਹੋ ਗਏ ਤੇ ਉਹ ਕਰੀਬ ਪੰਜਾਹ ਕਿਸਾਨਾਂ ਨਾਲ 60 ਲੱਖ ਦੀ ਠੱਗੀ ਮਾਰ ਕੇ ਵਪਾਰੀ ਫਰਾਰ ਹੋ ਗਿਆ। ਕਿਸਾਨ ਗੁਰਮੇਲ ਸਿੰਘ ਤੇ ਜਰਨੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਜਿਣਸ ਦੀ ਕਰੀਬ 13 ਲੱਖ ਰੁਪਏ ਦੀ ਰਾਸ਼ੀ ਵਪਾਰੀ ਲੈ ਕੇ ਦੌੜ ਗਿਆ ਹੈ ਤੇਨਰਮਾ ਵਪਾਰੀ ਵੀ ਕਰੀਬ 25 ਲੱਖ ਦੀ ਰਾਸ਼ੀ ਲੈ ਕੇ ਭੱਜ ਗਏ ਹਨ। ਦੋ ਤਿੰਨ ਸਾਲਾਂ ਤੋਂ ਇਹ ਵਪਾਰੀ ਪੈਸੇ ਮਾਰ ਰਹੇ ਹਨ, ਜਿਸ ਕਾਰਨ ਖੇਤੀ ਕਾਨੂੰਨਾਂ ਦਾ ਡਰ ਵਧਿਆ ਹੈ। ਕਿਸਾਨ ਜਸਵਿੰਦਰ ਸਿੰਘ ਦੇ ਮੁਤਾਬਕ ਪ੍ਰਧਾਨ ਮੰਤਰੀ ਕੋਈ ਵੀ ਦਾਅਵਾ ਕਰਨ, ਗੁਜਰਾਤ ਵਿੱਚ ਨਾ ਮੰਡੀ ਪ੍ਰਬੰਧ ਹੈ ਅਤੇ ਨਾ ਸਰਕਾਰੀ ਖਰੀਦ। ਉਨ੍ਹਾਂ ਦੱਸਿਆ ਕਿ ਨਲੀਆ ਤਹਿਸੀਲ ਦੇ 350 ਪਿੰਡਾਂ ਲਈ ਸਿਰਫ ਇੱਕ ਖਰੀਦ ਕੇਂਦਰ ਹੈ ਅਤੇ ਗੁਜਰਾਤ ਸਰਕਾਰ ਪੂਰੀ ਫਸਲ ਉੱਤੇ ਸਰਕਾਰੀ ਭਾਅ ਨਹੀਂ ਦਿੰਦੀ। ਪੰਜ ਹੈਕਟੇਅਰ ਵਾਲੇ ਕਿਸਾਨ ਨੂੰ ਕਣਕ ਦੀ ਐਮ ਐਸ ਪੀ ਸਿਰਫ ਇੱਕ ਹੈਕਟੇਅਰ ਦੀ ਫਸਲ ਉੱਤੇ ਮਿਲੇਗੀ।

ਮਾਂਡਵੀ ਸ਼ਹਿਰ ਦੇ ਕਿਸਾਨ ਸੁਰਿੰਦਰ ਭੁੱਲਰ ਨੇ ਦੱਸਿਆ ਕਿ ਪੂਰੀ ਫਸਲ ਉੱਤੇ ਨਹੀਂ, ਸਿਰਫ ਪ੍ਰਤੀ ਏਕੜ ਪਿੱਛੇ ਨਿਸ਼ਚਿਤ ਬੋਰੀਆਂ ਉੱਤੇ ਕਿਸਾਨ ਨੂੰ ਗੁਜਰਾਤ ਸਰਕਾਰ ਸਰਕਾਰੀ ਭਾਅ ਦਿੰਦੀ ਹੈ। ਇਸ ਵੇਲੇ ਗੁਜਰਾਤ ਵਿੱਚ ਬਾਜਰਾ ਸਰਕਾਰੀ ਭਾਅ ਤੋਂ ਕਰੀਬ ਇੱਕ ਹਜ਼ਾਰ ਰੁਪਏ ਹੇਠਾਂ ਵਿਕ ਰਿਹਾ ਹੈ। ਸੁਰਿੰਦਰ ਸਿੰਘ ਨੇ ਦੱਸਿਆ ਕਿ ਉਹ ਨੌਂ ਮਹੀਨੇ ਤੋਂ ਬਾਜਰਾ ਘਰ ਰੱਖੀ ਬੈਠਾ ਸੀ, ਪਰ ਅਜੇ ਵੀ ਵਪਾਰੀ ਸਿਰਫ 1200 ਰੁਪਏ ਕੁਇੰਟਲ ਦਾ ਭਾਅ ਦੇ ਰਹੇ ਹਨ। ਸਰਕਾਰੀ ਭਾਅ ਲਈ ਫਸਲ ਦੀ ਜਮ੍ਹਾਂਬੰਦੀ ਵੀ ਦੇਣੀ ਪੈਂਦੀ ਹੈ।

ਵਰਨਣ ਯੋਗ ਹੈ ਕਿ ਪੰਜਾਬੀ ਕਿਸਾਨਾਂ ਦਾ ਕੇਸ ਇਸ ਵੇਲੇ ਸੁਪਰੀਮ ਕੋਰਟ ਵਿੱਚ ਹੈ ਅਤੇ ਇਨ੍ਹਾਂ ਉੱਤੇ ਉਜਾੜੇ ਦੀ ਤਲਵਾਰ ਲਟਕੀ ਹੋਈ ਹੈ। ਨਰੌਣਾ ਪਿੰਡ ਦੇ ਕਿਸਾਨ ਬਿੱਕਰ ਸਿੰਘ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਬਾਰੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਿੱਚ ਵੱਡਾ ਰੋਸ ਹੈ, ਪਰ ਗੁਜਰਾਤ ਸਰਕਾਰ ਨੇ ਕਿਸਾਨਾਂ ਉੱਤੇ ਨਜ਼ਰ ਰੱਖਣ ਲਈ ਸਿਵਲ ਵਰਦੀ ਵਿੱਚ ਪੁਲਸ ਲਾਈ ਹੋਈ ਹੈ। ਗਾਂਧੀ ਧਾਮ ਵਿੱਚ ਕਿਸਾਨ ਖੇਤੀ ਕਾਨੂੰਨਾਂ ਦੇ ਮੁੱਦੇ ਉੱਤੇ ਇਕੱਠੇ ਹੋਏ ਸਨ।ਭੁੱਜ ਜ਼ਿਲ੍ਹੇ ਵਿੱਚ ਕਿਸਾਨ ਸੇਵਾ ਟਰੱਸਟ ਸਰਗਰਮ ਹੈ ਅਤੇ ਕਿਸਾਨਾਂ ਨੇ ਆਪਸੀ ਤਾਲਮੇਲ ਵੀ ਕੀਤਾ, ਪਰ ਪੁਲਸ ਦੇ ਦਾਬੇ ਕਰਕੇ ਕਿਸਾਨ ਡਰੇ ਹੋਏ ਹਨ। ਭਾਜਪਾ ਨੇ ਆਪਣੇ ਬਲਾਕ ਪੱਧਰੀ ਆਗੂਆਂ ਦੀ ਡਿਊਟੀ ਵੀ ਪੰਜਾਬ ਹਰਿਆਣਾ ਦੇ ਕਿਸਾਨਾਂ ਉੱਤੇ ਨਿਗਾਹ ਰੱਖਣ ਲਈ ਲਾਈ ਹੋਈ ਹੈ। ਲੋਰੀਆ ਤਹਿਸੀਲ ਵਿੱਚ ਕਿਸਾਨ ਇਕੱਠੇ ਹੋਏ ਸਨ। ਕੁਠਾਰਾ ਦੇ ਗੁਰੂ ਘਰ ਵਿੱਚ ਕਿਸਾਨਾਂ ਦੀ ਸਰਗਰਮੀ ਦੇਖੀ ਗਈ ਸੀ। ਉਤਰੀ ਗੁਜਰਾਤ ਨਰਮਾ ਪੱਟੀ ਵਜੋਂ ਜਾਣਿਆ ਜਾਂਦਾ ਹੈ, ਉਸ ਦੇ ਕਰੀਬ ਸੱਤ ਜ਼ਿਲ੍ਹਿਆਂ ਵਿੱਚ ਕਿਸਾਨਾਂ ਦੀ ਖੇਤੀ ਕਾਨੂੰਨਾਂ ਖਿਲਾਫ ਹਿਲਜੁਲ ਸ਼ੁਰੂ ਹੋਈ ਹੈ।

ਮਾਮਲਾ ਕਿਸਾਨਾਂ ਅੱਗੇ ਅੜਿੱਕੇ ਦਾ :

# ਪੁਲਸ ਤੇ ਹਰਿਆਣਾ ਸਰਕਾਰ ਵਿਰੁੱਧ ਕਾਰਵਾਈ ਦੀ ਮੰਗ ਉੱਤੇ ਨੋਟਿਸ ਜਾਰੀ

ਚੰਡੀਗੜ੍ਹ, 18 ਫਰਵਰੀ (ਪੋਸਟ ਬਿਊਰੋ)- ਕਿਸਾਨ ਜਥੇਬੰਦੀਆਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਵੱਲੋਂ ਡਾਹੇ ਅੜਿੱਕਿਆਂ ਕਾਰਨ ਕਾਨੂੰਨ ਮੁਤਾਬਕ ਹਰਿਆਣਾ ਗ੍ਰਹਿ ਵਿਭਾਗ ਤੇ ਦਿੱਲੀ ਪੁਲਸ ਵਿਰੁੱਧ ਕਾਰਵਾਈ ਦੀ ਮੰਗ ਬਾਰੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਰਿੱਟ ਪੇਸ਼ ਕੀਤੀ ਗਈ ਹੈ। ਜਸਟਿਸ ਜੀ ਐਸ ਸੰਧਾਵਾਲੀਆ ਦੀ ਬੈਂਚ ਨੇ ਹਰਿਆਣਾ ਸਰਕਾਰ ਅਤੇ ਦਿੱਲੀ ਪੁਲਸ ਆਦਿ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ।




ਜ਼ਿਲ੍ਹਾ ਬਾਰ ਐਸੋਸੀਏਸ਼ਨ ਚੰਡੀਗੜ੍ਹ ਦੇ ਸਾਬਕਾ ਪ੍ਰਧਾਨ ਐਡਵੋਕੇਟ ਰਵਿੰ-ਦਰ ਸਿੰਘ ਜੌਲੀ ਨੇ ਐਡਵੋਕੇਟ ਅਮਰ ਸਿੰਘ ਚਾਹਲ, ਸਰਬਜੀਤ ਕੌਰ ਤੇ ਦਿਲਸ਼ੇਰ ਸਿੰਘ ਜੰਡਿਆਲਾ ਰਾਹੀਂ ਦਾਖ਼ਲ ਪਟੀਸ਼ਨ ਵਿੱਚ ਕਿਹਾ ਹੈ ਕਿ ਦੇਸ਼ ਦੇ ਕਈ ਰਾਜਾਂ ਤੋਂ ਕਿਸਾਨ ਆਪਣੀਆਂ ਮੰਗਾਂ ਲਈ ਦਿੱਲੀ ਦੇ ਜੰਤਰ-ਮੰਤਰ ਵਲ ਜਾ ਰਹੇ ਸੀ, ਪਰ ਹਰਿਆਣਾ ਸਰਕਾਰ ਨੇ ਦਿੱਲੀ ਦੇ ਰਸਤਿਆਂ ਉੱਤੇ ਬੈਰੀਕੇਡ ਅਤੇ ਹੋਰ ਅੜਿੱਕੇ, ਜਿਵੇਂ ਹਾਈਵੇ ਪੁੱਟਣ ਤੇ ਦਿੱਲੀ ਪੁਲਸ ਵੱਲੋਂ ਸੜਕ ਉੱਤੇ ਕਿੱਲਾਂ ਗੱਡਣ ਨਾਲ ਕਿਸਾਨਾਂ ਦਾ ਰਾਹ ਰੋਕਿਆ ਤੇ ਇਸ ਕਾਰਨ ਉਹ ਦਿੱਲੀ ਦੀਆਂ ਸਰਹੱਦਾਂ ਉੱਤੇ ਡਟ ਗਏ। ਇਸ ਨਾਲ ਦਿੱਲੀ ਵਾਲੇ ਰਸਤਿਆਂ ਉੱਤੇ ਕਿਸਾਨਾਂ ਦੇ ਟਰੈਕਟਰਾਂ ਤੇ ਹੋਰ ਵਾਹਨਾਂ ਨਾਲ ਭੀੜ ਵਧ ਗਈ। ਪਟੀਸ਼ਨ ਮੁਤਾਬਕ ਹਾਈਵੇ ਰੋਕਣਾ ਆਮ ਵਿਅਕਤੀ ਦੇ ਸਫ਼ਰ ਕਰਨ ਦੇ ਹੱਕ ਨੂੰ ਢਾਹ ਲਾਉਣ ਬਰਾਬਰ ਹੈ। ਇਸ ਤੋਂ ਇਲਾਵਾ ਇਹ ਵੀ ਕਿਹਾ ਗਿਆ ਹੈ ਕਿ ਦਿੱਲੀ ਪੁਲਸ ਨੇ ਕਿਸਾਨਾਂ ਉੱਤੇ ਤਸੱਦਦ ਕੀਤਾ ਤੇ ਉਨ੍ਹਾਂ ਉੱਤੇ ਅਥਰੂ ਗੈਸ ਦੇ ਗੋਲਿਆਂ ਨਾਲ ਹਮਲੇ ਕੀਤੇ ਤੇ ਨੈਸ਼ਨਲ ਹਾਈਵੇ ਉੱਤੇ ਅੜਿੱਕੇ ਡਾਹ ਕੇ ਕਿਸੇ ਦਾ ਰਾਹ ਰੋਕਣ ਤੇ ਬੇਵਜਾ ਤਸ਼ੱਦਦ ਕਰਨ ਕਾਰਨ ਹਰਿਆਣਾ ਗ੍ਰਹਿ ਵਿਭਾਗ ਦੇ ਜ਼ਿੰਮੇਵਾਰ ਵਿਅਕਤੀਆਂ ਤੇ ਦਿੱਲੀ ਪੁਲਸ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਕਿਉਂਕਿ ਐਨ ਐਚ ਏ ਆਈ ਦੇ ਕਾਨੂੰਨ ਵਿੱਚ ਕਾਰਵਾਈ ਕਰਨ ਦੀ ਤਜਵੀਜ਼ ਹੈ। ਇਸੇ ਪਟੀਸ਼ਨ ਉੱਤੇ ਕਾਰਵਾਈ ਕਰਦਿਆਂ ਹਾਈ ਕੋਰਟ ਨੇ ਨੋਟਿਸ ਜਾਰੀ ਕਰ ਕੇ ਦਿੱਲੀ ਪੁਲਸ ਅਤੇ ਹਰਿਆਣਾ ਸਰਕਾਰ ਤੋਂ ਜਵਾਬ-ਤਲਬੀ ਕਰ ਲਈ ਹੈ।

# ਵੋਟਿੰਗ ਮਸ਼ੀਨ ਖੋਹਣ ਦੇ ਦੋਸ਼ ਵਿੱਚ ਤਿੰਨ ਜਣੇ ਕਾਬੂ

ਪਾਤੜਾਂ, 18 ਫਰਵਰੀ (ਪੋਸਟ ਬਿਊਰੋ)- ਬੀਤੇ ਦਿਨੀਂ ਨਗਰ ਕੌਂਸਲ ਪਾਤੜਾਂ ਦੇ ਵਾਰਡ ਨੰਬਰ8 ਦੀ ਚੋਣ ਦੌਰਾਨ ਕੁਝ ਵਿਅਕਤੀਆਂ ਨੇ ਬੂਥ ਕੈਪਚਰਿੰਗ ਕਰਨ ਦੇ ਮਕਸਦ ਨਾਲ ਵੋਟਿੰਗ ਮਸ਼ੀਨ ਨੂੰ ਪ੍ਰੋਜ਼ਾਇਡਿੰਗ ਅਫ਼ਸਰ ਤੋਂ ਖੋਹ ਲਿਆ ਅਤੇ ਉਨ੍ਹਾਂ ਉੱਤੇ ਪੁਲਸ ਨੇ ਕੇਸ ਦਰਜ ਕੀਤਾ ਸੀ, ਜਿਸ ਉੱਤੇਕੱਲ੍ਹ ਰਾਤ ਪੁਲਸ ਨੇ ਭਾਜਪਾ ਆਗੂ ਰਮੇਸ਼ ਕੁਮਾਰ ਕੁੱਕੂ, ਰਾਮ ਲਾਲ ਮਿੱਤਲ ਉਰਫ ਰਾਮਾ ਫੂਸਵਾਲਾ ਅਤੇ ਵਿਸ਼ਾਲ ਨੂੰ ਨਾਮਜ਼ਦ ਕਰ ਕੇ ਗ੍ਰਿਫ਼ਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਜਦੋਂ ਰਾਤ ਨੌਂ ਵਜੇ ਦੇ ਕਰੀਬ ਪੁਲਸ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਪਹੁੰਚੀ ਤਾਂ ਉਨ੍ਹਾਂ ਨੇ ਵਿਵਾਦ ਸ਼ੁਰੂ ਕਰ ਦਿੱਤਾ, ਜਿਸ ਉੱਤੇ ਪੁਲਸ ਨੇ ਹਲਕਾਲਾਠੀਚਾਰਜ ਕੀਤਾ। ਇਸ ਦੌਰਾਨ ਇੱਕ ਔਰਤ ਨੇ ਪੁਲਸ ਦਾ ਡੰਡਾ ਖੋਹਣ ਦੀ ਕੋਸ਼ਿਸ਼ ਕੀਤੀ ਤਾਂ ਉਹ ਡੰਡਾ ਪੁਲਸ ਦੀ ਗੱਡੀ ਦੇ ਸ਼ੀਸ਼ੇ ਉਪਰ ਲੱਗਣ ਨਾਲ ਸ਼ੀਸ਼ਾ ਚੂਰ ਹੋ ਗਿਆ। ਪੁਲਸ ਮੁਲਾਜ਼ਮ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਥਾਣੇਲੈ ਗਏ। ਕੇਸ ਅਣਪਛਾਤਿਆਂ ਉੱਤੇ ਹੋਣ ਕਾਰਨ ਇੱਕ ਆਜ਼ਾਦ ਉਮੀਦਵਾਰ ਦੇ ਸਮਰਥਕਾਂ ਵਿੱਚਡਰ ਪਾਇਆ ਜਾ ਰਿਹਾ ਹੈ ਕਿ ਉਨ੍ਹਾਂ ਦਾ ਨਾਮ ਕੇਸ ਵਿੱਚ ਨਾ ਆ ਜਾਵੇ। ਇਸ ਵਾਰਡ ਦੇ ਸੈਂਕੜੇ ਵੋਟਰ ਅੰਡਰਗਰਾਊਂਡ ਹੋ ਗਏ ਹਨ। ਫੜੇ ਗਏ ਤਿੰਨਾਂ ਵਿਅਕਤੀਆਂ ਨੂੰ ਡਾਕਟਰੀ ਜਾਂਚ ਤੋਂ ਬਾਅਦ ਅਦਾਲਤਪੇਸ਼ ਕਰ ਦਿੱਤਾ ਗਿਆ ਹੈ। ਇਸ ਬਾਰੇ ਸਦਰ ਥਾਣੇ ਦੇ ਐਸ ਐਚ ਓ ਰਣਵੀਰ ਸਿੰਘ ਨੇ ਕਿਹਾ ਕਿ ਕਿਸੇ ਨਿਰਦੋਸ਼ ਵਿਅਕਤੀ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ, ਵੋਟਿੰਗ ਮਸ਼ੀਨ ਖੋਹਣ ਵਾਲੇਦੀ ਪੱਕੇ ਸਬੂਤਾਂ ਦੇ ਆਧਾਰ ਉੱਤੇ ਗ੍ਰਿਫ਼ਤਾਰੀ ਕੀਤੀ ਜਾ ਰਹੀ ਹੈ। ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ। ਗ੍ਰਿਫ਼ਤਾਰ ਹੋਏ ਭਾਜਪਾ ਆਗੂ ਰਮੇਸ਼ ਕੁਮਾਰ ਕੁੱਕੂ ਨੇ ਕਿਹਾ ਕਿ ਸਰਕਾਰ ਦਾ ਇਹ ਬਹੁਤ ਵੱਡਾ ਧੱਕਾ ਹੈ, ਜਿਹੜੇ ਗੁੰਡਾ ਅਨਸਰ ਰਿਵਾਲਵਰ ਲੈ ਕੇ ਬੂਥ ਕੈਪਚਰ ਕਰ ਰਹੇ ਸੀ, ਉਨ੍ਹਾਂ ਦਾ ਵਿਰੋਧ ਕਰਨ ਵਾਲੇ ਲੋਕਾਂ ਉੱਤੇਝੂਠੇ ਪਰਚੇ ਕੀਤੇ ਗਏ ਹਨ ਅਤੇ ਉਨ੍ਹਾਂ ਦੀਆਂ ਹੀ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ।

# ਕੰਪਿਊਟਰ ਅਧਿਆਪਕਾਂ ਨੂੰ ਰਾਹਤ ਨਾ ਮਿਲਣ’ਤੇ ਪੰਜਾਬ ਸਰਕਾਰ ਨੂੰ ਨੋਟਿਸ





ਫਤਿਹਗੜ੍ਹ ਸਾਹਿਬ, 18 ਫਰਵਰੀ (ਪੋਸਟ ਬਿਊਰੋ)- ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਸਕੂਲਾਂ ਵਿੱਚ ਰੈਗੂਲਰ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਅੰਤਿਮ ਰਾਹਤ ਨਾ ਦੇਣ ਬਾਰੇ ਜਵਾਬ ਮੰਗਿਆ ਹੈ।

ਕੰਪਿਊਟਰ ਫੈਕਲਟੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਪ੍ਰਦੀਪ ਮਲੂਕਾ ਤੇ ਜਨਰਲ ਸਕੱਤਰ ਗੁਰਦੀਪ ਸਿੰਘ ਬੈਂਸ ਨੇ ਦੱਸਿਆ ਹੈ ਕਿ ਐਸੋਸੀਏਸ਼ਨ ਨੇ 16 ਫਰਵਰੀ 2017 ਨੂੰ ਹਾਈ ਕੋਰਟ ਵਿੱਚ ਸੀਨੀਅਰ ਐਡਵੋਕੇਟ ਐਚ ਸੀ ਅਰੋੜਾ ਰਾਹੀਂ ਪਟੀਸ਼ਨ ਦਾਇਰ ਕਰ ਕੇ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਦਿੱਤੀ ਜਾਂਦੀ ਪੰਜ ਫੀਸਦੀ ਅੰਤ੍ਰਿਮ ਰਾਹਤ ਸਮੇਤ ਵਿਆਜ ਜਾਰੀ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਛੇਵਾਂ ਪੇਅ ਕਮਿਸ਼ਨ ਲਾਗੂ ਨਾ ਹੋਣ ਤੱਕ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਪੰਜ ਫੀਸਦੀ ਅੰਤ੍ਰਿਮ ਰਾਹਤ ਦੇਣ ਦਾ ਫੈਸਲਾ ਹੋਇਆ ਸੀ, ਜੋ ਬਾਅਦ ਵਿੱਚ ਪੇਅ ਕਮਿਸ਼ਨ ਵਿੱਚ ਮਰਜ ਹੋਵੇਗਾ ਅਤੇ ਇਹ ਤਨਖਾਹ ਦਾ ਹੀ ਹਿੱਸਾ ਹੈ, ਪਰ ਪੰਜਾਬ ਸਰਕਾਰ, ਸਿੱਖਿਆ ਵਿਭਾਗ ਅਤੇ ਵਿੱਤ ਵਿਭਾਗ ਨੇ ਲਗਾਤਾਰ ਤਿੰਨ ਸਾਲਾਂ ਤੋਂ ਲਗਭਗ 7000 ਕੰਪਿਊਟਰ ਅਧਿਆਪਕਾਂ ਨਾਲ ਵਿਤਕਰਾ ਅਤੇ ਧੱਕੇਸ਼ਾਹੀ ਕਰਦੇ ਹੋਏ ਗੈਰ-ਸੰਵਿਧਾਨਕ ਢੰਗ ਨਾਲ ਅੰਤ੍ਰਿਮ ਰਾਹਤ ਦਾ ਲਾਭ ਲਾਗੂ ਨਹੀਂ ਕੀਤਾ। ਹਾਈ ਕੋਰਟ ਵੱਲੋਂ 15 ਫਰਵਰੀ ਨੂੰ ਇਸ ਦੀ ਸੁਣਵਾਈ ਕਰਦੇ ਹੋਏ ਸਾਰੀਆਂ ਦਲੀਲਾਂ ਸੁਣਨ ਪਿੱਛੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਜਵਾਬ ਮੰਗਿਆ ਗਿਆ ਹੈ।ਇਸ ਤੋਂ ਇਲਾਵਾ ਐਸੋਸੀਏਸ਼ਨ ਦੇ ਆਗੂਆਂ ਨੇ ਦੱਸਿਆ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਕੰਪਿਊਟਰ ਅਧਿਆਪਕਾਂ ਦੇ ਰੈਗੂਲਰ ਨਿਯੁਕਤੀ ਪੱਤਰਾਂ ਵਿੱਚ ਦਰਜ ਸ਼ਰਤਾਂ ਅਨੁਸਾਰ ਪੰਜਾਬ ਸਿਵਲ ਸਰਵਿਸ ਰੂਲਜ਼ ਤੇ ਵੋਕੇਸ਼ਨਲ ਮਾਸਟਰ ਦਾ ਗ੍ਰੇਡ ਲਾਗੂ ਨਾ ਕਰਨ ਬਾਰੇ ਵੀ ਰਿੱਟ ਪਟੀਸ਼ਨ ਅਦਾਲਤ ਦੇ ਵਿਚਾਰ ਅਧੀਨ ਹੈ।

# ਮਨੀਚੇਂਜਰ ਦਾ 20 ਸਾਲ ਪੁਰਾਣਾ ਨੌਕਰ ਬੈਂਕ ਤੋਂ ਨੌਂ ਲੱਖ ਕਢਵਾ ਕੇ ਖਿਸਕ ਗਿਆ

ਜਲੰਧਰ, 18 ਫਰਵਰੀ (ਪੋਸਟ ਬਿਊਰੋ)- ਸ਼ੇਖ਼ਾਂ ਬਾਜ਼ਾਰ ਦੇ ਮਨੀਚੇਂਜਰ ਮੁਕੇਸ਼ ਕੁਮਾਰ ਦਾ 20 ਸਾਲ ਪੁਰਾਣਾ ਨੌਕਰ ਬੈਂਕ ਵਿੱਚੋਂ ਨੌਂ ਲੱਖ ਰੁਪਏ ਕਢਵਾ ਕੇ ਗਾਇਬ ਹੋ ਗਿਆ। ਮੋਬਾਈਲ ਸਵਿੱਚ ਆਫ ਆਉਣ ਉੱਤੇ ਮਾਲਕ ਨੌਕਰ ਦੇ ਘਰ ਪਹੁੰਚੇ ਤਾਂ ਉਨ੍ਹਾਂ ਦੇ ਬੇਟੇ ਨੇ ਕਿਹਾ ਕਿ ਪਾਪਾ ਸਵੇਰੇ ਕਹਿ ਕੇ ਗਏ ਸਨ ਕਿ ਉਹ ਕੰਪਨੀ ਦੇ ਕੰਮ ਤੋਂ ਤਿੰਨ ਦਿਨ ਦੇ ਲਈ ਬਾਹਰ ਜਾ ਰਹੇ ਹਨ। ਇਸ ਦੇ ਬਾਅਦ ਉਨ੍ਹਾਂ ਨੇ ਪੁਲਸ ਨੂੰ ਰਿਪੋਰਟ ਕੀਤੀ ਹੈ।




ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਨਿਊ ਜਵਾਹਰ ਨਗਰ ਦੇ ਈਸ਼ਵਰ ਦਾਸ ਉਰਫ ਰਿੰਕੂ ਦੇ ਖਿਲਾਫ ਆਈ ਪੀ ਸੀ ਦੀ ਧਾਰਾ 408 ਦਾ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ ਗਈ। ਰਿੰਕੂ ਦਾ 24 ਘੰਟੇ ਬਾਅਦ ਵੀ ਫੋਨ ਬੰਦ ਆ ਰਿਹਾ ਸੀ। ਏ ਸੀ ਪੀ ਹਰਸਿਮਰਤ ਸਿੰਘ ਦਾ ਕਹਿਣਾ ਹੈ ਕਿ ਰਿੰਕੂ ਦੀ ਤਲਾਸ਼ ਕੀਤੀ ਜਾ ਰਹੀ ਹੈ।ਪੁਲਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਰਿੰਕੂ ਇੱਕ ਸਾਜ਼ਿਸ ਦੇ ਤਹਿਤ ਕੈਸ਼ ਲੈ ਕੇ ਦੌੜਿਆ ਹੈ ਜਾਂ ਉਸ ਕੋਈ ਅਣਹੋਣੀ ਹੋਈ ਹੈ। ਪੁਲਸ ਨੂੰ ਦਿੱਤੇ ਬਿਆਨ ਵਿੱਚ ਨਿਊ ਗ੍ਰੀਨ ਮਾਡਲ ਟਾਊਨ ਦੇ ਵਸਨੀਕ 52 ਸਾਲ ਦੇ ਮੁਕੇਸ਼ ਕੁਮਾਰ ਨੇ ਕਿਹਾ ਕਿ ਉਹ ਮਨੀਚੇਂਜਰ ਹੈ ਅਤੇ ਸ਼ੇਖ਼ਾਂ ਬਾਜ਼ਾਰ ਵਿੱਚ ਉਨ੍ਹਾਂ ਦਾ ਦਫਤਰ ਹੈ, ਜਿੱਥੇ ਤਿੰਨ ਨੌਕਰ ਹਨ। ਇਨ੍ਹਾਂ ਵਿੱਚ ਰਿੰਕੂ ਉਨ੍ਹਾਂ ਦਾ ਸਭ ਤੋਂ ਪੁਰਾਣਾ ਤੇ ਇਮਾਨਦਾਰ ਨੌਕਰ ਸੀ। ਇਸ ਲਈ ਉਹ ਅਕਸਰ ਉਸ ਨੂੰ ਲੈਣ-ਦੇਣ ਲਈ ਭੇਜਦੇ ਸਨ। ਕੱਲ੍ਹ ਦੁਪਹਿਰੇ ਬੱਸ ਅੱਡੇ ਦੇ ਨੇੜੇ ਜੀ ਟੀ ਰੋਡ ਉੱਤੇ ਕੈਪੀਟਲ ਬੈਂਕ ਵਿੱਚੋਂ ਨੌਂ ਲੱਖ ਰੁਪਏ ਕਢਾਉਣ ਲਈ ਸੈਲਫ ਚੈਕ ਦੇ ਕੇ ਭੇਜਿਆ ਸੀ। ਅੱਧੇ ਘੰਟੇ ਬਾਅਦ ਉਨ੍ਹਾਂ ਦੇ ਮੋਬਾਈਲ ਉੱਤੇ ਐਸ ਐਮ ਐਸ ਆਇਆ ਕਿ ਖਾਤੇ ਵਿੱਚੋਂ ਨੌਂ ਲੱਖ ਰੁਪਏ ਨਿਕਲ ਚੁੱਕੇ ਹਨ। ਤਿੰਨ ਵਜੇ ਤੱਕ ਰਿੰਕੂ ਦਫਤਰ ਨਹੀਂ ਆਇਆ। ਜਦ ਉਸ ਦੇ ਮੋਬਾਈਲ ਉੱਤੇ ਕਾਲ ਕੀਤੀ ਤਾਂ ਫੋਨ ਬੰਦ ਆਉਣ ਲੱਗਾ। ਉਹ ਬੈਂਕ ਗਏ ਤਾਂ ਪਤਾ ਲੱਗਾ ਕਿ ਕੈਸ਼ ਲੈ ਕੇ ਚਲਾ ਗਿਆ ਹੈ। ਉਹ ਰਿੰਕੂ ਦੇ ਨਿਊ ਜਵਾਹਰ ਨਗਰ ਘਰ ਪਹੁੰਚੇ। ਇਥੇ ਨੌਕਰ ਦੇ ਬੇਟੇ ਨੇ ਕਿਹਾ ਕਿ ਪਾਪਾ ਸਵੇਰੇ ਕਹਿ ਗਏ ਸਨ ਕਿ ਕੰਪਨੀ ਦੇ ਕੰਮ ਲਈ ਤਿੰਨ ਦਿਨ ਵਾਸਤੇ ਬਾਹਰ ਜਾ ਰਹੇ ਹਨ। ਨੌਕਰ ਦਾ ਰਾਤ ਤੱਕ ਸੁਰਾਗ ਨਾ ਮਿਲਣ ਉੱਤੇ ਮੁਕੇਸ਼ ਕੁਮਾਰ ਨੇ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ।

# ਡਾਕਟਰ ਦੇ ਬਿਨਾਂ ਚੱਲਦੀ ਮਸ਼ੀਨ ਸਿਹਤ ਵਿਭਾਗ ਵੱਲੋਂ ਸੀਲ

ਜਲੰਧਰ, 18 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਕਪੂਰਥਲਾ ਚੌਕ ਨੇੜੇ ਚੱਲਦੇ ਅਲਫ਼ਾ ਸਕੈਨ ਸੈਂਟਰ ਵਿਚ ਸਿਹਤ ਵਿਭਾਗ ਦੀ ਟੀਮ ਨੇ ਇੱਕ ਅਲਟਰਾ ਸਾਊਂਡ ਮਸ਼ੀਨ ਸੀਲ ਕਰ ਦਿੱਤੀ ਹੈ। ਇਸ ਬਾਰੇ ਸਿਵਲ ਸਰਜਨ ਡਾ. ਬਲਵੰਤ ਸਿੰਘ ਨੇ ਦੱਸਿਆ ਕਿ ਪਰਵਾਰ ਭਲਾਈ ਅਫਸਰ ਡਾ. ਰਮਨ ਗੁਪਤਾ ਨੂੰ ਸੂਚਨਾ ਮਿਲੀ ਸੀ ਕਿ ਅਲਫ਼ਾ ਸਕੈਨ ਸੈਂਟਰ ਵਿੱਚ ਕੁਝ ਦਿਨਾਂ ਤੋਂ ਅਧਿਕਾਰਤ ਡਾਕਟਰ ਦੇ ਬਿਨਾਂ ਅਲਟਰਾ ਸਾਊਂਡ ਮਸ਼ੀਨ ਚਲਾਈ ਜਾਂਦੀ ਹੈ। ਜਦੋਂ ਉਨ੍ਹਾਂ ਦੀ ਟੀਮ ਨੇ ਜਾ ਕੇ ਜਾਂਚ ਕੀਤੀ ਤਾਂ ਸੈਂਟਰ ਦੇ ਅਧਿਕਾਰਿਤ ਡਾ. ਅਰਵਿੰਦ ਗੁਪਤਾ ਤੇ ਉਨ੍ਹਾਂ ਦੇ ਲੜਕੇ ਡਾ. ਮਿਅੰਕ ਗੁਪਤਾ ਓਥੇ ਨਹੀਂ ਸਨ। ਜਦੋਂ ਟੀਮ ਨੇ ਉਨ੍ਹਾਂ ਬਾਰੇ ਪੁੱਛਿਆ ਤਾਂ ਸੈਂਟਰ ਦੇ ਮੁਲਾਜ਼ਮ ਕੋਈ ਠੋਸ ਜਾਣਕਾਰੀ ਨਹੀਂ ਦੇ ਸਕੇ ।

# ਨਸ਼ਾ ਵੇਚਣ ਦੇ ਦੋਸ਼ ਹੇਠ ਤਿੰਨ ਪੁਲਸ ਵਾਲੇ ਨੌਕਰੀ ਤੋਂ ਕੱਢੇ ਗਏ

ਫਾਜ਼ਿਲਕਾ, 18 ਫਰਵਰੀ (ਪੋਸਟ ਬਿਊਰੋ)- ਨਸ਼ਾ ਵੇਚਣ ਅਤੇ ਵਰਤਣ ਦੇ ਨਾਲ ਇੱਕ ਵਿਅਕਤੀ ਨੂੰ ਪਹਿਲਾਂ ਨਸ਼ੇ 'ਤੇ ਲਾਉਣ ਅਤੇ ਫਿਰ ਅਗਵਾ ਕਰ ਕੇ ਕੁੱਟਮਾਰ ਦੇ ਦੋਸ਼ ਵਿੱਚ ਤਿੰਨ ਪੁਲਸ ਵਾਲਿਆਂ ਉੱਤੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਪੁਲਸ ਨੇ ਇਨ੍ਹਾਂ 'ਚੋਂ ਇੱਕ ਨੂੰ ਗ੍ਰਿਫਤਾਰ ਕਰ ਲਿਆ ਹੈ, ਬਾਕੀਆਂ ਦੀ ਭਾਲ ਜਾਰੀ ਹੈ।



ਨਾਨਕ ਰਾਮ ਨੇ ਦੱਸਿਆ ਕਿ ਉਸ ਨੇ ਡੀ ਜੀ ਪੀ, ਐਸ ਟੀ ਐਫ ਸੈਲ ਚੰਡੀਗੜ੍ਹ (ਪੰਜਾਬ) ਨੂੰ ਸ਼ਿਕਾਇਤ ਕੀਤੀ ਸੀ ਕਿ ਉਹ ਮੀਟ ਵੇਚਣ ਦਾ ਕੰਮ ਕਰਦਾ ਹੈ ਅਤੇ ਉਸ ਦੀ ਦੁਕਾਨ 'ਤੇ ਪੰਜਾਬ ਪੁਲਸ ਦੇ ਹੌਲਦਾਰ ਤ੍ਰਿਸ਼ਨਵਕੀਲ ਸਿੰਘ ਪੁੱਤਰ ਸੋਨਾ ਸਿੰਘ, ਏ ਐਸ ਆਈ ਮਲਕੀਤ ਸਿੰਘ ਪੁੱਤਰ ਚਿਮਨ ਸਿੰਘ, ਗੁਰਦੀਪ ਸਿੰਘ ਪੁੱਤਰ ਚਿਮਨ ਸਿੰਘ ਅਤੇ ਕੁਝ ਹੋਰ ਲੋਕ ਆਉਂਦੇ ਅਤੇ ਨਸ਼ੇ ਦੀਆਂ ਗੋਲੀਆਂ ਵੇਚਦੇ ਤੇ ਖੁਦ ਵਰਤਦੇ ਸਨ, ਜਿਨ੍ਹਾਂ ਨੇ ਉਸ ਨੂੰ ਵੀ ਨਸ਼ੇ ਦਾ ਆਦੀ ਬਣਾ ਦਿੱਤਾ ਸੀ। ਫਿਰ ਉਹ ਨਸ਼ਾ ਛੱਡਣ ਲਈ ਨਸ਼ਾ ਛੁਡਾਊ ਕੇਂਦਰ ਵਿੱਚ ਭਰਤੀ ਹੋ ਗਿਆ। ਜਦੋਂ ਬਾਹਰ ਆਇਆ ਤਾਂ ਇਨ੍ਹਾਂ ਪੁਲਸ ਮੁਲਾਜ਼ਮਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਸੁੰਨਸਾਨ ਥਾਂ ਲਿਜਾ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਕਿਹਾ ਕਿ ਜੇ ਉਹ ਉਨ੍ਹਾਂ ਨੂੰ 3,45,000 ਰੁਪਏ ਨਹੀਂ ਦਿੰਦਾ ਤਾਂ ਉਸ ਦੇ ਖਿਲਾਫ ਨਸ਼ੇ ਦੀਆਂ ਗੋਲੀਆਂ ਵੇਚਣ ਦਾ ਕੇਸ ਕਰਨਗੇ। ਉਨ੍ਹਾਂ ਦੀ ਗੱਲ ਕੁਝ ਪੈਸਿਆਂ ਵਿੱਚ ਮੁੱਕ ਗਈ ਤੇ ਉਨ੍ਹਾਂ ਨੇ ਉਸ ਨੂੰ ਛੱਡ ਦਿੱਤਾ। ਉਸ ਨੇ ਦੱਸਿਆ ਕਿ ਪੁਲਸ ਅਫਸਰਾਂ ਨੇ ਇਸ ਬਾਰੇ ਇੱਕ ਟੀਮ ਬਣਾ ਕੇ ਜਾਂਚ ਕਰਾਈ।ਇਸ ਬਾਰੇ ਫਾਜ਼ਿਲਕਾ ਦੇ ਜ਼ਿਲ੍ਹਾ ਪੁਲਸ ਮੁਖੀ ਹਰਜੀਤ ਸਿੰਘ ਨੇ ਦੱਸਿਆ ਕਿ ਹੌਲਦਾਰ ਤ੍ਰਿਸ਼ਨਵਕੀਲ ਸਿੰਘ ਪੁੱਤਰ ਸੋਨਾ ਸਿੰਘ, ਏ ਐਸ ਆਈ ਮਲਕੀਤ ਸਿੰਘ ਪੁੱਤਰ ਚਿਮਨ ਸਿੰਘ, ਗੁਰਦੀਪ ਸਿੰਘ ਪੁੱਤਰ ਚਿਮਨ ਸਿੰਘ ਅਤੇ ਅਨਿਲ ਕੁਮਾਰ ਪੁੱਤਰ ਸਤਪਾਲ ਖਿਲਾਫ ਕੇਸ ਦਰਜ ਕਰ ਕੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਪੁਲਸ ਨੇ ਇੱਕ ਮੁਲਜ਼ਮ ਨੂੰ ਕਾਬੂ ਕਰ ਲਿਆ ਅਤੇ ਬਾਕੀਆਂ ਦੀ ਭਾਲ ਕੀਤੀ ਜਾ ਰਹੀ ਹੈ।



# ਵਜ਼ੀਫਾ ਘੋਟਾਲੇ ਵਿਚ ਤਿੰਨ ਭਾਈਵਾਲਾਂ ਨੇ 8800 ਵਿਦਿਆਰਥੀਆਂ ਦੇ ਨਾਮ ਉਤੇ 30 ਕਰੋੜ ਹੜੱਪੇ

ਸ਼ਿਮਲਾ, 18 ਫਰਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿੱਚ 265 ਕਰੋੜ ਰੁਪਏ ਤੋਂ ਵੱਧ ਦੇ ਵਜ਼ੀਫਾ ਘੋਟਾਲਿਆਂ ਵਿੱਚ ਇੱਕ ਦੇ ਬਾਅਦ ਇੱਕ ਖੁਲਾਸੇ ਹੋ ਰਹੇ ਹਨ।

ਜਾਣਕਾਰ ਸੂਤਰਾਂ ਅਨੁਸਾਰ ਸੀ ਬੀ ਆਈ ਜਾਂਚ ਵਿੱਚ ਭੇਦ ਖੁੱਲ੍ਹਾ ਕਿ ਤਿੰਨ ਭਾਈਵਾਲਾਂ ਨੇ ਨੌਂ ਫਰਜ਼ੀ ਸਿੱਖਿਆ ਸੰਸਥਾਵਾਂ ਦੇ ਜ਼ਰੀਏ 8800 ਵਿੱਦਿਆਰਥੀਆਂ ਦੇ ਨਾਮ 'ਤੇ 30 ਕਰੋੜ ਰੁਪਏ ਦੀ ਰਾਸ਼ੀ ਹੜੱਪ ਲਈ ਹੈ। ਫਰਜ਼ੀ ਤਰੀਕੇ ਨਾਲ ਤਾਣਾ-ਬਾਣਾ ਬੁਣ ਕੇ ਸਾਰੇ ਵਿੱਦਿਆਰਥੀਆਂ ਦੇ ਨਾਮ 'ਤੇ ਹਿਮਾਚਲ ਅਤੇ ਚੰਡੀਗੜ੍ਹ ਦੇ ਪੰਜ ਬੈਂਕਾਂ ਵਿੱਚ ਖਾਤੇ ਖੋਲ੍ਹੇ ਗਏ। ਇਸਦੇ ਬਾਅਦ ਸਬੰਧਤ ਖਾਤਿਆਂ ਵਿੱਚ ਪਈ 30 ਕਰੋੜ ਦੀ ਵਜ਼ੀਫਾ ਰਾਸ਼ੀ ਦੋ ਬੈਕਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕਰਵਾਈ ਗਈ। ਸਬੰਧਤ ਦੋ ਬੈਂਕ ਖਾਤਿਆਂ ਵਿੱਚ ਇੱਕ ਖਾਤਾ ਕੰਪਨੀ ਤੇ ਇੱਕ ਸੋਸਾਇਟੀ ਦੇ ਨਾਮ ਹੈ।ਜਾਂਚ ਵਿੱਚ ਪਤਾ ਲੱਗਾ ਹੈ ਕਿ ਵਜ਼ੀਫਾ ਹੜੱਪਣ



ਲਈ ਅਜਿਹੀਆਂ ਸਿੱਖਿਆ ਸੰਸਥਾਵਾਂ, ਜਿਨ੍ਹਾਂ ਦਾ ਵਜੀਫਾ-ਯੋਗਤਾ ਦੇ ਮਾਮਲੇ ਵਿੱਚ ਕੋਈ ਰਿਕਾਰਡ ਨਹੀਂ ਮਿਲਿਆ, ਰਾਹੀਂ ਵੱਖ-ਵੱਖ ਸਰਕਾਰੀ ਯੋਜਨਾਵਾਂ ਦੇ ਤਹਿਤ ਵਿੱਦਿਆਰਥੀਆਂ ਨੂੰ ਮਿਲਦੇ ਵਜ਼ੀਫੇ ਲਈ ਕਲੇਮ ਕਰਦੇ ਸਨ ਅਤੇ ਇਸਦੇ ਲਈ ਫਰਜ਼ੀ ਤਰੀਕੇ ਨਾਲ ਵਿੱਦਿਆਰਥੀਆਂ ਦੇ ਦਸਤਾਵੇਜ਼ ਤਿਆਰ ਕਰਨ ਦੇ ਨਾਲ ਹੀ ਬੈਂਕ ਖਾਤੇ ਖੋਲ੍ਹੇ ਗਏ ਤੇ ਰਕਮ ਹੜੱਪੀ ਗਈ। ਇਸ ਕੇਸ ਵਿੱਚ ਕਰਨਾਟਕ ਨਾਲ ਜੁੜੀ ਇੱਕ ਡੀਮਡ ਯੂਨੀਵਰਸਿਟੀ ਵੀ ਜਾਂਚ ਦੇ ਦਾਇਰੇ ਵਿੱਚ ਆ ਰਹੀ ਹੈ। ਸੂਤਰਾਂ ਦੇ ਅਨੁਸਾਰ ਸਾਲ 2013 ਤੋਂ 2017 ਦੇ ਵਿੱਚ ਇਹ ਘੋਟਾਲਾਹੋਇਆ ਸੀ। ਇਹ ਵੀ ਪਤਾ ਲੱਗਾ ਹੈ ਕਿ ਕਰੋੜਾਂ ਦੀ ਰਾਸ਼ੀ ਹੜਪਣ ਲਈ ਨੌਂ ਸੰਸਥਾਵਾਂ ਹੇਠ ਹਿਮਾਚਲ ਪ੍ਰਦੇਸ਼ ਵਿੱਚ ਚਾਰ ਸੰਸਥਾਵਾਂ ਨਾਹਨ, ਊਨਾ, ਕਾਂਗੜਾ ਅਤੇ ਚੰਬਾ ਵਿੱਚ ਇੱਕ ਸਕਿਲ ਡਿਵੈਲਪਮੈਂਟ ਸੋਸਾਇਟੀ ਦੇ ਨਾਮ ਨਾਲ ਚਲਾਈਆਂ ਜਾ ਰਹੀਆਂ ਸੀ। ਇਸੇ ਤਰ੍ਹਾਂ ਜ਼ਿਲ੍ਹਾ ਕਾਂਗੜਾ ਵਿੱਚ ਇੱਕ ਆਈ ਟੀ ਆਈ ਅਤੇ ਹੋਰ ਥਾਵਾਂ 'ਤੇ ਨਾਈਲੇਟ ਦੇ ਨਾਮ ਨਾਲ ਚਾਰ ਸਿੱਖਿਆ ਸੰਸਥਾਵਾਂ ਚਲਾਈਆਂ ਜਾ ਰਹੀਆਂ ਸੀ। ਇਨ੍ਹਾਂ ਦੇ ਅੱਠ ਸਿੱਖਿਆ ਸੰਸਥਾਵਾਂ ਨੂੰ ਕਰੀਬ 29.80 ਕਰੋੜ ਅਤੇ ਇੱਕ ਆਈ ਟੀ ਆਈ ਨੂੰ ਕਰੀਬ 50 ਲੱਖ ਰੁਪਏ ਜਾਰੀ ਹੋਏ।

# ਲਾਲ ਕਿਲ੍ਹਾ ਹਿੰਸਾ ਕੇਸ ਵਿੱਚ ਇੱਕ ਹੋਰ ਨੌਜਵਾਨ ਗ੍ਰਿਫ਼ਤਾਰ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਗਣਤੰਤਰ ਦਿਵਸ ਮੌਕੇ ਲਾਲ ਕਿਲ੍ਹੇ 'ਤੇ ਤਲਵਾਰਬਾਜ਼ੀ ਕਰਨ ਵਾਲੇ 30 ਸਾਲ ਦੇ ਨੌਜਵਾਨ ਨੂੰ ਗ੍ਰਿਫ਼ਤਾਰ ਕਰਨ ਪਿੱਛੋਂ ਪੁਲਸ ਨੇ ਦੱਸਿਆ ਕਿ ਕਾਰ ਏ ਸੀ ਮਕੈਨਿਕ ਮਨਿੰਦਰ ਸਿੰਘ ਨੂੰ ਕੱਲ੍ਹ ਰਾਤ ਪੌਣੇ ਅੱਠ ਵਜੇ ਉਤਰ-ਪੱਛਮੀ ਦਿੱਲੀ ਦੇ ਪ੍ਰੀਤਮਪੁਰਾ ਦੇ ਸੀ ਡੀ ਬਲਾਕ ਬੱਸ ਅੱਡੇ ਤੋਂ ਫੜਿਆ ਗਿਆ ਹੈ।

ਮਨਿੰਦਰ ਸਿੰਘ ਸਵਰੂਪ ਨਗਰ ਵਿੱਚ ਆਪਣੇ ਘਰ ਦੇ ਨੇੜੇ ਤਲਵਾਰਬਾਜ਼ੀ ਦਾ ਸਿਖਲਾਈ ਸਕੂਲ ਵੀ ਚਲਾਉਂਦਾ ਹੈ। ਡੀ ਸੀ ਪੀ ਪ੍ਰਮੋਦ ਸਿੰਘ ਕੁਸ਼ਵਾਹ ਨੇ ਦੱਸਿਆ ਕਿ ਮਨਿੰਦਰ ਸਿੰਘ ਨੂੰ ਵੀਡੀਓ ਵਿੱਚ ਲਾਲ ਕਿਲ੍ਹੇ 'ਤੇ ਦੋ ਤਲਵਾਰਾਂ ਨਾਲ ਤਲਵਾਰਬਾਜ਼ੀ ਕਰਦੇ ਦੇਖਿਆ ਗਿਆ ਸੀ, ਜਿਸ ਦਾ ਮਕਸਦ



ਤਲਵਾਰਾਂ, ਖੰਡਿਆਂ, ਲੋਹੇ ਦੀਆਂ ਰਾਡਾਂ, ਕੁਹਾੜੀਆਂ ਅਤੇ ਡੰਡਿਆਂ ਆਦਿ ਨਾਲ ਪੁਲਸ ਮੁਲਾਜ਼ਮਾਂ 'ਤੇ ਹਮਲਾ ਕਰਨ ਜਾਂ ਹਿੰਸਾ ਕਰਨ ਵਾਲੇ ਦੇਸ਼ ਵਿਰੋਧੀ ਤੱਤਾਂ ਅਤੇ ਗਣਤੰਤਰ ਦਿਵਸ ਮੌਕੇ ਇਤਿਹਾਸਕ ਸਮਾਰਕ ਲਾਲ ਕਿਲ੍ਹੇ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਉਕਸਾਉਣਾ ਜਾਂ ਭੜਕਾਉਣਾ ਸੀ। ਅਧਿਕਾਰੀਆਂ ਨੇ ਦੱਸਿਆ ਕਿ 26 ਜਨਵਰੀ ਨੂੰ ਹੋਈ ਹਿੰਸਾ ਵਾਲੇਕੇਸ ਵਿੱਚ 120 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਮਨਿੰਦਰ ਸਿੰਘ ਫੇਸਬੁੱਕ 'ਤੇ ਵੱਖ-ਵੱਖ ਸੰਗਠਨਾਂ ਦੀਆਂ ਭੜਕਾਊ 'ਪੋਸਟਾਂ' ਦੇਖਣ ਦੇ ਬਾਅਦ ਜੋਸ਼ ਵਿੱਚ ਆ ਗਿਆ ਸੀ। ਉਹ ਕਈ ਵਾਰ ਸਿੰਘੂ ਬਾਰਡਰ 'ਤੇ ਵੀ ਗਿਆ ਤੇ ਉਥੇ ਕਿਸਾਨ ਆਗੂਆਂ ਦੇ ਭਾਸ਼ਣਾਂ ਤੋਂ ਬਹੁਤ ਪ੍ਰਭਾਵਤ ਹੋਇਆ। ਉਸ ਨੇ ਆਪਣੇ ਗੁਆਂਢ ਦੇ ਛੇ ਲੋਕਾਂ ਨੂੰ ਵੀ ਭੜਕਾਇਆ ਸੀ ਅਤੇ ਉਨ੍ਹਾਂ ਨੇ ਆਪਣੇ ਮੋਟਰ ਸਾਈਕਲਾਂ 'ਤੇ ਸਵਾਰ ਹੋ ਕੇ ਗਣਤੰਤਰ ਦਿਵਸ ਮੌਕੇ ਸਿੰਘੂ ਸਰਹੱਦ ਤੋਂ ਮੁਕਰਬਾ ਚੌਕ ਜਾ ਰਹੀ ਟਰੈਕਟਰ ਪਰੇਡ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਆਪਣੇ ਕੋਲ ਦੋ ਤਲਵਾਰਾਂ ਅਤੇ 4.3 ਫੁੱਟ ਦਾ ਇੱਕ ਖੰਡਾ ਰੱਖਿਆ ਸੀ। ਯੋਜਨਾ ਮੁਤਾਬਕ ਉਹ ਤੇ ਉਸ ਦੇ ਸਾਥੀ ਲਾਲ ਕਿਲ੍ਹੇ ਵਿੱਚ ਦਾਖਲ ਹੋਏ ਅਤੇ ਉਥੇ ਤਲਵਾਰਬਾਜ਼ੀ ਕੀਤੀ ਸੀ।

# ਪਪੀਤਿਆਂ ਨਾਲ ਭਰਿਆ ਟਰੱਕ ਉਲਟਣ ਨਾਲ 15 ਮੌਤਾਂ

ਜਲਗਾਉਂ, 18 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਜਲਗਾਉਂ ਜ਼ਿਲ੍ਹੇ ਦੇ ਕਿੰਗੇ ਪਿੰਡ ਵਿੱਚ ਕੱਲ੍ਹ ਦੇਰ ਰਾਤ ਹੋਏ ਇੱਕ ਸੜਕ ਹਾਦਸੇ 'ਚ ਘੱਟੋ-ਘੱਟ 15 ਵਿਅਕਤੀ ਮਾਰੇ ਗਏ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ।

ਮਿਲੀਆਂ ਖ਼ਬਰਾਂ ਮੁਤਾਬਕ ਇੱਕ ਟਰੱਕ, ਜਿਸ ਵਿੱਚ ਪਪੀਤੇ ਲੱਦੇ ਹੋਏ ਸਨ, ਜਲਗਾਉਂ ਦੇ ਧੂਲੇ ਤੋਂ ਯਾਵਲ ਵੱਲ ਜਾ ਰਿਹਾ ਸੀ। ਇਸ ਵਿੱਚ ਕੁਝ ਮਜ਼ਦੂਰ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਵੀ ਸਨ। ਰਾਤ ਇੱਕ ਵਜੇ ਦੇ ਲੱਗਭਗ ਟਰੱਕ ਅਚਾਨਕ ਉਲਟ ਗਿਆ ਅਤੇ ਸੜਕ ਕੰਢੇ ਇੱਕ ਟੋਏ 'ਚ ਜਾ ਡਿੱਗਾ, ਜਿਸ ਨਾਲ 15 ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕਾਂ 'ਚ ਦੋ ਬੱਚੇ ਤੇ ਇੱਕ 15 ਸਾਲ ਦੀ ਕੁੜੀ ਸ਼ਾਮਲ ਹਨ। ਡਰਾਈਵਰ ਸਮੇਤ ਪੰਜ ਹੋਰ



ਵਿਅਕਤੀ ਜ਼ਖ਼ਮੀ ਵੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਨ੍ਹਾਂ 'ਚੋਂ ਦੋ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਯਾਵਲ ਥਾਣੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਓਥੇ ਪੁੱਜੀ ਅਤੇ ਜੇ ਸੀ ਬੀ ਦੀ ਮਦਦ ਨਾਲ ਟਰੱਕ ਨੂੰ ਟੋਏ 'ਚੋਂ ਕੱਢਿਆ। ਜਲਗਾਉਂ ਦੇ ਐਡੀਸ਼ਨਲ ਪੁਲਸ ਮੁਖੀ ਨੇ ਦਸਿਆ ਕਿ ਸ਼ਾਇਦ ਟਰੱਕ 'ਚ ਕੋਈ ਤਕਨੀਕੀ ਨੁਕਸ ਪੈਣ ਕਾਰਨ ਹਾਦਸਾ ਵਾਪਰਿਆ ਹੈ।

# ਮੋਦੀ ਸਰਕਾਰ ਵੱਲੋਂ 4 ਸਰਕਾਰੀ ਬੈਂਕਾਂ ਦੇ ਨਿੱਜੀਕਰਨ ਦੀ ਤਿਆਰੀ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਸਰਕਾਰੀ ਸੂਤਰਾਂ ਨੇ ਦੱਸਿਆ ਹੈ ਕਿ ਭਾਰਤ ਸਰਕਾਰ ਵੱਲੋਂ ਦਰਮਿਆਨੇ ਸਾਈਜ਼ ਦੀਆਂ ਚਾਰ ਸਰਕਾਰੀ ਬੈਂਕਾਂ ਦੇ ਨਿੱਜੀਕਰਨ ਲਈ ਚੋਣ (ਸ਼ਾਰਟਲਿਸਟ) ਕੀਤੀ ਜਾ ਚੁੱਕੀ ਹੈ ਤਾਂ ਜੋ ਸਰਕਾਰੀ ਜਾਇਦਾਦਾਂ ਵੇਚ ਕੇ ਸਰਕਾਰੀ ਖਜ਼ਾਨੇ ਨੂੰ ਸਹਾਰਾ ਦਿੱਤਾ ਜਾ ਸਕੇ।

ਇਨ੍ਹਾਂ ਬੈਂਕਾਂ ਦੇ ਨਿੱਜੀਕਰਨ ਕਰਨ ਨਾਲ ਬੈਂਕਿੰਗ ਖੇਤਰ ਦੀ ਅਗਵਾਈ ਕਰ ਰਹੀਆਂ ਸਰਕਾਰੀ ਬੈਂਕਾਂ ਵਿੱਚ ਲੱਖਾਂ ਨੌਕਰੀਆਂ ਦਾ ਪ੍ਰਭਾਵਿਤ ਹੋਣਾ ਲਾਜ਼ਮੀ ਹੈ। ਇਹ ਪਹਿਲ ਰਾਜਨੀਤਕ ਪੱਖੋਂ ਵੀ ਜ਼ੋਖਮ ਭਰੀ ਹੈ, ਕਿਉਂਕਿ ਇਸ ਨਾਲ ਵੱਡੇ ਪੱਧਰ 'ਤੇ ਨੌਕਰੀਆਂ ਖੁੱਸਣ ਦਾ ਖ਼ਤਰਾ ਹੈ। ਸ਼ਾਇਦ ਇਸੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰਨੇ ਦੂਜੇ ਦਰਜੇ ਦੇ ਬੈਂਕਾਂ ਤੋਂ ਨਿੱਜੀਕਰਨ ਦੀ ਸ਼ੁਰੂਆਤ ਕਰਨ ਦਾ ਟੀਚਾ ਮਿੱਥਿਆ ਹੈ। ਇਸ ਬਾਰੇ ਦੋ ਅਧਿਕਾਰੀਆਂ ਨੇ ਆਪਣੀ ਪਛਾਣ ਜ਼ਾਹਿਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਨਿੱਜੀਕਰਨ ਲਈ ਸ਼ਾਰਟਲਿਸਟ ਕੀਤੀਆਂ ਚਾਰ ਬੈਂਕਾਂ ਵਿੱਚ ਬੈਂਕ ਆਫ



ਮਹਾਰਾਸ਼ਟਰ, ਬੈਂਕ ਆਫ ਇੰਡੀਆ, ਇੰਡੀਅਨ ਓਵਰਸੀਜ਼ ਬੈਂਕ ਅਤੇ ਸੈਂਟਰਲ ਬੈਂਕ ਆਫ ਇੰਡੀਆ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ 'ਚੋਂ ਅਪ੍ਰੈਲ ਵਿੱਚ ਸ਼ੁਰੂ ਹੋਣ ਜਾ ਰਹੇ 2021-22 ਦੇ ਸਾਲ ਦੌਰਾਨ ਦੋ ਬੈਂਕਾਂ ਨੂੰ ਵੇਚਣ ਲਈ ਚੋਣ ਕੀਤੀ ਜਾ ਚੁੱਕੀ ਹੈ। ਓਦੋਂ ਪਹਿਲਾਂ ਸ਼ਾਰਟਲਿਸਟ ਦੀ ਕੋਈ ਰਿਪੋਰਟ ਨਹੀਂ ਸੀ, ਸਰਕਾਰ ਪਹਿਲੇ ਪੜਾਅ 'ਚ ਦਰਮਿਆਨੇ ਤੇ ਛੋਟੇ ਸਾਈਜ਼ ਦੀਆਂ ਸਰਕਾਰੀ ਬੈਂਕਾਂ ਦਾ ਨਿੱਜੀਕਰਨ ਕਰਕੇ ਪਾਣੀ ਦੀ ਉਪਰਲੀ ਪਰਤ ਦੀ ਪਰਖ ਕਰਨਾ ਚਾਹੁੰਦੀ ਹੈ ਅਤੇ ਆਉਣ ਵਾਲੇ ਸਾਲਾਂ ਦੌਰਾਨ ਦੇਸ਼ ਦੀਆਂ ਕੁਝ ਵੱਡੀਆਂ ਬੈਂਕਾਂ ਦਾ ਨਿੱਜੀਕਰਨ ਵੀ ਹੋ ਸਕਦਾ ਹੈ।

# ਕੇਜਰੀਵਾਲ ਦੀ ਧੀ ਨਾਲ ਠੱਗੀ ਮਾਰਨ ਵਾਲੇ ਗ੍ਰਿਫਤਾਰ



ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਧੀ ਹਰਸ਼ਿਤਾ ਨਾਲ ਠੱਗੀ ਮਾਰਨ ਦੇ ਦੋਸ਼ਾਂ ਹੇਠ ਤਿੰਨ ਜਣਿਆਂ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਹਰਸ਼ਿਤਾ ਨੇ ਸੱਤ ਫਰਵਰੀ ਨੂੰ ਇੱਕ ਪੁਰਾਣਾ ਸੋਫਾ ਵੇਚਣ ਲਈ ਈ-ਕਾਮਰਸ ਵੈਬਸਾਈਟ ਉਪਰ ਅਪਲੋਡ ਕੀਤਾ ਸੀ।

ਸੂਤਰਾਂ ਮੁਤਾਬਕ ਦਿੱਲੀ ਪੁਲਸ ਨੇ ਸਾਜਿਦ, ਕਪਿਲ ਤੇ ਮਾਨਵੇਂਦਰ ਨੂੰ ਇਸ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਮੁੱਖ ਦੋਸ਼ੀ ਹਾਲੇ ਫਰਾਰ ਦੱਸਿਆ ਗਿਆ ਹੈ, ਜਿਹੜਾ ਈ-ਕਾਮਰਸ ਵੈਬਸਾਈਟਾਂ ਉਪਰ ਜਾਅਲੀ ਖਾਤੇ ਬਣਾਉਣ ਵਿੱਚ ਮਾਹਰ ਦੱਸਿਆ ਜਾਂਦਾ ਹੈ। ਇੱਕ ਵਿਅਕਤੀ ਨੇ ਹਰਸ਼ਿਤਾ ਨਾਲ ਸੰਪਰਕਕਰ ਕੇ ਸੋਫਾ ਖਰੀਦਣ ਵਿੱਚ ਰੁਚੀ ਦਿਖਾਈ ਸੀ। ਉਸ ਨੇ ਹਰਸ਼ਿਤਾ ਦੇ ਖਾਤੇ ਵਿੱਚ ਕੁਝ ਪੈਸੇ ਪਾ ਕੇ ਭਰੋਸਾ ਕਾਇਮ ਕੀਤਾ ਤੇ ਕਿਹਾ ਕਿ ਇਸ ਨਾਲ ਖਾਤਾ ਸਹੀ ਜਾਂ ਗਲਤ ਦਾ ਪਤਾ ਲੱਗ ਜਾਵੇਗਾ। ਫਿਰ ਉਸ ਨੇ ਹਰਸ਼ਿਤਾ ਨੂੰ ਇੱਕ 'ਕਿਊ ਆਰ ਕੋਡ' ਭੇਜਿਆ। ਇਸ ਪਿੱਛੋਂ ਉਸ ਦੇ ਖਾਤੇ ਤੋਂ ਵੀਹ ਹਜ਼ਾਰ ਰੁਪਏ ਕਟੌਤੀ ਹੋ ਗਈ। ਹਰਸ਼ਿਤਾ ਨੇ ਜਦੋਂ ਕਟੌਤੀ ਬਾਰੇ ਪੁੱਛਿਆ ਤਾਂ ਉਸ ਵਿਅਕਤੀ ਨੇ ਕਿਹਾ ਕਿ ਇਹ ਗਲਤੀ ਨਾਲ ਹੋ ਗਿਆ। ਉਸ ਨੇ ਇਹ ਪੈਸੇ ਵਾਪਸ ਕਰਨ ਲਈ ਇੱਕ ਹੋਰ ਕਿਊ ਆਰ ਕੋਡ ਭੇਜਿਆ ਅਤੇ ਸਕੈਨ ਕਰਨ ਲਈ ਕਿਹਾ। ਜਦੋਂ ਕੇਜਰੀਵਾਲ ਦੀ ਧੀ ਨੇ ਮੁੜ ਸਕੈਨ ਕੀਤਾ ਤਾਂ ਉਸ ਦੇ ਖਾਤੇ ਵਿੱਚੋਂ 14 ਹਜ਼ਾਰ ਰੁਪਏ ਹੋਰ ਕੱਟੇ ਗਏ।

# ਭਾਰਤ ਵਿੱਚ ਕੋਰੋਨਾ ਟੀਕਾ ਸੁਰੱਖਿਅਤ ਹੋਣ ਉੱਤੇ ਵੀ ਲੋਕ ਦੂਜੀ ਡੋਜ਼ ਲੈਣ ਤੋਂ ਡਰਨ ਲੱਗੇ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵੈਕਸੀਨ ਦੀ ਪਹਿਲੀ ਡੋਜ਼ ਲੈਣ ਵਾਲੇ ਲੋਕ ਦੂਜੀ ਡੋਜ਼ ਲੈਣ ਨਹੀਂ ਆ ਰਹੇ। ਕੇਂਦਰੀ ਸਿਹਤ ਅਤੇ ਪਰਵਾਰ ਭਲਾਈ ਮੰਤਰਾਲਾ ਇਸ ਬਾਰੇ ਚਿੰਤਾ ਵਿੱਚ ਹੈ। ਮੰਤਰਾਲੇ ਦਾ ਕਹਿਣਾ ਹੈ ਕਿ ਕੋਰੋਨਾ ਟੀਕਾ ਬਿਲਕੁਲ ਸੁਰੱਖਿਅਤ ਹੈ ਤੇ ਲੋਕਾਂ ਨੂੰ ਡਰਨ ਦੀ ਲੋੜ ਨਹੀਂ।ਮੰਤਰਾਲੇ ਨੇ ਕਿਹਾ ਕਿ ਕੋਰੋਨਾ ਵੈਕਸੀਨ ਦੀ ਪਹਿਲੀ ਡੋਜ਼ ਲੁਆਉਣ ਵਾਲੇ ਲੋਕਾਂ ਵਿੱਚੋਂ ਸਿਰਫ 7688 ਨੇ ਦੂਜਾ ਟੀਕਾ ਲੁਆਇਆ ਹੈ। ਇਹ ਕੋਰੋਨਾ ਵੈਕਸੀਨ



ਲੁਆ ਚੁੱਕੇ ਲੋਕਾਂ ਦਾ ਸਿਰਫ ਚਾਰ ਫੀਸਦੀ ਹੈ। ਭਾਰਤ ਵਿੱਚ 16 ਜਨਵਰੀ ਤੋਂ ਟੀਕਾਕਰਨ ਦੀ ਮੁਹਿੰਮ ਚੱਲ ਰਹੀ ਹੈ ਜਿਸ ਦੌਰਾਨ ਅੱਜ ਤੱਕ 1 ਲੱਖ 91 ਹਜ਼ਾਰ 181 ਲੋਕਾਂ ਨੂੰ ਟੀਕਾ ਲਾਇਆ ਜਾ ਚੁੱਕਾ ਹੈ। ਮੰਤਰਾਲੇ ਮੁਤਾਬਕ 28 ਰਾਜਾਂ ਤੇ ਕੇਂਦਰ ਸ਼ਾਸਤ ਖੇਤਰਾਂ ਵਿੱਚ 84,807 ਲੋਕਾਂ ਨੂੰ ਕੋਰੋਨਾ ਵਾਇਰਸ ਦੀ ਪਹਿਲੀ ਡੋਜ਼ ਲਾਈ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਟੀਕੇ ਜੰਮੂ-ਕਸ਼ਮੀਰ ਵਿੱਚ ਲਾਏ ਗਏ। ਮੰਤਰਾਲੇ ਨੇ ਦੱਸਿਆ ਕਿ ਦਿੱਲੀ ਵਿੱਚ 2627 ਲੋਕਾਂ ਨੂੰ ਪਹਿਲੀ ਡੋਜ਼ ਲਾਈ ਗਈ ਹੈ। ਇਹ ਬੀਤੇ ਦਿਨਾਂ ਤੋਂ ਕਾਫ਼ੀ ਘੱਟ ਹੈ। ਇਸ ਤੋਂ ਪਹਿਲਾਂ ਦਿੱਲੀ ਵਿੱਚ 15807 ਕੋਰੋਨਾ ਵਾਲੰਟੀਅਰਾਂ ਨੂੰ ਵੈਕਸੀਨ ਦਿੱਤੀ ਗਈ। ਮੰਤਰਾਲੇ ਮੁਤਾਬਕ ਵੈਕਸੀਨ ਦੀ ਪਹਿਲੀ ਡੋਜ਼ ਲੁਆਉਣ ਤੋਂ ਚਾਰ ਤੋਂ ਛੇ ਹਫ਼ਤਿਆਂ ਦੇ ਅੰਦਰ ਦੂਜੀ ਡੋਜ਼ ਲੁਆ ਲੈਣੀ ਚਾਹੀਦੀ ਹੈ।

# ਭਾਜਪਾ ਨੇਤਾ ਸੋਨਾਲੀ ਫੋਗਟ ਦੇ ਘਰ ਤੋਂ 10 ਲੱਖ ਰੁਪਏ, ਗਹਿਣੇ ਤੇ ਰਿਵਾਲਵਰ ਚੋਰੀ

ਹਿਸਾਰ, 18 ਫਰਵਰੀ (ਪੋਸਟ ਬਿਊਰੋ)- ਭਾਜਪਾ ਨੇਤਾ ਸੋਨਾਲੀ ਫੋਗਾਟ ਦੇ ਸੰਤ ਨਗਰ ਵਾਲੇ ਮਕਾਨ ਦੇ ਤਾਲੇ ਤੋੜ ਕੇ ਚੋਰ 10 ਲੱਖ ਰੁਪਏ, ਸੋਨੇ-ਚਾਂਦੀ ਦੇ ਗਹਿਣੇ, ਲਾਇਸੈਂਸੀ ਰਿਵਾਲਵਰ ਅਤੇ ਅੱਠ ਕਾਰਤੂਸ ਲੈ ਕੇ ਫਰਾਰ ਹੋ ਗਏ। ਐਚ ਟੀ ਐਮ ਥਾਣਾ ਪੁਲਸ ਨੇ ਅਣਪਛਾਤੇ ਚੋਰਾਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਸੋਨਾਲੀ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਹ 9 ਫਰਵਰੀ ਨੂੰ ਆਪਣੇ ਘਰ ਨੂੰ ਤਾਲੇ ਲਾ ਕੇ ਚੰਡੀਗੜ੍ਹ ਗਈ ਸੀ। ਕੱਲ੍ਹ ਵਾਪਸ ਆਈ ਤਾਂ ਮਕਾਨ ਦੇ ਮੇਨ ਗੇਟ ਦਾ ਤਾਲਾ ਟੁੱਟਿਆ ਮਿ-



ਲਿਆ। ਹੇਠਲੇ ਅਤੇ ਉਪਰ ਵਾਲੇ ਕਮਰਿਆਂ ਦੇ ਵੀ ਤਾਲੇ ਟੁੱਟੇ ਮਿਲੇ ਅਤੇ ਸਾਮਾਨ ਖਿੱਲਰਿਆ ਹੋਇਆ ਸੀ। ਸਾਮਾਨ ਚੈਕ ਕਰਨ ਉਤੇ ਅਲਮਾਰੀ ਵਿੱਚੋਂ 10 ਲੱਖ ਰੁਪਏ, ਸੋਨੇ ਦੇ ਗਹਿਣੇ, ਚਾਂਦੀ ਦੇ ਭਾਂਡੇ, ਘੜੀਆਂ, ਲਾਇਸੈਂਸੀ ਰਿਵਾਲਵਰ ਅਤੇ ਅੱਠ ਕਾਰਤੂਸ ਗਾਇਬ ਮਿਲੇ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਹਾਲੇ ਚੋਰੀ ਹੋਏ ਪੂਰੇ ਸਾਮਾਨ ਦਾ ਪਤਾ ਨਹੀਂ ਲੱਗਾ।ਸੋਨਾਲੀ ਨੇ ਆਪਣੇ ਮਕਾਨ ਵਿੱਚ ਸੀ ਸੀ ਟੀ ਵੀ ਲਾ ਰੱਖੇ ਹਨ, ਪਰਚਲਾਕ ਚੋਰਾਂ ਨੇ ਮੇਨ ਗੇਟ ਦਾ ਤਾਲਾ ਤੋੜ ਕੇ ਅੰਦਰ ਆਰਾਮ ਨਾਲ ਚੋਰੀ ਕੀਤੀ। ਫੜੇ ਜਾਣ ਦੇ ਡਰੋਂ ਉਨ੍ਹਾਂ ਨੇ ਸੀ ਸੀ ਟੀ ਵੀ ਦੀ ਡੀ ਵੀ ਆਰ ਪੁੱਟ ਲਈ ਅਤੇ ਨਾਲ ਲੈ ਗਏ।

# ਦੀਆ ਮਿਰਜ਼ਾ ਤੇ ਵੈਭਵ ਰੇਖੀ ਵਿਆਹ ਦੇ ਬੰਧਨ ਵਿੱਚ ਬੱਝ ਗਏ

ਮੁੰਬਈ, 18 ਫਰਵਰੀ (ਪੋਸਟ ਬਿਊਰੋ)- ਬਾਲੀਵੁੱਡ ਅਭਿਨੇਤਰੀ ਦੀਆ ਮਿਰਜ਼ਾ ਅਤੇ ਕਾਰੋਬਾਰੀ ਵੈਭਵ ਰੇਖੀ ਕੱਲ੍ਹ ਵਿਆਹ ਦੇ ਬੰਧਨ ਵਿੱਚ ਬੱਝ ਗਏ। ਦੀਆ ਮਿਰਜ਼ਾ ਦੇ ਬਾਂਦ੍ਰਾ ਵਾਲੇ ਗਾਰਡਨ ਏਰੀਏ ਵਿਚਲੇ ਘਰ ਵਿੱਚ ਇਸ ਜੋੜੇ ਦਾ ਵਿਆਹ ਹਿੰਦੂ ਰੀਤੀ-ਰਿਵਾਜ਼ਾਂ ਨਾਲ ਹੋਇਆ। ਇਸ ਸਮਾਰੋਹ ਵਿੱਚ ਦੋਵਾਂ ਦੇ ਪਰਵਾਰਕ ਮੈਂਬਰ ਤੇ ਨੇੜਲੇ ਮਿੱਤਰ ਆਏ, ਜਿਨ੍ਹਾਂ ਵਿੱਚ ਅਭਿਨੇਤਰੀ ਅਦਿਤੀ ਰਾਓ ਹੈਦਰੀ ਤੇ ਅਭਿਨੇਤਾ ਤੇ ਨਿਰਮਾਤਾ ਜੈਕੀ ਭਗਨਾਨੀ ਸ਼ਾਮਲ ਸਨ।

ਵਿਆਹ ਦੇ ਬਾਅਦ ਦੋਵੇਂ ਜਣੇ ਘਰੋਂ ਬਾਹਰ ਆਏ ਅਤੇ ਫੋਟੋਗਰਾਫਰਾਂ ਕੋਲ ਫੋਟੋ ਖਿਚਵਾਈਆਂ। ਦੀਆ ਮਿਰਜ਼ਾ ਨੇ ਬਾਹਰ ਇੰਤਜ਼ਾਰ ਵਿੱਚ ਖੜ੍ਹੇ ਮੀਡੀਆ ਨੂੰ ਖੁਦ ਮਠਿਆਈ ਵੰਡੀ। ਵਰਨਣ ਯੋਗ ਹੈ ਕਿ ਫਿਲਮ 'ਰਹਿਨਾ ਹੈ ਤੇਰੇ



ਦਿਲ ਮੇਂ", 'ਸੰਜੂ' ਅਤੇ 'ਥੱਪੜ' ਵਰਗੀਆਂ ਫਿਲਮਾਂ ਲਈ ਜਾਣੀ ਜਾਂਦੀ ਦੀਆ ਮਿਰਜ਼ਾ ਅਤੇ ਵੈਭਵ ਰੇਖੀ ਪਿਛਲੇ ਕੁਝ ਸਮੇਂ ਤੋਂ ਸੰਪਰਕ ਵਿੱਚ ਸਨ, ਪਰ ਉਨ੍ਹਾਂ ਦਾ ਇਹ ਰਿਸ਼ਤਾ ਕਦੇ ਜੱਗ ਜ਼ਾਹਿਰ ਨਹੀਂ ਸੀ ਹੋਇਆ। ਇਸ ਤੋਂ ਪਹਿਲਾਂ ਦੀਆ ਮਿਰਜ਼ਾ ਫਿਲਮ ਨਿਰਮਾਤਾ ਸਾਹਿਲ ਸੰਘਾ ਨਾਲ ਵਿਆਹੀ ਹੋਈ ਸੀ। 11 ਸਾਲ ਇਕੱਠੇ ਰਹਿਣ ਪਿੱਛੋਂ ਸਾਲ 2019 ਵਿੱਚ ਉਨ੍ਹਾਂ ਨੇ ਅੱਡ ਹੋਣ ਦਾ ਫੈਸਲਾ ਲਿਆ। ਖਬਰਾਂ ਅਨੁਸਾਰ ਰੇਖੀ ਦੀ ਪਹਿਲੀ ਪਤਨੀ ਯੋਗਾ ਅਤੇ ਲਾਈਫ ਸਟਾਈਲ ਕੋਚ ਸੁਨੈਨਾ ਰੇਖੀ ਸੀ। ਦੋਵਾਂ ਦੀ ਇੱਕ ਧੀ ਵੀ ਹੈ।

# ਪ੍ਰਾਈਵੇਸੀ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਭਾਰਤ ਸਰਕਾਰ ਅਤੇ ਵਟਸਐਪ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਵਟਸਐਪ ਦੀ ਨਵੀਂ ਪ੍ਰਾਈਵੇਸੀ ਪਾਲਿਸੀ ਬਾਰੇ ਕੇਸ ਦੀ ਸੁਣਵਾਈ ਦੌਰਾਨ ਕੰਪਨੀ ਨੂੰ ਫਟਕਾਰ ਲਾਈ ਅਤੇ ਇਸ ਮਾਮਲੇ 'ਚ ਵਟਸਐਪ, ਫੇਸਬੁੱਕ ਅਤੇ ਭਾਰਤ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਚਾਰ ਹਫ਼ਤਿਆਂ 'ਚ ਉਨ੍ਹਾਂ ਤੋਂ ਜਵਾਬ ਮੰਗਿਆ ਅਤੇ ਕਿਹਾ ਕਿ ਨਾਗਰਿਕਾਂ ਦੀ ਨਿੱਜਤਾ (ਪ੍ਰਾਈਵੇਸੀ) ਦੀ ਰੱਖਿਆ ਕਰਨਾ ਨਿਆਂਪਾਲਿਕਾ ਦਾ ਫ਼ਰਜ਼ ਹੈ।

ਚੀਫ਼ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੀ ਬੈਂਚ ਨੇ ਵਟਸਐਪ ਨੂੰ ਕਿਹਾ, "ਹੋ ਸਕਦਾ ਹੈ ਕਿ ਤੁਹਾਡੀ ਕੰਪਨੀ ਦੀ ਕੀਮਤ ਦੋ ਤੋਂ ਤਿੰਨ ਟ੍ਰਿਲੀਅਨ ਹੋਵੇ, ਪਰ ਯੂਜ਼ਰਸ ਦੀ ਪ੍ਰਾਈਵੇਸੀ ਦੀ ਕੀਮਤ ਇਸ ਤੋਂ ਕਿਤੇ ਵੱਧ ਹੈ। ਲੋਕ ਪੈਸੇ ਤੋਂ ਵੱਧ ਆਪਣੀ ਨਿੱਜਤਾ ਨੂੰ ਮਹੱਤਵ ਦਿੰਦੇ ਹਨ।" ਬੈਂਚ ਨੇ ਕਿਹਾ ਕਿ ਲੋਕਾਂ ਦੀ ਨਿਜਤਾ ਦੀ ਸੁਰੱਖਿਆ ਕਰਨਾ ਤੁਹਾਡੀ ਜ਼ਿੰਮੇਵਾਰੀ



ਹੈ। ਅਦਾਲਤ ਨੇ ਵਟਸਐਪ ਅਤੇ ਫ਼ੇਸਬੁੱਕ ਨੂੰ ਨੋਟਿਸ ਕੱਢ ਕੇ ਉਸ ਦੀ ਨਵੀਂ ਪ੍ਰਾਇਵੇਸੀ ਪਾਲਿਸੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਪ੍ਰਤੀਕਿਰਿਆ ਮੰਗੀ ਹੈ। ਇਸ ਕੇਸ ਦੀ ਅੱਗੇ ਦੀ ਸੁਣਵਾਈ ਕਰਦੇ ਹੋਏ ਚੀਫ਼ ਜਸਟਿਸ ਐਸ ਏ ਬੋਬੜੇ ਦੀ ਪ੍ਰਧਾਨਗੀ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ, "ਯੂਜ਼ਰਸ ਨਵੀਂ ਪ੍ਰਾਈਵੇਸੀ ਪਾਲਿਸੀ ਆਉਣ ਦੇ ਬਾਅਦ ਤੋਂ ਆਪਣੀ ਨਿਜਤਾ ਬਾਰੇ ਕਾਫੀ ਚਿੰਤਤ ਹਨ।" ਕਰਮਾਨਿਆ ਸਿੰਘ ਸਰੀਨ ਦੀ ਅੰਤਰਿਮ ਅਰਜ਼ੀ 'ਤੇ ਸਰਕਾਰ ਅਤੇ ਫ਼ੇਸਬੁੱਕ ਦੀ ਮਲਕੀਅਤ ਵਾਲੇ ਵਟਸਐਪ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

# ਜੇਲ੍ਹ ਤੋਂ ਛੁੱਟੇ ਗੈਂਗਸਟਰ ਨੂੰ ਲੈਣ 500 ਕਾਰਾਂ ਦਾ ਕਾਫਲਾ ਪੁੱਜਾ

ਪੁਣੇ, 18 ਫਰਵਰੀ (ਪੋਸਟ ਬਿਊਰੋ)- ਪੁਣੇ ਦੇ ਨਾਮੀ ਗੈਂਗਸਟਰ ਗਜਾਨਨ ਮਾਰਣੇ ਨੂੰ ਦੋ ਕਤਲਾਂ ਦੇ ਕੇਸ ਵਿੱਚ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਤਾਂ ਸੋਮਵਾਰ ਸ਼ਾਮ ਜਦਉਹ ਮੁੰਬਈ ਦੀ ਤਲੋਜਾ ਜੇਲ੍ਹ 'ਚੋਂ ਰਿਹਾਅ ਹੋਇਆ ਉਸ ਦੇ ਸਮਰਥਕਾਂ ਨੇ ਸ਼ਕਤੀ ਪ੍ਰਦਰਸ਼ਨ ਕੀਤਾ ਅਤੇ ਉਸ ਨੂੰ ਲੈਣ ਕਰੀਬ 500 ਕਾਰਾਂ ਦਾ ਕਾਫਲਾ ਗਿਆ।



ਮਾਰਣੇ ਦੇ ਸਮਰਥਕਾਂ ਨੇ ਪੁਣੇ-ਮੁੰਬਈ ਐਕਸਪ੍ਰੈਸ ਹਾਈਵੇ 'ਤੇ ਬਾਕਾਇਦਾ ਜਲੂਸ ਕੱਢਿਆ, ਪਟਾਕੇ ਚਲਾਏ ਅਤੇ ਡ੍ਰੋਨ ਕੈਮਰੇ ਨਾਲ ਇਸ ਦੀ ਸ਼ੂਟਿੰਗ ਵੀ ਕੀਤੀ। ਇਸ ਮਾਮਲੇ ਵਿੱਚ ਪੁਲਸ ਨੇ ਸ਼ਿਕਾਇਤ ਦਰਜ ਕਰ ਲਈ ਹੈ। ਗਜਾਨਨ ਮਾਰਣੇ 'ਤੇ 2014 ਵਿੱਚ ਹੋਏ ਦੋ ਕਤਲਾਂ ਦਾ ਦੋਸ਼ ਸੀ, ਜਿਸ ਕਾਰਨ ਉਹ ਜੁਡੀਸ਼ਲ ਹਿਰਾਸਤ ਵਿੱਚ ਸੀ। ਠੋਸ ਸਬੂਤ ਨਾ ਮਿਲਣ 'ਤੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ ਤਾਂ ਉਸ ਨੂੰ ਲੈਣ ਗਏ ਸਮਰਥਕਾਂ ਦੇ ਕਾਰਨ ਮੁੰਬਈ-ਪੁਣੇ ਐਕਸਪ੍ਰੈਸ ਹਾਈਵੇ 'ਤੇ ਕਾਰਾਂ ਦੀ ਲਾਈਨ ਲੱਗੀ ਹੋਈ ਸੀ। ਇਸ ਕਾਰਨ ਹਾਈਵੇ 'ਤੇ ਟਰੈਫਿਕ ਜਾਮ ਹੋ ਗਿਆ, ਜਿਸ ਦਾ ਵੀਡੀਓ ਜਦ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਤਾਂ ਪੁਲਸ ਵੀ ਹਰਕਤ ਵਿੱਚ ਆਈ। ਸ਼ਿਰਗਾਉਂ ਪੁਲਸ ਚੌਕੀ ਦੇ ਮੁਲਾਜ਼ਮ ਨਵਨਾਥ ਧਾਇਗੁਡੇ ਨੇ ਇਸ ਮਾਮਲੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਉਤੇ ਤਲੇਗਾਉਂ ਦਾਭਾਡੇ ਪੁਲਸ ਥਾਣੇ ਨੇ ਗਜਾਨਨ ਅਤੇ ਉਸ ਦੇ ਸਮਰਥਕਾਂ 'ਤੇ ਮਾਮਲਾ ਦਰਜ ਕਰ ਲਿਆ ਹੈ।



# ਬੀ ਬੀ ਸੀ ਵੱਲੋਂ ਦਿਖਾਏ ਗਏ ਦੁਬਈ ਦੇ ਰਾਜੇ ਦੀ ਬੇਟੀ ਲਾਤੀਫਾ ਦੀ ਵੀਡੀਓ ਉੱਤੇ ਬਿਖੇੜਾ

*** ਮੈਨੂੰ ਘਰ ਵਿੱਚ ਨਜ਼ਰਬੰਦ ਕੀਤਾ ਹੋਇਐ: ਲਾਤੀਫਾ**

ਲੰਡਨ, 18 ਫਰਵਰੀ (ਪੋਸਟ ਬਿਊਰੋ)- ਬੀ ਬੀ ਸੀ ਵੱਲੋਂ ਦਿਖਾਈ ਗਈ ਦੁਬਈ ਦੇ ਸ਼ਾਸਕ ਸ਼ੇਖ਼ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਦੀ ਬੇਟੀ ਰਾਜਕੁਮਾਰੀ ਲਾਤੀਫਾ ਅਲ ਮਕਤੂਮ ਦੀ ਵੀਡਿਓ ਨੇ ਨਵਾਂ ਵਿਵਾਦ ਖੜਾ ਕਰ ਦਿੱਤਾ ਹੈ।

ਸਾਲ 2018 ਵਿੱਚ ਦੁਬਈ ਤੋਂ ਭੱਜਣ ਦੀ ਕੋਸ਼ਿਸ਼ ਕਰ ਚੁੱਕੀ ਲਾਤੀਫਾ ਨੂੰ ਭਾਰਤ ਦੇ ਸਮੁੰਦਰੀ ਤੱਟ ਤੋਂ ਗ੍ਰਿਫ਼ਤਾਰ ਕਰਕੇ ਦੁਬਈ ਦੇ ਹਵਾਲੇ ਕੀਤਾ ਗਿਆ ਸੀ ਅਤੇ ਓਦੋਂ ਤੋਂ ਉਹ ਦੁਬਈ ਵਿੱਚ ਕੈਦ ਹੈ। ਲਾਤੀਫਾ ਨੇ ਇੱਕ ਵੀਡੀਓ ਵਿੱਚ ਆਪਣੇ ਪਿਤਾ 'ਤੇ ਉਸ ਨੂੰ ਬੰਦੀ ਬਣਾਉਣ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਉਸਦੀ ਜ਼ਿੰਦਗੀ ਖ਼ਤਰੇ ਵਿੱਚ ਹੈ। ਉਸ ਨੇ ਕਿਹਾ ਹੈ ਕਿ ਉਸ ਨੂੰ ਦੁਬਈ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਹੈ, ਉਹ ਕਾਰ ਨਹੀਂ ਚਲਾ ਸਕਦੀ। ਉਸ ਦੇ ਅਨੁਸਾਰ 'ਮੈਂ ਸੰਨ 2000 ਤੋਂ ਦੇਸ਼ ਵਿੱਚੋਂ ਬਾਹਰ ਨਹੀਂ ਨਿਕਲੀ, ਮੈਂ ਸਫ਼ਰ ਕਰਨ, ਪੜ੍ਹਨ ਤੇ ਕੁਝ ਆਮ ਕਰਨ ਬਾਰੇ ਬਹੁਤ ਵਾਰ ਪੁੱਛ ਚੁੱਕੀ ਹਾਂ, ਪਰ ਮੈਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ।'



ਰਾਜਕੁਮਾਰੀ ਲਾਤੀਫਾ ਲੰਮਾਂ ਸਮਾਂ ਆਪਣੀ ਸਹੇਲੀ ਟੀਨਾ ਜੁਹੀਐਨਿਨ ਦੇ ਸੰਪਰਕ ਵਿੱਚ ਰਹੀ ਹੈ, ਪਰ ਟੀਨਾ ਕੋਲ ਕਈ ਮਹੀਨਿਆਂ ਤੋਂ ਲਾਤੀਫਾ ਬਾਰੇ ਕੋਈ ਜਾਣਕਾਰੀ ਨਹੀਂ। ਉਸ ਨੂੰ ਖ਼ੁਫੀਆ ਸੁਨੇਹੇ ਆਉਣੇ ਬੰਦ ਹੋ ਚੁੱਕੇ ਹਨ, ਜਿਸ ਤੋਂ ਬਾਅਦ ਉਨ੍ਹਾਂ ਦੇ ਦੋਸਤਾਂ ਨੇ ਯੂ ਐੱਨ ਓ ਦੇ ਦਖ਼ਲ ਦੀ ਮੰਗ ਕੀਤੀ ਹੈ। ਦੁਬਈ ਅਤੇ ਯੂ ਏ ਈ ਅਨੁਸਾਰ ਰਾਜਕੁਮਾਰੀ ਆਪਣੇ ਪਰਵਾਰ ਵਿੱਚ ਸੁਰੱਖਿਅਤ ਹੈ। ਟੀਨਾ ਨੇ ਕਿਹਾ ਹੈ ਕਿ ਰਾਜਕੁਮਾਰੀ ਭਵਿੱਖ ਬਾਰੇ ਆਸਵੰਦ ਹੈ ਅਤੇ ਉਹ ਸਵੇਰੇ ਉਠ ਕੇ ਜੋ ਚਾਹੇ, ਕਰ ਸਕਣ ਦੀ ਇੱਛਾ ਰੱਖਦੀ ਹੈ।

ਵਰਨਣ ਯੋਗ ਹੈ ਕਿ ਲਾਤੀਫਾ ਕੋਲ ਉਸ ਦਾ ਪਾਸਪੋਰਟ ਨਹੀਂ ਹੈ, ਜਿਸ ਕਰਕੇ ਉਸ ਨੇ ਸਮੁੰਦਰੀ ਰਸਤੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਅੱਠ ਦਿਨਾਂ ਦੇ ਸਫਰ ਪਿੱਛੋਂ ਉਸ ਨੂੰ ਭਾਰਤੀ ਤੱਟ 'ਤੇ ਫੜ ਲਿਆ ਗਿਆ ਤੇ ਵਾਰ-ਵਾਰ ਅਪੀਲਾਂ ਕਰਨ ਦੇ ਬਾਵਜੂਦ ਬੇਹੋਸ਼ ਕਰਕੇ ਦੁਬਈ ਵਾਪਸ ਭੇਜ ਦਿੱਤਾ ਗਿਆ ਸੀ। ਲਾਤੀਫਾ (35) ਬਾਰੇ ਕਿਹਾ ਗਿਆ ਹੈ ਕਿ ਉਸ ਨੇ ਵੀਡੀਓ ਆਪਣੇ ਘਰ ਦੇ ਬਾਥਰੂਮ ਵਿੱਚ ਬਣਾਇਆ ਹੈ, ਉਸ ਦੇ ਘਰ ਦੇ ਬਾਹਰ ਪੁਲਸ ਤਾਇਨਾਤ ਹੈ। ਲਾਤੀਫਾ ਬੰਦੀ ਮਾਮਲਾ ਯੂ ਐੱਨ ਓ ਕੋਲ ਪਹੁੰਚ ਗਿਆ ਹੈ। ਮਨੁੱਖੀ ਅਧਿਕਾਰ ਵਿੰਗ ਨੇ ਕਿਹਾ ਹੈ ਕਿ ਉਹ ਜਲਦੀ ਹੀਇਸ ਬਾਰੇ ਯੂ ਏ ਈ ਸਰਕਾਰ ਨੂੰ ਸਵਾਲ ਕਰਨਗੇ। ਯੂ ਕੇ ਦੇ ਵਿਦੇਸ਼ ਮੰਤਰੀ ਡੌਮਨਿਕ ਰਾਬ ਨੇ ਕਿਹਾ ਹੈ ਕਿ ਅਸੀਂ ਇਸ ਬਾਰੇ ਚਿੰਤਤ ਹਾਂ ਇੱਕ ਮਹਿਲਾ ਬਿਪਤਾ ਵਿੱਚ ਹੈ, ਅਸੀਂ ਇਹ ਮਾਮਲਾ ਵਿਸ਼ਵ ਭਰ ਵਿੱਚ ਉਠਾ ਰਹੇ ਹਾਂ।

# ਪਾਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਅਨੰਦ ਕਾਰਜ ਬਿੱਲ ਨੂੰ ਮਨਜ਼ੂਰੀ

ਲਾਹੌਰ, 18 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਪੰਜਾਬ ਅਸੈਂਬਲੀ ਵੱਲੋਂ 14 ਮਾਰਚ 2018 ਨੂੰ ਪਾਸ ਕੀਤੇ ਜਾ ਚੁੱਕੇ ਸਿੱਖ ਅਨੰਦ ਕਾਰਜ ਐਕਟ ਵਿੱਚ ਸਿੱਖ ਵਿਆਹਾਂ ਦੀ ਰਜਿਸਟ੍ਰੇਸ਼ਨ ਦੇ ਖਰੜੇ ਵਿੱਚ ਸੋਧ ਦੀ ਕਾਰਵਾਈ ਮੁਕੰਮਲ ਕਰ ਲਈ ਗਈ ਹੈ ਤੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜਦਾਰ ਨੇ ਇਸ ਬਿੱਲ ਨੂੰ ਆਪਣੀ ਵੱਲੋਂ ਮਨਜ਼ੂਰੀ ਵੀ ਦੇ ਦਿੱਤੀ ਹੈ, ਜਿਸ ਦੇ ਬਾਅਦ ਇਸ ਨੂੰ ਲਾਗੂ ਕੀਤਾ ਜਾਣਾ ਹੀ ਬਾਕੀ ਹੈ।

ਕੱਲ੍ਹ ਮੁੱਖ ਮੰਤਰੀ ਉਸਮਾਨ ਬੁਜਦਾਰ ਨਾਲ ਇਸ ਬਾਰੇ ਕੀਤੀ ਇੱਕ ਬੈਠਕ ਪਿੱਛੋਂ ਐਮ ਪੀ ਏ ਅਤੇ ਪਾਰਲੀਮਾਨੀ ਸੈਕਟਰੀ ਮਹਿੰਦਰਪਾਲ ਸਿੰਘ ਨੇ



ਮੀਡੀਆ ਨਾਲ ਉਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਾਕਿ- ਸਤਾਨ ਮੁਸਲਿਮ ਲੀਗ-ਨਵਾਜ਼ ਦੇ ਐਮ ਪੀ ਏ ਰਮੇਸ਼ ਸਿੰਘ ਅਰੋੜਾ ਨੇ ਆਪਣੇ ਪਿਛਲੇ ਕਾਰਜਕਾਲ ਵੇਲੇ ਪੰਜਾਬ ਵਿਧਾਨ ਸਭਾ ਵਿੱਚ ਸਾਲ 2018 ਵਿੱਚ ਅਨੰਦ ਕਾਰਜ ਬਿੱਲ ਪਾਸ ਕਰਵਾਇਆ ਸੀ ਅਤੇ ਪਾਕਿ ਵਿੱਚ ਸਿੱਖ ਧਰਮ ਨੂੰ ਵੱਖਰੇ ਮਜ਼ਬ ਵਜੋਂ ਮਾਨਤਾ ਦੇ ਕੇ ਸਾਬਕਾ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸਿੱਖ ਅਨੰਦ ਕਾਰਜ ਐਕਟ ਦੀ ਮਨਜ਼ੂਰੀ ਦੇ ਦਿੱਤੀ ਸੀ। ਮਹਿੰਦਰਪਾਲ ਸਿੰਘ ਦੇ ਅਨੁਸਾਰ ਉਸ ਬਿੱਲ ਵਿੱਚ ਕੁਝ ਖ਼ਾਮੀਆਂ ਸਨ, ਜਿਸ ਕਾਰਨ ਇਹ ਬਿੱਲ ਅਮਲ ਵਿੱਚ ਨਹੀਂ ਆ ਸਕਿਆ ਅਤੇ ਉਸ ਖਰੜੇ ਵਿੱਚ ਸੋਧ ਦੀ ਸਾਰੀ ਕਾਰਵਾਈ ਮੁਕੰਮਲ ਕਰਨੀ ਪਈ ਹੈ ਅਤੇ ਬਿੱਲ ਨਾਲ ਸਬੰਧਤ ਨਿਯਮਾਂ ਬਾਰੇ ਕੈਬਨਿਟ ਤੋਂ ਮਨਜ਼ੂਰੀ ਮਿਲਣ ਉਪਰੰਤ ਜਲਦੀ ਹੀ ਇਸ ਬਿੱਲ ਨੂੰ ਕਾਨੂੰਨ ਨਾਲ ਸਬੰਧਤ ਕਮੇਟੀ ਵਿੱਚ ਪੇਸ਼ ਕੀਤਾ ਜਾਵੇਗਾ, ਜਿਸ ਦੇ ਬਾਅਦ ਸੈਨੇਟ ਕਮੇਟੀ ਵਿੱਚ ਵੋਟਿੰਗ ਦੇ ਆਧਾਰ 'ਤੇ ਇਹ ਬਿੱਲ ਪਾਸ ਕਰ ਦਿੱਤਾ ਜਾਵੇਗਾ।

## ਲੰਡਨ ਦੇ ਲੋਕਾਂ ਨੂੰ 'ਵੈਕਸੀ ਟੈਕਸੀ' ਯੋਜਨਾ ਹੇਠ ਕੈਬਾਂ ਵਿੱਚ ਵੈਕਸੀਨਲਾਈ ਜਾਣ ਲੱਗੀ

ਗਲਾਸਗੋ, 18 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਰਾਜਧਾਨੀ ਲੰਡਨ ਵਿੱਚ ਸਰਕਾਰ ਵੱਲੋਂ ਜ਼ਿਆਦਾ ਲੋਕਾਂ ਨੂੰ ਕੋਰੋਨਾ ਵਾਇਰਸ ਦਾ ਟੀਕਾ ਲਗਾਉਣ ਲਈ ਇੱਕ ਨਵੀਂ ਸਕੀਮ 'ਵੈਕਸੀ ਟੈਕਸੀ' ਸ਼ੁਰੂ ਕੀਤੀ ਗਈ ਹੈ।

ਲੰਡਨ ਵਾਸੀਆਂ ਨੂੰ ਨਵੀਂ ਸਕੀਮ ਵਿੱਚ ਕਾਲੇ ਰੰਗ ਦੀਆਂ ਕੈਬਾਂ ਵਿੱਚ ਟੀਕਾ ਲਾਇਆ ਜਾ ਰਿਹਾ ਹੈ, ਜਿਸ ਨਾਲ ਵੈਕਸੀਨ ਕਲੀਨਿਕਾਂ ਵਿੱਚ ਜਾਣ ਲਈ ਆਸਾਨੀ ਨਾਲ ਟਰਾਂਸਪੋਰਟ ਤੱਕ ਨਾ ਪਹੁੰਚ ਸਕਦੇ ਲੋਕਾਂ ਨੂੰ ਟੀਕਾਕਰਨ ਦੀ ਮਦਦ ਮਿਲੇਗੀ। ਵੈਕਸੀ ਟੈਕਸੀ ਪ੍ਰੋਗਰਾਮ ਦਾ ਉਦੇਸ਼ ਰਾਜਧਾਨੀ ਦੇ ਕਮਿਊਨਿਟੀ ਸੈਂਟਰਾਂ ਵਿੱਚਟੈਂਪਰੇਰੀ ਕਲੀਨਿਕਾਂ ਦੇ ਲਈ ਸਪਲਾਈ ਅਤੇ ਮਰੀਜ਼ਾਂ ਦੀ ਮਦਦ ਕਰਨਾ ਹੈ। 'ਕੋਵਿਡ ਕਰਾਈਸਿਸ ਰੈਸਕਿਊ ਫਾਊਂਡੇਨ'ਵੱਲੋਂ ਫੰਡ ਵਾਲੀ ਇਸ ਸਕੀਮ ਦੇ ਪ੍ਰਬੰਧਕਾਂ ਨੂੰ ਆਸ ਹੈ ਕਿ ਇਹ ਯੋਜਨਾ ਵਧੇਰੇ ਲੋਕਾਂ, ਜਿਨ੍ਹਾਂ ਦੀ ਆਵਾਜਾਈ ਤੱਕ ਘੱਟ ਪਹੁੰਚ ਹੈ, ਨੂੰ ਵੈਕਸੀਨ ਪ੍ਰਾਪਤ ਕਰਨ ਵਿੱਚ ਸਹਾਈ ਹੋਵੇਗੀ। ਪਿਛਲੇ ਹਫ਼ਤੇ ਦੇ ਅੰਤ ਵਿੱਚ ਇਸ ਯੋਜਨਾ ਹੇਠ ਹਾਲੈਂਡ ਪਾਰਕ ਦੇ ਸਭਾ ਘਰ ਨੇੜੇ ਇੱਕ ਪੌਪ-ਅਪ ਸਾਈਟ ਦੇ ਬਾਹਰ ਇੱਕ ਕਾਲੀ ਕੈਬ ਦੇ ਪਿਛਲੇ ਹਿੱਸੇ ਵਿੱਚ ਟੀਕੇ ਲਾਏ ਗਏ ਹਨ।

ਫਾਊਂਡੇਸ਼ਨ ਦੇ ਡਾਇਰੈਕਟਰ, ਡਾ. ਸ਼ੈਰਨ ਰੇਮੰਡ ਅਨੁਸਾਰ ਉਨ੍ਹਾਂ ਦਾ ਟੀਚਾ ਲੰਡਨ ਵਿੱਚ ਟੀਕਾਕਰਨ ਮੁਹਿੰਮ ਨੂੰ ਤੇਜ਼ ਕਰਨ ਵਿੱਚ ਮਦਦ ਕਰਨਾ ਹੈ ਅਤੇ ਟੈਕਸੀਆਂ ਵਿੱਚ ਵੈਕਸੀਨ ਦੀ ਸਹੂਲਤ ਨਾਲ ਜੀ ਪੀ ਕੇਂਦਰਾਂ ਵਿੱਚ ਨਹੀਂ ਜਾਣਾ ਪਵੇਗਾ। ਇਸਦੇ ਇਲਾਵਾ ਟੈਕਸੀਆਂ ਦੀ ਵਰਤੋਂ ਹਸਪਤਾਲਾਂ ਤੋਂ ਕਲੀਨਿਕਾਂ ਵਿੱਚ ਜੰਤਰ ਲਈ ਵੀ ਕੀਤੀ ਜਾਵੇਗੀ।

# ਭਾਰਤੀ ਮੂਲ ਦੇ 200 ਵਿਅਕਤੀ 15 ਦੇਸ਼ਾਂ ਦੇ ਅਹਿਮ ਅਹੁਦਿਆਂ 'ਤੇ ਕਾਬਜ਼

ਵਾਸ਼ਿੰਗਟਨ, 18 ਫਰਵਰੀ (ਪੋਸਟ ਬਿਊਰੋ)- ਭਾਰਤੀ ਪਰਵਾਸੀਆਂ ਨਾਲ ਕੰਮ ਕਰਦੀ ਅਮਰੀਕਾ ਦੀ ਇੱਕ ਸੰਸਥਾ ਵੱਲੋਂ ਤਿਆਰ ਆਪਣੀ ਕਿਸਮ ਦੀ ਪਹਿਲੀ ਸੂਚੀ ਮੁਤਾਬਕ ਅਮਰੀਕਾ ਅਤੇ ਯੂ ਕੇ ਸਮੇਤ 15 ਮੁਲਕਾਂ ਵਿੱਚ ਪ੍ਰਮੁੱਖ ਅਹੁਦਿਆਂ 'ਤੇ ਭਾਰਤੀ ਮੂਲ ਦੇ 200 ਤੋਂ ਵੱਧ ਵਿਅਕਤੀਆਂ ਦਾ ਦਬਦਬਾ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਸ਼ਾਨਦਾਰ ਵਿਰਾਸਤ ਅਤੇ ਉਤਸ਼ਾਹ ਵਾਲੇ ਮਾਹੌਲ ਦਾ ਨਿਰਮਾਣ ਕਰ ਰਹੇ ਹਨ।

ਕੱਲ੍ਹ ਜਾਰੀ ਹੋਈ 'ਦਿ 2021 ਇੰਡੀਆਸਪੋਰਾ ਗਵਰਨਮੈਂਟ ਲੀਡਰਜ਼ ਲਿਸਟ' ਤਿਆਰ ਕਰਨ ਲਈ ਸਰਕਾਰੀ ਵੈਬਸਾਈਟਾਂ ਅਤੇ ਹੋਰ ਜਨਤਕ ਤੌਰ 'ਤੇ ਉਪਲਬਧ ਸਰੋਤਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਰਾਹੀਂ ਵੱਖ-ਵੱਖ ਖ਼ਿੱਤਿਆਂ ਵਿੱਚ ਇਨ੍ਹਾਂ ਆਗੂਆਂ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਗਿਆ ਹੈ।



ਰਿਪੋਰਟ ਦੇ ਮੁਤਾਬਕ ਭਾਰਤੀ ਮੂਲ ਦੇ 200 ਤੋਂ ਵੱਧ ਆਗੂ ਦੁਨੀਆ ਦੇ 15 ਦੇਸ਼ਾਂ ਵਿੱਚ ਉਚ ਅਹੁਦਿਆਂ 'ਤੇ ਪਹੁੰਚੇ ਹਨ, ਜਿਨ੍ਹਾਂ ਵਿੱਚੋਂ 60 ਜਣੇ ਕੈਬਨਿਟ ਪੁਜ਼ੀਸ਼ਨਾਂ ਉੱਤੇ ਹਨ। 'ਇੰਡੀਆਸਪੋਰਾ' ਦੇ ਬਾਨੀ ਸਿਲੀਕਾਨ ਵੈਲੀ ਦੇ ਉਦਮੀ ਅਤੇ ਨਿਵੇਸ਼ਕਰਤਾ ਐਮ ਆਰ ਰੰਗਸਵਾਮੀ ਨੇ ਕਿਹਾ, "ਇਹ ਬਹੁਤ ਵੱਡੇ ਮਾਣ ਦੀ ਗੱਲ ਹੈ ਕਿ ਵਿਸ਼ਵ ਦੇ ਸਭ ਤੋਂ ਪੁਰਾਣੇ ਲੋਕਤੰਤਰੀ ਦੇਸ਼ ਦੀ ਪਹਿਲੀ ਮਹਿਲਾ ਅਤੇ ਪਹਿਲੀ ਗੈਰ ਗੋਰੀ ਉਪ ਰਾਸ਼ਟਰਪਤੀ ਹੋਣ ਦਾ ਮਾਣ ਭਾਰਤੀ ਮੂਲ ਦੀ ਔਰਤ ਨੂੰ ਮਿਲਿਆ ਹੈ। ਅਸੀਂ ਇਸ ਮਾਣਮੱਤੀ ਪ੍ਰਾਪਤੀ ਦਾ ਜ਼ਿਕਰ 'ਪ੍ਰੀਜ਼ੀਡੈਂਟਜ਼ ਡੇਅ' ਵਾਲੇ ਦਿਨ ਕਰ ਕੇ ਸਰਕਾਰੀ ਸੇਵਾਵਾਂ ਵਿੱਚ ਅਹਿਮ ਅਹੁਦਿਆਂ ਉਤੇ ਬਿਰਾਜਮਾਨ ਭਾਰਤੀ ਪਰਵਾਸੀਆਂ ਦਾ ਜ਼ਿਕਰ ਵੀ ਕਰਨਾ ਚਾਹਾਂਗੇ।" ਉਹ ਕਮਲਾ ਹੈਰਿਸ ਵੱਲ ਇਸ਼ਾਰਾ ਕਰ ਰਹੇ ਸਨ, ਜਿਨ੍ਹਾਂ ਨੂੰ ਅਮਰੀਕਾ ਦੀ ਪਹਿਲੀ ਮਹਿਲਾ ਉਪ ਰਾਸ਼ਟਰਪਤੀ ਬਣਨ ਦਾ ਮਾਣ ਮਿਲਿਆ ਹੈ।

# ਮਸਜਿਦਾਂ ਤੇ ਮਦਰੱਸਿਆਂ ਉੱਤੇ ਨਿਗਰਾਨੀ ਲਈ ਫਰਾਂਸੀ ਪਾਰਲੀਮੈਂਟ ਵੱਲੋਂ ਬਿੱਲ ਦੇ ਪੱਖ ਵਿੱਚ ਵੋਟਿੰਗ

ਪੈਰਿਸ, 18 ਫਰਵਰੀ (ਪੋਸਟ ਬਿਊਰੋ)- ਫਰਾਂਸ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਵਿੱਚ ਕੱਲ੍ਹ ਅਜਿਹੇ ਬਿੱਲ ਦੇ ਪੱਖ ਵਿੱਚ ਵੋਟਿੰਗ ਹੋਈ, ਜੋ ਮਸਜਿਦਾਂ ਅਤੇ ਧਾਰਮਿਕ ਸਕੂਲਾਂ ਦੀ ਸਰਕਾਰੀ ਨਿਗਰਾਨੀ ਨੂੰ ਮਜ਼ਬੂਤ ਕਰੇਗਾ ਅਤੇ ਇਸਲਾਮੀ ਕੱਟੜਤਾ ਨੂੰ ਰੋਕਣ ਦੇ ਉਪਾਵਾਂ ਤੋਂ ਇਲਾਵਾ ਬਹੁ-ਵਿਆਹ ਤੇ ਜਬਰਦਸਤੀ ਵਿਆਹ ਉੱਤੇ ਰੋਕ ਲਗਾਏਗਾ।

ਇਹ ਬਿੱਲ ਪਿਛਲੇ ਸਾਲਾਂ ਵਿੱਚ ਕੱਟੜਪੰਥ ਨਾਲ ਲੜਨ ਲਈ ਵਿਆਪਕ ਤੌਰ ਉੱਤੇ ਫਰਾਂਸੀਸੀ ਕੋਸ਼ਿਸ਼ਾਂ ਦਾ ਹਿੱਸਾ ਹੈ, ਜੋ ਇੱਕ ਅਧਿਆਪਕ ਦਾ ਸਿਰ ਕਲਮ ਕੀਤੇ ਜਾਣ ਅਤੇ ਹੋਰ ਹਮਲਿਆਂ ਤੋਂ



ਬਾਅਦ ਤਤਕਾਲੀਨ ਤੌਰ ਉੱਤੇ ਤਿਆਰ ਕੀਤਾ ਗਿਆ। ਰਾਸ਼ਟਰਪਤੀ ਐਮੇਨੁਅਲ ਮੈਕ੍ਰੋਂ ਵੱਲੋਂ ਪਾਸ ਕੀਤੇ ਬਿੱਲ ਨੂੰ ਇੱਕ ਸਿਆਸੀ ਪੈਂਤਰੇਬਾਜ਼ੀ ਕਿਹਾ। ਬਿੱਲ ਨੂੰ ਨੈਸ਼ਨਲ ਅਸੈਂਬਲੀ ਵਿੱਚ ਮਨਜ਼ੂਰੀ ਮਿਲਣ ਦੀ ਉਮੀਦ ਹੈ, ਜਿਸ ਵਿੱਚ ਮੈਕ੍ਰੋਂ ਦੀ ਮੱਧ-ਮਾਰਗੀ ਪਾਰਟੀ ਦਾ ਬਹੁਮਤ ਹੈ। ਉਥੇ ਕੰਜ਼ਰੇਟਿਵ ਦੀ ਅਗਵਾਈ ਵਾਲੀ ਪਾਰਟੀ ਦਾ ਸੈਨੇਟ ਵਿੱਚ ਬਹੁਮਤ ਹੈ।

# ਬ੍ਰਿਟੇਨ ਵਿੱਚ ਕੋਰੋਨਾ ਦੇ ਨਿਯਮ ਤੋੜਨ ਉੱਤੇ 10 ਸਾਲ ਦੀ ਜੇਲ੍ਹ ਤੇ 10 ਹਜ਼ਾਰ ਪੌਂਡ ਜੁਰਮਾਨਾ ਲੱਗੇਗਾ

ਲੰਡਨ, 18 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ 'ਚ ਕੋਰੋਨਾ ਵਾਇਰਸ ਦਾ ਪਸਾਰ ਰੋਕਣ ਲਈ ਕੱਲ੍ਹ ਤੋਂ ਨਿਯਮ ਸਖ਼ਤ ਕਰ ਦਿੱਤੇ ਗਏ ਹਨ। ਇਸ ਤਹਿਤ 33 ਉਚ ਖਤਰੇ ਵਾਲੇ 'ਰੈਡ ਲਿਸਟ ਵਾਲੇ ਦੇਸ਼ਾਂ ਤੋਂ ਬ੍ਰਿਟੇਨ ਮੁੜਨ ਵਾਲੇ ਲੋਕਾਂ ਨੂੰ ਜ਼ਰੂਰੀ ਤੌਰ 'ਤੇ ਹੋਟਲ 'ਚ ਆਈਸੋਲੇਸ਼ਨ 'ਚ ਰਹਿਣਾ ਪਵੇਗਾ। ਨਵੇਂ ਨਿਯਮਾਂ ਦੀ ਗੰਭੀਰ ਉਲੰਘਣਾ ਕਰਨ ਵਾਲਿਆਂ ਨੂੰ 10 ਸਾਲ ਦੀ ਜੇਲ੍ਹ ਅਤੇ 10 ਹਜ਼ਾਰ ਪੌਂਡ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇੱਥੇ ਆਉਣ ਵਾਲੇ ਲੋਕਾਂ ਨੂੰ ਸਰਕਾਰ ਵੱਲੋਂ ਮਿਥੇ ਹੋਟਲਾਂ 'ਚ 10 ਦਿਨਾਂ ਤੱਕ ਆਈਸੋਲੇਸ਼ਨ 'ਚ ਰਹਿਣ ਲਈ ਪਹਿਲਾਂ ਬੁਕਿੰਗ ਕਰਾਉਣੀ ਪਵੇਗੀ ਅਤੇ ਇਸ



ਲਈ ਉਨ੍ਹਾਂ ਨੂੰ 1750 ਪੌਂਡ ਦਾ ਭੁਗਤਾਨ ਕਰਨਾ ਪਵੇਗਾ। ਇਸ 'ਚ ਹੋਟਲ ਦਾ ਖਰਚਾ, ਆਵਾਜਾਈ ਅਤੇ ਪਹੁੰਚਣ ਪਿੱਛੋਂ ਦੋ ਵੱਖ-ਵੱਖ ਟੈਸਟਾਂ ਦਾ ਖਰਚ ਸ਼ਾਮਲ ਹੈ। ਜਿਨ੍ਹਾਂ ਲੋਕਾਂ ਨੇ ਭਾਰਤ ਵਰਗੇ 'ਰੈਡ ਲਿਸਟ' ਵਾਲੇ ਦੇਸ਼ਾਂ ਦਾ ਦੌਰਾ ਨਹੀਂ ਕੀਤਾ, ਉਨ੍ਹਾਂ ਨੂੰ 10 ਦਿਨਾਂ ਤੱਕ ਜ਼ਰੂਰ ਘਰ 'ਚ ਹੀ ਆਈਸੋਲੇਸ਼ਨ 'ਚ ਰਹਿਣਾ ਪਵੇਗਾ ਅਤੇ ਪਹੁੰਚਣ ਤੋਂ ਬਾਅਦ ਦੂਜੇ ਅਤੇ ਅੱਠਵੇਂ ਦਿਨ ਦੋ ਜ਼ਰੂਰੀ ਕੋਵਿਡ-19 ਦੇ ਟੈਸਟ ਕਰਵਾਉਣੇ ਹੋਣਗੇ।

# ਗੁਪਤ ਤਰੀਕੇ ਨਾਲ ਕੋਰੋਨਾ ਟੀਕਾ ਲਵਾਉਣ ਕਾਰਨ ਪੇਰੂ ਦੀ ਵਿਦੇਸ਼ ਮੰਤਰੀ ਦਾ ਅਸਤੀਫਾ

ਲੀਮਾ, 18 ਫਰਵਰੀ (ਪੋਸਟ ਬਿਊਰੋ)- ਪੇਰੂ ਦੀ ਵਿਦੇਸ਼ ਮੰਤਰੀ ਨੇ ਦੇਸ਼ 'ਚ ਗੁਪਤ ਤਰੀਕੇ ਨਾਲ ਸਰਕਾਰੀ ਅਫਸਰਾਂ ਦੇ ਟੀਕਾਕਰਨ ਦੀਆਂ ਖ਼ਬਰਾਂ ਕਾਰਨ ਲੋਕਾਂ 'ਚ ਗੁੱਸੇ ਨੂੰ ਦੇਖ ਕੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਰਾਸ਼ਟਰਪਤੀ ਫਰਾਂਸਿਸਕੋ ਸਗਾਸਤੀ ਨੇ ਵਿਦੇਸ਼ ਮੰਤਰੀ ਐਲੀਜ਼ਾਬੇਥ ਅਸਤੇਤੇ ਦੇ ਅਸਤੀਫੇ ਦੀ ਪੁਸ਼ਟੀ ਕੀਤੀ ਤੇ ਦੱਸਿਆ ਕਿ ਪੇਰੂ ਦੇ ਲੋਕਾਂ ਵਿੱਚ ਇਸ ਕਾਰਨ ਗੁੱਸਾ ਹੈ ਕਿਉਂਕਿ ਇਸ ਤੋਂ ਕੋਵਿਡ-19 ਦੇ ਖ਼ਿਲਾਫ਼ ਮੂਹਰਲੇ



ਮੋਰਚੇ 'ਤੇ ਕੰਮ ਕਰ ਰਹੇ ਪੇਰੂ ਦੇ ਕਈ ਲੋਕਾਂ ਦੀਆਂ ਕੋਸ਼ਿਸ਼ਾਂ ਨੂੰ ਧੱਕਾ ਲੱਗਾ ਹੈ। ਇਹ ਵਿਵਾਦ ਓਦੋਂ ਪੈਦਾ ਹੋਇਆ ਜਦੋਂ ਸਾਬਕਾ ਰਾਸ਼ਟਰਪਤੀ ਮਾਰਟਿਨ ਵਿਜਕਾਰਾ ਨੇ ਇਸ ਖ਼ਬਰ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਤੇ ਉਨ੍ਹਾਂ ਦੀ ਪਤਨੀ ਨੇ ਚੀਨ ਦੀ ਦਵਾਈ ਕੰਪਨੀ ਸਿਨੋਫਾਰਮ ਤੋਂ ਅਕਤੂਬਰ 'ਚ ਗੁਪਤ ਢੰਗ ਨਾਲ ਟੀਕੇ ਦੀ ਖ਼ੁਰਾਕ ਲਈ ਸੀ। ਸਗਾਸਤੀ ਨੇ ਟਵਿੱਟਰ 'ਤੇ ਦੱਸਿਆ ਕਿ ਵਿਜਕਾਰਾ ਸਰਕਾਰ ਦੌਰਾਨ ਸਿਨੋਫਾਰਮ ਨਾਲ ਟੀਕੇ ਦੀਆਂ ਐਡੀਸ਼ਨਲ 2,000 ਖ਼ੁਰਾਕਾਂ ਮਿਲੀਆਂ ਸਨ ਅਤੇ ਕੁਝ ਸੀਨੀਅਰ ਸਰਕਾਰੀ ਅਧਿਕਾਰੀਆਂ ਨੂੰ ਟੀਕੇ ਲੱਗੇ ਸਨ।

# ਬੰਗਲਾਦੇਸ਼ ਨੇ ਰੋਹਿੰਗਿਆ ਸ਼ਰਨਾਰਥੀ ਟਾਪੂ ਉੱਤੇ ਭੇਜ ਦਿੱਤੇ



ਢਾਕਾ, 18 ਫਰਵਰੀ (ਪੋਸਟ ਬਿਊਰੋ)- ਮਨੁੱਖੀ ਅਧਿਕਾਰ ਗਰੁੱਪਾਂ ਦੀ ਚਿਤਾਵਨੀ ਦੇ ਬਾਵਜੂਦ ਬੰਗਲਾ ਦੇਸ਼ ਸਰਕਾਰ ਦੇ ਅਧਿਕਾਰੀਆਂ ਨੇ ਰੋਹਿੰਗਿਆ ਸ਼ਰਨਾਰਥੀਆਂ ਨੂੰ ਮਿਆਂਮਾਰ ਤੋਂ ਬੰਗਾਲ ਦੀ ਖਾੜੀ 'ਚ ਨਵੇਂ ਬਣੇ ਟਾਪੂ ਵੱਲ ਭੇਜ ਦਿੱਤਾ ਹੈ। ਪਿਛਲੇ ਸਾਲ ਦਸੰਬਰ ਤੋਂ ਸ਼ਰਨਾਰਥੀਆਂ ਨੂੰ ਇਸ ਟਾਪੂ 'ਤੇ ਭੇਜਿਆ ਜਾ ਰਿਹਾ ਹੈ। ਕੱਲ੍ਹ ਰੋਹਿੰਗਿਆ ਲੋਕਾਂ ਦਾ ਚੌਥਾ ਗਰੁੱਪ ਰਵਾਨਾ ਕਰਨ ਦੇ ਨਾਲ ਕੁੱਲ ਸੱਤ ਹਜ਼ਾਰ ਸ਼ਰਨਾਰਥੀ ਟਾਪੂ ਉਤੇ ਭੇਜ ਦਿੱਤੇ ਗਏ ਹਨ।

ਸਰਕਾਰ ਵੱਲੋਂ ਦਲੀਲ ਕਿਹਾ ਜਾ ਰਹੀ ਹੈ ਕਿ ਟਾਪੂ 'ਤੇ ਖੁਸ਼ਹਾਲ ਜ਼ਿੰਦਗੀ ਬਤੀਤ ਕਰਨ ਦੀਆਂ ਸਾਰੀਆਂ ਸਹੂਲਤਾਂ ਹਨ। ਮਨੁੱਖੀ ਅਧਿਕਾਰ ਗਰੁੱਪਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਖਿਲਾਫ ਟਾਪੂ 'ਤੇ ਭੇਜਿਆ ਜਾ ਰਿਹਾ ਹੈ। ਕੌਮਾਂਤਰੀ ਸਹਾਇਤਾ ਏਜੰਸੀਆਂ 2015 ਤੋਂ ਇਸ ਬਾਰੇ ਫਿਕਰ ਜ਼ਾਹਰ ਕਰ ਰਹੀਆਂ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਇਸ ਖੇਤਰ ਵਿੱਚ ਭਾਰੀ ਤੂਫਾਨ ਆਉਣ ਕਾਰਨ ਹਜ਼ਾਰਾਂ ਲੋਕਾਂ ਦੀ ਜਾਨ ਨੂੰ ਖਤਰਾ ਹੋਵੇਗਾ। ਸਰਕਾਰ ਦਾ ਕਹਿਣਾ ਹੈ ਕਿ ਟਾਪੂ ਨੂੰ ਨਵੀਂ ਤਕਨਾਲੋਜੀ ਤਹਿਤ ਵਿਕਸਿਤ ਕੀਤਾ ਗਿਆ ਹੈ ਤਾਂ ਕਿ ਸੁਰੱਖਿਅਤ ਜ਼ਿੰਦਗੀ ਬਤੀਤ ਕੀਤੀ ਜਾ ਸਕੇ।

# ਸਾਬਕਾ ਰਾਸ਼ਟਰਪਤੀ ਟਰੰਪ ਮਹਾਦੋਸ਼ ਤੋਂ ਦੂਜੀ ਵਾਰ ਬਚੇ, ਪਰ ਕੇਸਾਂ ਦੀ ਲਾਈਨ ਲੰਮੀ ਹੋਣ ਲੱਗੀ

ਵਾਸ਼ਿੰਗਟਨ, 18 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੂਸਰੇ ਮਹਾਦੋਸ਼ ਤੋਂ ਵੀ ਭਾਵੇਂ ਬਰੀ ਹੋ ਗਏ, ਪਰ ਉਨ੍ਹਾਂ ਦੀਆਂ ਮੁਸ਼ਕਲਾਂ ਘੱਟ ਹੋਣ ਵਾਲੀਆਂ ਨਹੀਂ।

ਪਤਾ ਲੱਗਾ ਹੈ ਕਿ ਟਰੰਪ ਨੂੰ ਨਵੇਂ ਕਾਨੂੰਨੀ ਖਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਨਿਊ ਯਾਰਕ ਵਿੱਚ ਉਨ੍ਹਾਂ ਦੇ ਖ਼ਿਲਾਫ ਅਪਰਾਧਕ ਜਾਂਚ ਕਰ ਰਹੀ ਟੀਮ ਨਾਲ ਜਾਰਜੀਆ ਦੇ ਸਰਕਾਰੀ ਵਕੀਲਾਂ ਨੇ ਹੱਥ ਮਿਲਾ ਲਿਆ ਹੈ। ਅਸਲ ਵਿੱਚ ਛੇ ਜਨਵਰੀ ਨੂੰ ਕੈਪੀਟਲ ਹਿਲ ਉਤੇ ਹੋਈ ਹਿੰਸਾ ਬਾਰੇ ਜਦ ਬੀਤੇ ਹਫਤੇ ਸੈਨੇਟ ਵਿੱਚ ਟਰੰਪ ਦੇ ਖਿਲਾਫ ਮਹਾਦੋਸ਼ ਦੀ ਕਾਰਵਾਈ ਚੱਲੀ ਤਾਂ ਜਾਰਜੀਆ ਦੇ ਅਧਿਕਾਰੀਆਂ ਨੇ ਐਲਾਨ ਕੀਤਾ ਸੀ ਕਿ ਟਰੰਪ ਵੱਲੋਂਰਾਸ਼ਟਰਪਤੀ-ਚੋਣ ਨਤੀਜਿਆਂ ਨੂੰ ਪਲਟਣ ਦੀਆਂ ਕੋਸ਼ਿਸ਼ਾਂ ਦੀ ਜਾਂਚ ਉਨ੍ਹਾਂ ਸ਼ੁਰੂ ਕਰ ਦਿੱਤੀ ਹੈ। ਟਰੰਪ ਨੇ ਨਤੀਜੇ ਆਪਣੇ ਹੱਕ ਵਿੱਚ ਮੋੜਨ ਲਈ ਅਧਿਕਾਰੀਆਂ 'ਤੇ ਕਿਸ ਪ੍ਰਕਾਰ ਦਬਾਅ ਪਾਇਆ ਸੀ, ਜਾਂਚ ਵਿੱਚ ਇਹ ਵੀ ਸ਼ਾਮਲ ਹੈ।




ਦੂਜੇ ਪਾਸੇ ਟਰੰਪ ਦੇ ਖਿਲਾਫ ਨਿਊ ਯਾਰਕ ਵਿੱਚ ਜਾਂਚ ਚੱਲ ਰਹੀ ਹੈ। ਉਥੇ ਮੈਨਹਟਨ ਡਿਸਟ੍ਰਿਕਟ ਅਟਾਰਨੀ ਅਫਸਰ ਇਹ ਪਤਾ ਲਾ ਰਿਹਾ ਹੈ ਕਿ ਟਰੰਪ ਦੇ ਸੰਗਠਨ ਨੇ ਬੀਮਾ, ਟੈਕਸ ਅਤੇ ਵੱਖ-ਵੱਖ ਯੋਜਨਾਵਾਂ ਦੇ ਰਾਹੀਂ ਧੋਖਾਧੜੀ ਕਰਨ ਵਰਗੇ ਕਾਨੂੰਨਾਂ ਦੀ ਉਲੰਘਣਾ ਕੀਤੀ। ਇਸ ਜਾਂਚ ਦਾ ਦਾਇਰਾ ਬੇਹੱਦ ਵੱਡਾ ਹੈ। ਇਹ ਪਤਾ ਲਾਇਆ ਜਾ ਰਿਹਾ ਹੈ ਕਿ ਟਰੰਪ ਦੀ ਸੰਸਥਾ ਵੱਲੋਂ ਲੋਨ ਅਪਲਾਈ ਕਰਨ ਮੌਕੇ ਕਿਤੇ ਵਿੱਤੀ ਸੰਸਥਾਵਾਂ ਨੂੰ ਗੁੰਮਰਾਹ ਤਾਂ ਨਹੀਂ ਕੀਤਾ ਗਿਆ।

ਦੱਸਣਾ ਬਣਦਾ ਹੈ ਕਿ ਅਹੁਦੇ ਤੋਂ ਹਟਿਆਂ ਅਤੇ ਵ੍ਹਾਈਟ ਹਾਊਸ ਛੱਡਿਆਂ ਡੋਨਾਲਡ ਟਰੰਪ ਨੂੰ ਅਜੇ ਚੌਥਾ ਹਫਤਾ ਚੱਲ ਰਿਹਾ ਹੈ, ਪਰ ਉਨ੍ਹਾਂ 'ਤੇ ਕੇਸਾਂ ਦੀ ਗਿਣਤੀ ਵਧਦੀ ਜਾਂਦੀ ਹੈ। ਇਨ੍ਹਾਂ ਕੇਸਾਂ ਦੇ ਇਲਾਵਾ ਦੋ ਔਰਤਾਂ ਵੱਲੋਂ ਯੌਨ ਸ਼ੋਸ਼ਣ ਬਾਰੇ ਦਾਇਰ ਕੇਸ ਅਤੇ ਮਾਨਹਾਨੀ ਕੇਸ ਵੀ ਦਾਇਰ ਹਨ। ਟਰੰਪ 'ਤੇ ਦਬਾਅ ਇਸ ਲਈ ਜ਼ਿਆਦਾ ਹੈ ਕਿ ਕਾਰੋਬਾਰ ਦੇ ਨਾਲ ਹੀ ਟਰੰਪ ਰਾਜਨੀਤੀ ਵਿੱਚ ਵੀ ਅੱਗੇ ਸਰਗਰਮ ਰਹਿਣਾ ਚਾਹੁੰਦੇ ਹਨ।

ਕੈਪੀਟਲ ਹਿਲ ਦੀ ਹਿੰਸਾ ਬਾਰੇ ਅਮਰੀਕਾ ਦੇ ਦੋਵੇਂ ਸਿਆਸੀ ਪੱਖ ਚਾਹੁੰਦੇ ਹਨ ਕਿ ਇਸ ਦੀ ਉਸੇ ਤਰ੍ਹਾਂ ਹੀ ਜਾਂਚ ਕਰਵਾਈ ਜਾਵੇ, ਜਿੰਦਾਂ ਦੀ 11 ਸਤੰਬਰ ਦੇ ਹਮਲੇ ਦੀ ਕੀਤੀ ਗਈ ਸੀ। ਦੰਗਾ ਕੇਸ ਵਿੱਚ ਜਾਂਚ ਦੀ ਯੋਜਨਾ ਬਣਾਈ ਗਈ ਹੈ। ਇਸ ਨੂੰ ਲੈ ਕੇ 'ਸੈਨੇਟ ਰੂਲਸ ਕਮੇਟੀ' ਵਿੱਚ ਇਸ ਮਹੀਨੇ ਦੇ ਅਖੀਰ ਵਿੱਚ ਸੁਣਵਾਈ ਹੋਈ ਹੈ।

## ਸਕਾਟਲੈਂਡ ਨੂੰ ਉਤਰੀ ਆਇਰਲੈਂਡ ਨਾਲ ਜੋੜਦੀ ਸੁਰੰਗ ਨੇਪਰੇ ਚੜ੍ਹਨ ਕੰਢੇ



ਗਲਾਸਗੋ, 18 ਫਰਵਰੀ (ਪੋਸਟ ਬਿਊਰੋ)- ਸਕਾਟਲੈਂਡ ਨੂੰ ਉਤਰੀ ਆਇਰਲੈਂਡ ਨਾਲ ਜੋੜਨ ਵਾਲੀ ਪਾਣੀ ਵਿਚਲੀ ਇੱਕ ਸੁਰੰਗ ਲਈ ਯੋਜਨਾ ਅਗਲੇ ਮਹੀਨੇ ਜਾਰੀ ਕੀਤੀ ਜਾ ਸਕਦੀ ਹੈ।

ਇਹ ਵੱਡਾ ਪ੍ਰਾਜੈਕਟ ਉਤਰੀ ਚੈਨਲ ਦੇ ਪਾਰ ਸਟ੍ਰੈਨਰੇਅਰ, ਡੰਫਰੀਜ਼ ਨੂੰ ਲਾਰਨੇ ਨਾਲ ਜੋੜੇਗਾ। ਜੇ ਇਹ ਯੋਜਨਾ ਸਿਰੇ ਚੜ੍ਹ ਗਈ ਤਾਂ ਇਹ ਲਿੰਕ ਸਕਾਟਲੈਂਡ ਦੇ ਲੋਕਾਂ ਨੂੰ ਉਤਰੀ ਆਇਰਲੈਂਡ ਵੱਲ ਘੱਟ ਸਮੇਂ ਵਿਚ ਪਹੁੰਚਣ ਦੇ ਲਈ ਸਹਾਇਕ ਹੋਵੇਗਾ। ਇੱਕ ਰਿਪੋਰਟ ਅਨੁਸਾਰ ਨੈਟਵਰਕ ਰੇਲ ਦੇ ਚੇਅਰਮੈਨ ਸਰ ਪੀਟਰ ਹੈਂਡੀ ਵੱਲੋਂ ਕੀਤਾ ਅਧਿਐਨ ਦੱਸੇਗਾ ਕਿ ਸਟ੍ਰੈਨਰੇਅਰ ਅਤੇ ਲਾਰਨੇ ਦੇ ਵਿਚਕਾਰ ਇਸ ਸੁਰੰਗ ਰਾਹੀਂ ਲਿੰਕ ਸੰਭਵ ਹੈ ਜਾਂ ਨਹੀਂ। ਇਸਦੇ ਨਾਲ ਇਹ ਆਸ ਕੀਤੀ ਜਾ ਰਹੀ ਹੈ ਕਿ ਇਹ ਸੁਰੰਗ, ਜੋ ਚੈਨਲ ਸੁਰੰਗ ਦੇ ਬਰਾਬਰ ਦੀ ਲੰਬਾਈ, 31.5 ਮੀਲ ਦੀ ਹੋਵੇਗੀ ਅਤੇ ਬ੍ਰੈਕਸਿਟ ਵੱਲੋਂ ਸਾਹਮਣੇ ਆਏ ਵਪਾਰਕ ਮਸਲਿਆਂ ਨੂੰ ਹੱਲ ਕਰਨ 'ਚ ਸਹਾਇਤਾ ਕਰੇਗੀ।'ਬੋਰਿਸ ਬੁਰੋ' ਦੇ ਸੰਭਾਵੀ ਉਪਨਾਮ ਦੇ ਨਾਲ ਜਾਣੀ ਜਾਣ ਵਾਲੀ ਇਹ ਸੁਰੰਗ ਇਸ ਸਮੇਂ ਯੂਰਪੀ ਯੂਨੀਅਨ ਵੱਲੋਂ ਲਾਈਆਂ ਗਈਆਂ ਕਿਸ਼ਤੀਆਂ ਦੀਆਂ ਪਾਬੰਦੀਆਂ ਨੂੰ ਵੀ ਸੌਖਾ ਕਰੇਗੀ। ਇਸ ਸਬੰਧੀ ਪੀਟਰ ਤੋਂ ਕੁਝ ਹਫ਼ਤਿਆਂ ਤੱਕ ਆਪਣੀ ਰਿਪੋਰਟ ਪ੍ਰਕਾਸ਼ਿਤ ਕੀਤੇ ਜਾਣ ਦੀ ਉਮੀਦ ਹੈ ਜਦਕਿ ਉਨ੍ਹਾਂ ਨੇ ਇਸ ਬਾਰੇ ਆਪਣੀਆਂ ਖੋਜਾਂ ਦੇ ਵਿਚਾਰ-ਵਟਾਂਦਰੇ ਲਈ ਬੋਰਿਸ ਜੌਹਨਸਨ ਨਾਲ ਪਹਿਲਾਂ ਹੀ ਮੁਲਾਕਾਤ ਕੀਤੀ ਹੈ। ਪ੍ਰਧਾਨ ਮੰਤਰੀ ਇਸ ਸਮੁੰਦਰ ਹੇਠਲੀ ਸੁਰੰਗ ਦੇ ਸਮਰਥਕ ਹਨ ਅਤੇ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਾਲ 2018 ਵਿੱਚ ਵੀ ਆਇਰਸ਼ ਸਾਗਰ ਦੇ ਪਾਰ ਇੱਕ ਲਿੰਕ ਦਾ ਸੁਝਾਅ ਦਿੱਤਾ ਸੀ।

## ਐਟਮੀ ਸਮਝੌਤੇ ਉਤੇ ਈਰਾਨ ਦਾ ਰੁਖ਼ ਤਿੱਖਾ, ਸਮਾਂ-ਹੱਦ ਤੈਅ ਕੀਤੀ

ਦੁਬਈ, 18 ਫਰਵਰੀ (ਪੋਸਟ ਬਿਊਰੋ)- ਈਰਾਨ ਨੇ ਐਟਮੀ ਸਮਝੌਤੇ ਬਾਰੇ 21 ਫਰਵਰੀ ਡੈਡਲਾਈਨ ਤੈਅ ਕਰ ਦਿੱਤੀ ਅਤੇ ਕਿਹਾ ਹੈ ਕਿ ਜੇ ਇਸ ਦਿਨ ਸਾਰੀਆਂ ਸਬੰਧਤ ਧਿਰਾਂ ਨੇ 2015 ਦੇ ਸਮਝੌਤੇ ਦੀਆਂ ਸ਼ਰਤਾਂ ਦਾ ਪਾਲਣ ਨਾ ਕੀਤਾ ਤਾਂ ਉਹ ਯੂ ਐਨ ਦੀ ਐਟਮੀਨਿਗਰਾਨੀ ਕਮੇਟੀ ਦੀ ਅਗਲੇ ਹਫਤੇ ਹੋਣ ਵਾਲੀਜਾਂਚ ਰੋਕ ਦੇਵੇਗਾ। ਵਰਨਣ ਯੋਗ ਹੈ ਕਿ ਈਰਾਨ ਦਾ ਇਹ ਫੈਸਲਾ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਲਈ ਵੀ ਸਮਝੌਤੇ 'ਤੇ ਦੁਬਾਰਾ ਆਉਣ ਦੀ ਚੁਣੌਤੀ ਵਜੋਂ ਸਾਹਮਣੇ ਆਇਆ ਹੈ। ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਸਈਦ ਖਾਤਿਬ ਜਾਵੇਦ ਨੇ ਕਿਹਾ ਕਿ ਇਸ ਦਾ ਮਤਲਬ ਇਹ ਨਹੀਂ ਕਿ ਯੂ ਐਨ ਦੀ ਨਿਗਰਾਨ ਕਮੇਟੀ ਨੂੰ ਜਾਂਚ ਨਹੀਂ ਹੋਣ ਦਿੱਤੀ ਜਾਵੇਗੀ। ਇਹ ਸਾਰੇ ਕਦਮ ਵਾਪਸ ਲਏ ਜਾ ਸਕਦੇ ਹਨ, ਜੇ ਸਾਰੀਆਂ ਸਬੰਧਤ ਧਿਰਾਂ ਆਪਣੇ ਕੀਤੇ ਹੋਏ ਸਮਝੌਤੇ ਦੀ ਪਾਲਣਾ ਕਰਨ। ਸਾਲ 2018 ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ 'ਤੇ ਸਮਝੌਤੇ ਦੀ ਉਲੰਘਣਾ ਦਾ ਦੋਸ਼ ਲਾ ਕੇ 2015 ਵਿੱਚ ਹੋਏ ਐਟਮੀਸਮਝੌਤੇ ਤੋਂ ਅਮਰੀਕਾ ਨੂੰ ਵੱਖਰਾ ਕਰ ਦਿੱਤਾ ਸੀ। ਇਸ ਤੋਂ ਬਾਅਦ ਈਰਾਨ 'ਤੇ ਕਈ ਪਾਬੰਦੀਆਂ ਲਾ ਦਿੱਤੀਆਂ ਸਨ। ਅਮਰੀਕਾ ਦਾ ਦੋਸ਼ ਹੈ ਕਿ ਈਰਾਨ ਸਮਝੌਤੇ ਦੀ ਉਲੰਘਣਾ ਕਰ ਰਿਹਾ ਹੈ ਅਤੇ ਐਟਮੀਹਥਿਆਰ ਵਿਕਸਿਤ ਕਰ ਰਿਹਾ ਹੈ। ਹਾਲਾਂਕਿ ਈਰਾਨ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ।

# TRUCK FOR SALE

2017 Cascadia freightliner (Manual Truck)



$51000 price





891241 km, DD 15 motor, New tune up, Def filter already changed, Front tire is brand new, rear tire is 70%, Bunk heater working, Fridge is working

**Contact: 647 960 7989**


# ਅੱਠਵੀਂ ਪੰਜਾਬੀ ਵਿਸ਼ਵ ਕਾਨਫਰੰਸ, ਵਿਸ਼ਵ ਸ਼ਾਂਤੀ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰੇਗੀ : ਡਾ ਮਨਵਿੰਦਰ ਸਿੰਘ

ਡਾ ਮਨਵਿੰਦਰ ਸਿੰਘ, ਡੀਪਾਰਟਮੈਂਟ ਆਫ ਗੁਰੂ ਨਾਨਕ ਦੇਵ ਸਟਡੀਜ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਨੇਂ ਕਿਹਾ ਹੈ ਕਿ ਕੌਂਸਲ ਆਫ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ, ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵਿਸ਼ਵ ਪੱਧਰ ਤੇ ਪੰਜਾਬੀਅਤ,ਵਿਸ਼ਵ ਸ਼ਾਂਤੀ, ਪਿਆਰ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦੇਣ ਲਈ ਕਾਰਜ਼ਸ਼ੀਲ ਹੈ। ਇਸ ਸੰਸਥਾ ਦੁਆਰਾ ਲਗਾਤਾਰ ਕੀਤੇ ਜਾ ਰਹੇ ਯਤਨਾਂ ਅਧੀਨ ਹੀ ਅੱਠਵੀਂ ਵਿਸ਼ਵ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਜਾ ਰਿਹਾ ਹੈ।ਜਿਹੜੀ ਕਿ ਮਿਤੀ 18,19,20 ਜੂਨ, 2021 ਨੂੰ ਮਿਸੀਸਾਗਾ, ਸਟੇਟ ਉਂਟੇਰੀਉ, ਕਨੇਡਾ ਵਿਖੇ ਕਰਵਾਈ ਜਾ ਰਹੀ ਹੈ।ਮੈਂ ਇਸ ਕਾਨਫਰੰਸ ਦੀ ਕਾਮਯਾਬੀ ਲਈ ਅਯੋਜਕਾਂ ਨੂੰ ਸ਼ੁੱਭ ਕਾਮਨਾਵਾਂ ਦਿੰਦਾ ਹਾਂ।ਇਸ ਕਾਨਫਰੰਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਵਿਸ਼ਵ ਸ਼ਾਂਤੀ ਅਤੇ ਪੰਜਾਬੀਅਤ ਨਾਲ ਸਾਂਝ ਰੱਖਣ ਵਾਲੇ ਡੈਲੀਗੇਟ ਭਾਗ ਲਹਿ ਰਹੇ ਹਨ।ਸਾਨੂੰ ਇਹ ਪੂਰੀ ਉਮੀਦ ਹੈ ਕਿ ਕੌਂਸਲ ਆਫ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਨਾਲ ਜੁੜੇ ਹੋਏ ਵਿਦਵਾਨ ਸੱਜਣ,ਸ਼੍ਰੀ ਰੌਸ਼ਨ ਪਾਠਕ ਜੀ ਅਤੇ ਉਹਨਾਂ ਦੀ ਟੀਮ ਦੁਆਰਾ ਜਿਹੜੇ ਯਤਨ ਪ੍ਰੰਜਾਬੀਅਤ ਅਤੇ ਵਿਸ਼ਵ ਸ਼ਾਂਤੀ ਦੇ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਹਨ, ਉਹ ਇਸ ਕਾਨਫਰੰਸ ਰਾਹੀਂ ਜਰੂਰ ਸਫਲ ਹੋਣਗੇ। ਮੈਂ ਡਾ ਮਨਵਿੰਦਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ ਤੋਂ ਇੱਕ ਵਾਰ ਫਿਰ ਕੌਂਸਲ ਆਫ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਅਤੇ ਇਸ ਸਸੰਥਾ ਨਾਲ ਜੁੜੇ ਹੋਏ ਵਿਦਵਾਨ ਸੱਜਣ, ਸ਼੍ਰੀ ਰੋਸ਼ਨ ਪਾਠਕ ਜੀ ਅਤੇ ਉਹਨਾਂ ਦੀ ਸਮੁੱਚੀ ਟੀਮ ਲਈ ਪਰਮਾਤਮਾ ਅੱਗੇ ਅਰਦਾਸ ਕਰਦਾਂ ਹਾਂ ਕਿ ਪਰਮਾਤਮਾਂ ਉਹਨਾਂ ਨੂੰ ਇਸੇ ਤਰ੍ਹਾਂ ਹੀ ਵਿਸ਼ਵ ਸ਼ਾਂਤੀ,ਪੰਜਾਬੀਅਤ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਕਾਰਜ ਕਰਨ ਦਾ ਬਲ ਬਖਸ਼ੇ। ਸਾਨੂੰ ਇਹ ਪੂਰੀ ਆਸ ਹੈ ਕਿ ਕੌਂਸਲ ਆਫ ਹੈਰੀਟੇਜ ਐਂਡ ਇੰਟਰਨੈਸ਼ਨਲ ਪੀਸ ਦੁਆਰਾ, ਮਿਤੀ 18,19,20 ਜੂਨ 2021 ਨੂੰ ਕਨੇਡਾ ਵਿੱਚ ਕਰਵਾਈ ਜਾ ਰਹੀ, ਅੱਠਵੀਂ ਪੰਜਾਬੀ ਵਿਸ਼ਵ ਕਾਨਫਰੰਸ, ਪੰਜਾਬ,ਪੰਜਾਬੀਅਤ ਦੇ ਨਾਲ-ਨਾਲ ਵਿਸ਼ਵ ਸ਼ਾਂਤੀ ਲਈ ਪ੍ਰਚਾਰ, ਪਸਾਰ ਅਤੇ ਇੱਕ ਚਾਨਣ ਮੁਨਾਰੇ ਦਾ ਕੰਮ ਕਰੇਗੀ। (ਰਿਪੋਰਟ: ਦੇਵ ਝੱਮਟ)




# ਸੁਰਿੰਦਰ ਬਾਜਵਾ ਬਣੇ ਦਸੂਹਾ ਦੇ ਬਲਾਕ ਪ੍ਰਧਾਨ



ਮਨੁੱਖੀ ਅਧਿਕਾਰ ਮੰਚ ਦੀ ਜ਼ਲ੍ਹਿਾ ਇਕਾਈ ਹੁਸ਼ਿਆਰਪੁਰ ਦੇ ਬਲਾਕ ਦਸੂਹਾ ਵਿਖੇ ਬਲਾਕ ਚੇਅਰਮੈਨ ਕੰਵਲਜੀਤ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸੰਸਥਾ ਦੇ ਕੌਮੀ ਪ੍ਰਧਾਨ ਡਾਕਟਰ ਜਸਵੰਤ ਸਿੰਘ ਖੇੜਾ ਅਤੇ ਹੁਸਨ ਲਾਲ ਸੂਂਡ ਪ੍ਰਸਨਲ ਸੈਕਟਰੀ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਸੰਸਥਾ ਵੱਲੋਂ ਸੁਰਿੰਦਰ ਸਿੰਘ ਬਾਜਵਾ ਨੂੰ ਬਲਾਕ ਪ੍ਰਧਾਨ ਲਗਾ ਕੇ ਸਨਾਖਤੀ ਕਾਰਡ ਅਤੇ ਨਿਯੁਕਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਕਟਰ ਜਸਵੰਤ ਸਿੰਘ ਖੇੜਾ ਨੇ ਬੋਲਦਿਆਂ ਕਿਹਾ ਕਿ ਸਮਾਜ ਵਿਚ ਫੈਲੀਆਂ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਲਈ ਜਲਦੀ ਹੀ ਜ਼ਲ੍ਹਿਾ ਭਰ ਵਿਚ ਜਾਗਰੂਕਤਾ ਸੈਮੀਨਾਰ ਆਯੋਜਿਤ ਕਰਵਾਏ ਜਾਣਗੇ ਜਿਸ ਨਾਲ ਸਮਾਜ ਦੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਸਹਾਈ ਹੋਣ ਗੇ। ਸੁਰਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਜੋ ਸੰਸਥਾ ਵੱਲੋਂ ਮੈਨੂੰ ਜੁਮੇਵਾਰੀ ਦਿੱਤੀ ਗਈ ਹੈ ਉਸ ਨੂੰ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ ਮੀਤ ਪ੍ਰਧਾਨ ਬਲਾਕ ਦਸੂਹਾ, ਦੀਪ ਕੁਮਾਰ, ਗੁਰਦੀਪ ਸਿੰਘ, ਵਰਿੰਦਰ ਕੁਮਾਰ ਸ਼ਰਮਾ ਅਤੇ ਗੁਰਜਿੰਦਰ ਸਿੰਘ ਆਦਿ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# Save our Activists and Farmers




Loveleen Kaur Sandhu!

Our various journalists, activists and farmers are still getting tortured as we speak. All the puppets – Supreme court, High court are just a bystander. India is no longer a democratic country. You can no longer raise your voice against injustice. This current government main agenda is making rich richer and poor poorer. If you are reading this article please do whatever you can to free our brothers and sisters from prison. They will be tortured every single day and night. If they don't get released before this protest is over, then they may never see a sun rise. Current Indian Government will try their best to not let them come outside. Indian people can no longer ask anything from their own government.They requestinternational organizations to intervene in this matter. Please step in and help Indian farmers, activists and journalists and save them from Indian Police and corrupted current Indian Government. Police is keep using their brutality to everyone trying to help farmers. They are locking up the journalists and people for showing their support to farmers. Please free our farmers and journalists!!

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653






Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





# UPPAL LAW



AVTAR UPPAL
Manager

**IMMIGRATION SERVICES**
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

**OTHER PRACTICES**
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿਂਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਸਰਕਾਰੀ ਕੰਪਨੀਆਂ ਦੇ ਖਰੀਦਦਾਰਾਂ ਨੂੰ ਲਾਭਪਾਤਰੀ ਮਾਲਕਾਂ ਦੀ ਪੂਰੀ ਜਾਣਕਾਰੀ ਦੇਣੀ ਹੋਵੇਗੀ

## * ਚੀਨ ਜਾਂ ਪਾਕਿ ਵਿੱਚ ਸੰਭਾਵੀ ਬੋਲੀਕਾਰਾਂ ਦੇ ਹਿੱਤ ਨਹੀਂ ਹੋਣੇ ਚਾਹੀਦੇ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਬੀ ਪੀ ਸੀ ਐਲ, ਏਅਰ ਇੰਡੀਆ ਅਤੇ ਬੀ ਈ ਐਮ ਐਲ ਵਰਗੀਆਂ ਕੰਪਨੀਆਂ ਵਿੱਚ ਸਰਕਾਰ ਦੇ ਹਿੱਸੇ ਖਰੀਦਣ ਦੇ ਚਾਹਵਾਨ ਵਿਦੇਸ਼ੀ ਤੇ ਭਾਰਤੀ ਬੋਲੀਕਾਰਾਂ ਨੂੰ ਅੰਤਮ ਲਾਭਪਾਤਰੀ ਮਾਲਕ ਦੇ ਬਾਰੇ ਪੂਰੀ ਜਾਣਕਾਰੀ ਦੇਣੀ ਹੋਵੇਗੀ। ਇਹ ਦੇ ਬਾਅਦ ਹੀ ਉਨ੍ਹਾਂ ਨੂੰ ਬੋਲੀ ਲਾਉਣ ਲਈ ਸੁਰੱਖਿਆ ਮਨਜ਼ੂਰੀ ਮਿਲੇਗੀ। ਅਜਿਹੇ ਬੋਲੀਕਾਰਾਂ ਨੂੰ ਸੁਰੱਖਿਆ ਮਨਜ਼ੂਰੀ ਲਈ ਖੁਦ ਐਲਾਨ ਕਰ ਕੇ ਦੱਸਣਾ ਹੋਵੇਗਾ ਕਿ ਕਿਊ ਆਈ ਪੀ ਦੀ ਚੀਨ ਅਤੇ ਪਾਕਿਸਤਾਨ ਵਿੱਚ ਕਿਸ ਰੂਪ ਵਿੱਚ ਜਾਂ ਕਿਸ ਹੱਦ ਤੱਕ ਮੌਜੂਦਗੀ ਹੈ।

ਨਿਵੇਸ਼ ਅਤੇ ਜਨਤਕ ਜਾਇਦਾਦ ਪ੍ਰਬੰਧ ਵਿਭਾਗ ਨੇ ਬੋਲੀਕਰਤਾ ਲਈ ਸੁਰੱਖਿਆ ਮਨਜ਼ੂਰੀ ਨਾਲ ਸਬੰਧਤ ਅਰਜ਼ੀ ਦਾ ਖਰੜਾ ਜਾਰੀ ਕਰ ਦਿੱਤਾ ਹੈ। ਇਹ ਅਦਾਰਾ ਕੰਪਨੀਆਂ ਵਿੱਚ ਸਰਕਾਰੀ ਹਿੱਸੇ ਦੀ ਵਿਕਰੀ ਦੇ ਪ੍ਰਬੰਧ ਕੰਮ ਕਰਦਾ ਹੈ। ਜਾਰੀ ਕੀਤੇ ਖਰੜੇ ਅਨੁਸਾਰ ਬੋਲੀ ਲਾਉਣ ਵਾਲੀ ਕੰਪਨੀ ਵਿੱਚ ਚਾਲੀ ਫੀਸਦੀ ਤੋਂ ਵੱਧ ਹਿੱਸੇਦਾਰੀ ਲਈ ਬੋਲੀ ਲਾਉਣ ਵਾਲਿਆਂ ਨੂੰ ਸੁਰੱਖਿਆ ਮਨਜ਼ੂਰੀ ਤਦ ਮਿਲੇਗੀ, ਜਦ ਉਹ ਪੈਰੇਂਟ, ਪ੍ਰਮੋਟਰਾਂ ਅਤੇ ਸੌਦੇ ਨਾਲ ਅੰਤਮ ਰੂਪ ਵਿੱਚ ਲਾਭ ਲੈਣ ਵਾਲੇ ਮਾਲਕਾਂ ਬਾਰੇ ਜਾਣਕਾਰੀ ਦੇਣਗੇ। ਬੋਲੀਕਰਤਾ ਕੰਪਨੀ ਜੇ ਇਕੱਲੀ ਖਰੀਦਦਾਰ ਹੈ ਤਾਂ ਉਸ ਨੂੰ ਆਪਣੇ ਮਾਲਕਾਂ ਅਤੇ ਭਾਈਵਾਲਾਂ ਦੀ ਨੈਸ਼ਨਲਟੀ, ਪਤਾ, ਸੁਰੱਖਿਆ, ਜਿਸ ਦੇਸ਼ ਦੇ ਵਾਸੀ ਹੋਣ, ਉਥੋਂ ਦੀ ਵਿਸ਼ੇਸ਼ਆਈ ਡੀ ਅਤੇ ਪਾਸਪੋਰਟ ਨੰਬਰ ਦੀਆਂ ਜਾਣਕਾਰੀਆਂ ਸਰਕਾਰ ਨੂੰ ਦੇਣੀਆਂ ਹੋਣਗੀਆਂ।ਉਨ੍ਹਾਂ ਨੂੰ 10 ਫੀਸਦੀ ਜਾਂ ਉਸ ਤੋਂ ਵੱਧ ਹਿੱਸੇਦਾਰੀ, ਵੋਟ ਦਾ ਅਧਿਕਾਰ ਜਾਂ ਲਾਭਅੰਸ਼ ਹਾਸਲ ਕਰਨ ਵਾਲੇ ਯਾਨੀ ਕਿਊ ਆਈ ਪੀ ਅਤੇ ਸ਼ੇਅਰਧਾਰਕਾਂ ਬਾਰੇ ਵੀ ਜਾਣਕਾਰੀ ਦੇਣੀ ਹੋਵੇਗੀ। ਕਿਊ ਆਈ ਪੀ ਜੇ ਗਰੁੱਪ ਹੈ ਤਾਂ ਉਸ ਨੂੰ ਸਾਰੇ ਮੈਂਬਰਾਂ ਦੇ ਨਾਂਅ, ਹਿੱਸੇਦਾਰੀ ਫੀਸਦੀ, ਪਤਾ ਤੇ ਰਜਿਸਟਰੇਸ਼ਨ ਦੀ ਜਾਣਕਾਰੀ ਦੇਣੀ ਹੋਵੇਗੀ। ਖਰੜੇ ਅਨੁਸਾਰ ਜੇ ਕਬਜ਼ੇ ਲਈ ਕਿਊ ਆਈ ਪੀ ਕੋਈ ਸਪੈਸ਼ਲ ਪਰਪਸ ਵਹੀਕਲ ਯਾਨੀ ਐਸ ਪੀ ਵੀ ਬਣਾਉਣੀ ਚਾਹੁੰਦੇ ਹਨ ਤਾਂ ਜਿਸ ਨਿਆਂਇਕ ਅਧਿਕਾਰ ਖੇਤਰ ਵਿੱਚ ਇਹ ਬਣਿਆ ਹੋਵੇਗਾ, ਉਸ ਦੀ ਸਾਰੀ ਜਾਣਕਾਰੀ ਸਮੇਤ ਸੰਭਾਵੀ ਨਿਰਦੇਸ਼ਕਾਂ ਦੇ ਬਾਰੇ ਦੱਸਣਾ ਹੋਵੇਗਾ।

# ਦੀਪ ਸਿੱਧੂ ਦਾ ਪੁਲਸ ਰਿਮਾਂਡ ਸੱਤ ਦਿਨ ਵਧਾਇਆ ਗਿਆ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਕਿਸਾਨਾਂ ਦੀ ਟਰੈਕਟਰ ਰੈਲੀ ਦੇ ਦੌਰਾਨ ਲਾਲ ਕਿਲ੍ਹੇ ਦੀਆਂ ਘਟਨਾਵਾਂ ਅਤੇ ਹੋਰ ਹਿੰਸਾ ਦੇ ਕੇਸ ਵਿੱਚ ਦਿੱਲੀ ਪੁਲਸ ਵੱਲੋਂ ਗ੍ਰਿਫਤਾਰ ਦੀਪ ਸਿੱਧੂ ਨੂੰ ਕੱਲ੍ਹ ਸੱਤ ਦਿਨਾਂ ਰਿਮਾਂਡ ਖਤਮ ਹੋਣ ਮਗਰੋਂ ਫਿਰਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਦਾ ਰਿਮਾਂਡ ਸੱਤ ਦਿਨ ਵਧਾ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਪੁਲਸ ਨੇ ਉਸ ਤੋਂ ਹੋਰ ਪੁੱਛ ਪੜਤਾਲ ਕਰਨ ਤੇ ਸਾਥੀਆਂ ਬਾਰੇ ਪਤਾ ਲਾਉਣ ਲਈ ਰਿਮਾਂਡ ਵਿੱਚ ਵਾਧੇ ਦੀ ਮੰਗ ਕੀਤੀ ਸੀ। ਸਿੱਧੂ ਦੇ ਵਕੀਲ ਨੇ ਅਦਾਲਤ ਵਿੱਚ ਹੋਰ ਰਿਮਾਂਡ ਦਾ ਵਿਰੋਧ ਕਰਦੇ ਹੋਏ ਤਰਕ ਦਿੱਤਾ ਕਿ ਹਿੰਸਕ ਕਾਰਵਾਈਆਂ ਨਾਲ ਦੀਪ ਦਾ ਕੋਈ ਲੈਣਾ-ਦੇਣਾ ਨਹੀਂ, ਉਹ ਸਿਰਫ ਗਲਤ ਸਮੇਂ ਗਲਤ ਥਾਂ ਉਪਰ ਸੀ। ਦੀਪ ਸਿੱਧੂ ਨੂੰ ਦਿੱਲੀ ਪੁਲਸ ਨੇ ਪਿਛਲੇ ਹਫਤੇ ਵੱਖ-ਵੱਖ ਧਾਰਾਵਾਂ ਹੇਠ ਹਰਿਆਣਾ ਦੇ ਕਰਨਾਲ ਬਾਈਪਾਸ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਨੌਂ ਫਰਵਰੀ ਨੂੰ ਉਸ ਨੂੰ ਸੱਤ ਦਿਨਾਂ ਦੇ ਰਿਮਾਂਡ ਉਪਰ ਭੇਜਿਆ ਗਿਆ ਸੀ। ਪੁਲਸ ਮੁਤਾਬਕ ਉਹ ਲਾਲ ਕਿਲ੍ਹੇ ਦੀਆਂ ਘਟਨਾਵਾਂ ਦਾ ਅਹਿਮ ਦੋਸ਼ੀ ਹੈ, ਜਿਸ ਨੇ ਲੋਕਾਂ ਨੂੰ ਭੜਕਾਇਆ ਸੀ। ਅਦਾਲਤ ਵਿੱਚਪੁਲਸ ਨੇ ਦੱਸਿਆ ਕਿ ਦੀਪ ਸਿੱਧੂ ਦੀਆਂ ਵੀਡੀਓਜ਼ ਜਨਤਕ ਹੋ ਚੁੱਕੀਆਂ ਹਨ, ਜਿਸ ਤੋਂ ਉਸ ਦੀ ਗੁਨਾਹ ਦਾ ਪਤਾ ਲੱਗਦਾ ਹੈ। ਉਸ ਦੇ ਸਾਥੀ ਸਾਜ਼ਿਸ਼ਕਰਤਾ ਦੀ ਪਛਾਣ ਲਈ ਕਈ ਸੋਸ਼ਲ ਮੀਡੀਆ ਖਾਤਿਆਂ ਦੀ ਜਾਂਚ ਕਰਨੀ ਹੈ। ਉਸ ਨੇ ਪੱਕਾ ਪਤਾ ਨਾਗਪੁਰ ਦਾ ਦਿੱਤਾ ਹੈ, ਪਰ ਅਗਲੀ ਜਾਂਚ ਲਈ ਪੰਜਾਬ ਦੇ ਹਰਿਆਣਾ ਦੇ ਕਈ ਥਾਵਾਂ ਦਾ ਦੌਰਾ ਕਰਨਾ ਪੈਣਾ ਹੈ। ਪੁਲਸ ਨੇ ਕਿਹਾ ਸੀ ਕਿ ਸਿੱਧੂ ਨੂੰ ਉਸ ਵਿਅਕਤੀ ਨਾਲ ਬਾਹਰ ਆਉਂਦੇ ਦੇਖਿਆ ਜਾ ਸਕਦਾ ਹੈ, ਜਿਸ ਨੇ ਝੰਡਾ ਲਾਇਆ ਸੀ ਤੇ ਉਸ ਨੂੰ ਵਧਾਈ ਦੇ ਰਿਹਾ ਸੀ। ਪੁਲਸ ਨੇ ਇਹ ਵੀ ਕਿਹਾ ਕਿ ਭੀੜ ਨੇ ਪੁਲਸ ਦੇ ਕੁੱਲ 20 ਕਾਰਤੂਸਾਂ ਨਾਲ ਭਰੇ ਦੋ ਮੈਗਜ਼ੀਨ ਖੋਹ ਲਏ ਸਨ।

# ਬੱਸ ਨਹਿਰ ਵਿੱਚ ਡਿੱਗਣ ਨਾਲ 47 ਮੌਤਾਂ



ਰੇਵਾ, 18 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਸਿਧੀ ਜ਼ਿਲ੍ਹੇ ਵਿੱਚ ਕੱਲ੍ਹ ਸਵੇਰੇ ਮੁਸਾਫਰਾਂ ਨਾਲ ਭਰੀ ਬੱਸ ਨਹਿਰ ਵਿੱਚ ਡਿੱਗਣ ਕਾਰਨ 16 ਔਰਤਾਂ ਸਮੇਤ 47 ਜਣਿਆਂ ਦੀ ਮੌਤ ਹੋ ਗਈ।

ਰੇਵਾ ਦੇ ਡਵੀਜ਼ਨਲ ਕਮਿਸ਼ਨਰ ਰਾਜੇਸ਼ ਜੈਨ ਨੇ ਦੱਸਿਆ ਕਿ ਇਸ ਜ਼ਿਲ੍ਹੇ ਦੇ ਪਟਨਾ ਪਿੰਡ ਨੇੜੇ ਬੱਸ ਬਨਸਾਗਰ ਨਹਿਰ ਵਿੱਚ ਡਿੱਗ ਗਈ। ਉਨ੍ਹਾਂ ਕਿਹਾ, ਬਨਸਾਗਰ ਨਹਿਰ ਵਿੱਚੋਂ ਗੋਤਾਖੋਰਾਂ ਨੇ ਪਹਿਲਾਂ 18 ਲਾਸ਼ਾਂ ਕੱਢੀਆਂ ਅਤੇ ਬਾਅਦ ਵਿੱਚ 19 ਹੋਰ ਲਾਸ਼ਾਂ ਮਿਲੀਆਂ ਹਨ, ਇਨ੍ਹਾਂ 47 ਵਿੱਚੋਂ 16 ਔਰਤਾਂ, 20 ਪੁਰਸ਼ ਤੇ ਇੱਕ ਬੱਚਾ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਘਟਨਾ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ। ਮੁੱਢਲੀ ਜਾਣਕਾਰੀ ਅਨੁਸਾਰ ਸਵੇਰੇ ਸਾਢੇ ਅੱਠ ਵਜੇ ਦੇ ਕਰੀਬ ਇਹ ਘਟਨਾ ਵਾਪਰਨ ਸਮੇਂ ਬੱਸ ਵਿੱਚ 54 ਮੁਸਾਫਰ ਸਨ। ਸੱਤ ਮੁਸਾਫਰ ਤਰ ਕੇ ਬਾਹਰ ਆਉਣ ਵਿੱਚ ਕਾਮਯਾਬ ਰਹੇ, ਜਦ ਕਿ 47 ਲਾਸ਼ਾਂ ਬਰਾਮਦ ਹੋਈਆਂ ਹਨ।

# ਹਾਂਗਕਾਂਗ ਵਿੱਚ ਪ੍ਰਦਰਸ਼ਨਾਂ ਸਬੰਧੀ ਦੋ ਸਾਬਕਾ ਐੱਮ ਪੀਜ਼ ਨੇ ਅਪਰਾਧ ਕਬੂਲਿਆ

ਹਾਂਗਕਾਂਗ, 18 ਫਰਵਰੀ (ਪੋਸਟ ਬਿਊਰੋ)- ਹਾਂਗਕਾਂਗ ਵਿੱਚ ਨਾਜਾਇਜ਼ ਤੌਰ ਉੱਤੇ ਇੱਕਤਰ ਹੋਣ ਦੇ ਦੋਸ਼ ਵਿੱਚ ਇੱਥੋਂ ਦੇ ਦੋ ਸਾਬਕਾ ਪਾਰਲੀਮੈਂਟ ਮੈਂਬਰਾਂ ਨੇ ਕੱਲ੍ਹ ਆਪਣਾ ਅਪਰਾਧ ਸਵੀਕਾਰ ਕਰ ਲਿਆ। ਇਸ ਦੇ ਨਾਲ ਇਨ੍ਹਾਂ ਦੋਨੋਂ ਨੇਤਾਵਾਂ ਸਮੇਤ ਕੁਲ ਨੌਂ ਲੋਕਾਂ ਦੇ ਖ਼ਿਲਾਫ਼ ਮੁਕੱਮਦੇ ਦੀ ਸੁਣਵਾਈ ਸ਼ੁਰੂ ਹੋ ਗਈ ਹੈ।

ਇਸ ਘਟਨਾ ਚੱਕਰ ਨੂੰ ਅਰਧ-ਖੁਦਮੁਖਤਾਰ ਚੀਨੀ ਖੇਤਰ ਵਿੱਚ ਅਸਹਿਮਤੀ ਪ੍ਰਗਟ ਕਰਨ ਵਾਲਿਆਂ ਉੱਤੇ ਇੱਕ ਕਾਰਵਾਈ ਵਜੋਂ ਦੇਖਿਆ ਜਾ ਰਿਹਾ ਹੈ। ਵਰਕਰਾਂ ਉੱਤੇ 2019 ਦੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਨਾਜਾਇਜ਼ ਤੌਰ ਉੱਤੇ ਇੱਕ ਸਭਾ ਕਰਨ ਤੇ ਉਸ ਵਿੱਚ ਭਾਗ ਲੈਣ ਦਾ ਦੋਸ਼ ਹੈ। ਉਨ੍ਹਾਂ ਵਿੱਚ ਹਾਂਗਕਾਂਗ ਲੋਕਤੰਤਰੀ ਅੰਦੋਲਨ ਦੇ 82 ਸਾਲਾ ਸਾਬਕਾ ਫੌਜੀ ਮਾਰਟਿਨ ਲੀ, ਸਮਾਚਾਰ ਪੱਤਰ ਪ੍ਰਕਾਸ਼ਕ ਜਿੰਮੀ ਲੀ ਸ਼ਾਮਲ ਹੈ। ਉਨ੍ਹਾਂ ਨੂੰ ਉਨ੍ਹਾਂ ਦੀਆਂ ਲੋਕਤੰਤਰ ਪੱਖੀ ਸਰਗਰਮੀਆਂ ਨਾਲ ਜੁੜੇ ਹੋਰ ਦੋਸ਼ਾਂ ਹੇਠ ਬਿਨਾਂ ਜਮਾਨਤ ਹਿਰਾਸਤ ਵਿੱਚ ਰੱਖਿਆ ਗਿਆ ਹੈ।ਹਾਂਗਕਾਂਗ ਦੀ ਵਿਧਾਇਕਾ ਦੇ ਜਿਨ੍ਹਾਂ ਦੋ ਸਾਬਕਾ ਮੈਂਬਰਾਂ ਨੇ ਆਪਣਾ ਅਪਰਾਧ ਮੰਨਿਆ ਹੈ, ਉਨ੍ਹਾਂ ਵਿੱਚ ਆਉ ਨੋਕ-ਹਿਨ ਅਤੇ ਲਿਯੁੰਗ ਯੀਵ-ਚੁੰਗ ਸ਼ਾਮਲ ਹਨ। ਉਹ ਉਨ੍ਹਾਂ ਲੱਗਭਗ 15 ਮੰਨੇ-ਪ੍ਰਮੰਨੇ ਵਰਕਰਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਨੂੰ ਪਿਛਲੇ ਸਾਲ ਅਪ੍ਰੈਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।


ਨੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884


# ਐਮਨੈਸਟੀ ਇੰਟਰਨੈਸ਼ਲ ਇੰਡੀਆ ਦੀ 17 ਕਰੋੜ ਦੀ ਰਕਮ ਜ਼ਬਤ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕੱਲ੍ਹ ਏਥੇ ਕਿਹਾ ਕਿ ਉਸ ਨੇ ਐਮਨੈਸਟੀ ਇੰਟਰਨੈਸ਼ਨਲ (ਇੰਡੀਆ) ਦੀਆਂ ਦੋ ਸੰਸਥਾਵਾਂ ਦੇ ਖ਼ਿਲਾਫ਼ ਮਨੀ ਲਾਂਡਰਿੰਗ ਕੇਸ ਵਿੱਚ ਬੈਂਕ ਵਿੱਚ ਜਮ੍ਹਾ 17 ਕਰੋੜ ਰੁਪਏ ਦੀ ਰਕਮ ਜ਼ਬਤ ਕਰ ਲਈ ਹੈ।




ਈ ਡੀ ਨੇ ਬਿਆਨ ਵਿੱਚ ਕਿਹਾ ਕਿ ਉਸ ਨੇ ਮਨੀ ਲਾਂਡਰਿੰਗ ਰੋਕਥਾਮ ਕਾਨੂੰਨ ਹੇਠ ਐਮਨੈਸਟੀ ਇੰਟਰਨੈਸ਼ਨਲ ਇੰਡੀਆ ਪ੍ਰਾਈਵੇਟ ਲਿਮਿਟਿਡ (ਏ ਆਈ ਆਈ ਪੀ ਐਲ) ਅਤੇ ਇੰਡੀਆਸ ਫਾਰ ਐਮਨੈਸਟੀ ਇੰਟਰਨੈਸ਼ਨਲ ਟ੍ਰਸਟ (ਆਈ ਏ ਆਈ ਟੀ) ਦੇ ਬੈਂਕ ਖਾਤਿਆਂ ਵਿੱਚ ਜਮ੍ਹਾ ਰਕਮ ਦੀ ਜ਼ਬਤੀ ਦਾ ਅਸਥਾਈ ਆਦੇਸ਼ ਜਾਰੀ ਕੀਤਾ ਹੈ।ਬਿਆਨ ਦੇ ਮੁਤਾਬਕ ਦੋਵਾਂ ਸੰਸਥਾਵਾਂ ਨੇ ਅਪਰਾਧ ਰਾਹੀਂ ਇਹ ਰਕਮ ਇਕੱਠੀ ਕੀਤੀ ਅਤੇ ਇਹ ਕਈ ਕਿਸਮ ਦੀ ਚਲ ਜਾਇਦਾਦ ਵਿੱਚ ਹੈ। ਏ ਆਈ ਆਈ ਪੀ ਐਲ, ਆਈ ਏ ਆਈ ਟੀ, ਐਮਨੈਸਟੀ ਇੰਟਰਨੈਸ਼ਨਲ ਇੰਡੀਆ ਫਾਊਂਡੇਸ਼ਨ ਟ੍ਰਸਟ (ਏ ਆਈ ਆਈ ਐਫ ਟੀ) ਅਤੇ ਐਮਨੈਸਟੀ ਇੰਟਰਨੈਸ਼ਨਲ ਸਾਊਥ ਏਸ਼ੀਆ ਫਾਊਂਡੇਸ਼ਨ (ਏ ਆਈ ਐਸ ਏ ਐਫ) ਖ਼ਿਲਾਫ਼ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਵੱਲੋਂ ਵਿਦੇਸ਼ੀ ਕੰਟਰੀਬਿਊਸ਼ਨ ਰੈਗੂਲੇਟਰੀ ਕਾਨੂੰਨ (ਐਫ ਸੀ ਆਰ ਏ) ਦੀਆਂ ਵੱਖ-ਵੱਖ ਧਾਰਾਵਾਂ ਅਤੇ 120ਬੀ (ਆਪਰਾਧਿਕ ਸਾਜਿਸ਼) ਹੇਠਮਨੀ ਲਾਂਡਰਿਮਗ ਦਾ ਇਹ ਕੇਸ ਦਰਜ ਕੀਤਾ ਹੈ।

# ਗਰਭਵਤੀ ਦੀ ਕੁੱਟਮਾਰ: ਮੋਢੇ ਉਤੇ ਲੜਕੇ ਨੂੰ ਬਿਠਾ ਕੇ ਤਿੰਨ ਕਿਲੋਮੀਟਰ ਪੈਦਲ ਚਲਵਾਇਆ

ਗੁਨਾ (ਮੱਧ ਪ੍ਰਦੇਸ਼), 18 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲ੍ਹੇ ਵਿੱਚ ਇੱਕ ਆਦਿਵਾਸੀ ਗਰਭਵਤੀ ਔਰਤ ਨੂੰ ਉਸ ਦੇ ਛੱਡੇ ਹੋਏ ਪਤੀ ਅਤੇ ਸਹੁਰੇ ਪਰਵਾਰ ਨੇ ਇੱਕ ਲੜਕੇ ਨੂੰ ਉਸ ਦੇ ਮੋਢਿਆਂ 'ਤੇ ਬਿਠਾ ਕੇ ਤਿੰਨ ਕਿਲੋਮੀਟਰ ਚੱਲਣ ਲਈ ਮਜਬੂਰ ਕੀਤਾ ਤੇ ਨਾਲ ਹੀ ਔਰਤ ਨੂੰ ਕੁੱਟਦੇ ਵੀ ਰਹੇ। ਪੁਲਸ ਨੇ ਕੱਲ੍ਹ ਇਸ ਬਾਰੇ ਜਾਣਕਾਰੀ ਦਿੱਤੀ ਹੈ। ਗੁਨਾ ਦੇ ਸਬ ਇੰਸਪੈਕਟਰ ਰਾਜੇਸ਼ ਕੁਮਾਰ ਮਿਸ਼ਰਾ ਨੇ ਦੱਸਿਆ ਕਿ ਸਿਰਸੀ ਥਾਣੇਹੇਠ ਪਿੰਡ ਸਨਾਈ ਵਿੱਚ ਹੋਈ ਇਸ ਘਟਨਾ ਦੇ ਸੰਬੰਧ ਵਿੱਚ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਤਿੰਨ ਫਰਾਰ ਹਨ, ਜਿਨ੍ਹਾਂ ਦੀ ਤਲਾਸ਼ ਜਾਰੀ ਹੈ। ਇਹ ਘਟਨਾ ਨੌਂ ਫਰਵਰੀ ਦੀ ਹੈ ਅਤੇ ਉਸ ਦਾ ਵੀਡੀਓ ਵਾਇਰਲ ਹੋਣ ਪਿੱਛੋਂ ਸਾਹਮਣੇ ਆਈ ਹੈ।ਵੀਡੀਓ ਵਿੱਚ ਔਰਤ, ਜਿਸ ਦੀ ਉਮਰ ਵੀਹ ਸਾਲ ਦੇ ਕਰੀਬ ਹੈ, ਆਪਣੇ ਮੋਢਿਆਂ 'ਤੇ ਇੱਕ ਲੜਕੇ ਨੂੰ ਬਿਠਾ ਕੇ ਨੰਗੇ ਪੈਰ ਚੱਲਦੀ ਹੋਈ ਨਜ਼ਰ ਆ ਰਹੀ ਹੈ ਅਤੇ ਇਸ ਦੌਰਾਨ ਕੁਝ ਵਿਅਕਤੀ ਇਸ ਔਰਤ ਨੂੰ ਡੰਡਿਆਂ ਅਤੇ ਕ੍ਰਿਕਟ ਬੈਟ ਨਾਲ ਮਾਰਦੇ ਦਿੱਸ ਰਹੇ ਹਨ।

# ਦਿੱਲੀ ਮਹਿਲਾ ਕਮਿਸ਼ਨ ਨੇ ਦਿਸ਼ਾ ਦੀ ਗ੍ਰਿਫ਼ਤਾਰੀ ਬਾਰੇ ਪੁਲਸ ਰਿਪੋਰਟ ਮੰਗੀ

ਨਵੀਂ ਦਿੱਲੀ, 18 ਫਰਵਰੀ (ਪੋਸਟ ਬਿਊਰੋ)- ਦਿੱਲੀ ਮਹਿਲਾ ਕਮਿਸ਼ਨ ਨੇ ਦਿੱਲੀ ਪੁਲਸ ਨੂੰ ਨੋਟਿਸ ਭੇਜ ਕੇ 'ਟੂਲਕਿੱਟ'ਕੇਸ ਵਿੱਚ ਗ੍ਰਿਫ਼ਤਾਰ ਦਿਸ਼ਾ ਰਵੀ ਨੂੰ ਕੋਰਟ ਵਿੱਚ ਪੇਸ਼ ਕਰਨ ਤੋਂ ਪਹਿਲਾਂ ਉਸਨੂੰ ਉਸ ਦੀ ਪਸੰਦ ਦਾ ਵਕੀਲ ਦੇਣ ਬਾਰੇ ਰਿਪੋਰਟ ਮੰਗੀ ਹੈ। ਮੀਡੀਆ ਵਿੱਚ ਆਈਆਂ ਖ਼ਬਰਾਂ ਪਿੱਛੋਂ ਦਿੱਲੀ ਮਹਿਲਾ ਕਮਿਸ਼ਨ ਨੇ ਨੋਟਿਸ ਜਾਰੀ ਕੀਤਾ ਹੈ।



ਇਨ੍ਹਾਂ ਖ਼ਬਰਾਂ ਮੁਤਾਬਕ ਦਿਸ਼ਾ ਰਵੀ ਨੂੰ ਦਿੱਲੀ ਦੀ ਅਦਾਲਤ ਵਿੱਚ ਪੇਸ਼ ਕਰਨ ਵੇਲੇ ਉਨ੍ਹਾਂ ਦੀ ਪਸੰਦ ਦਾ ਵਕੀਲ ਮੌਜੂਦ ਨਹੀਂ ਸੀ। ਇਸ ਦਾ ਹਵਾਲਾ ਦਿੰਦਿਆਂ ਦਿੱਲੀ ਮਹਿਲਾ ਕਮਿਸ਼ਨ ਨੇ ਕਿਹਾ ਕਿ ਰਵੀ ਨੂੰ ਪੁਲਸ ਬੈਂਗਲੁਰੂ ਤੋਂ ਫੜ ਕੇ ਦਿੱਲੀ ਲਿਆਈ, ਪਰ ਉਸ ਦੇ ਟਿਕਾਣੇ ਦੀ ਜਾਣਕਾਰੀ ਮਾਂ-ਬਾਪ ਤੱਕ ਨੂੰ ਨਹੀਂ ਦਿੱਤੀ ਗਈ। ਕਮਿਸ਼ਨ ਨੇ ਕਿਹਾ ਕਿ ਇਹ ਵੀ ਦੋਸ਼ ਹੈ ਕਿ ਪੁਲਸ ਨੇ ਦਿੱਲੀ ਲਿਆਉਣ ਤੋਂ ਪਹਿਲਾਂ ਦਿਸ਼ਾ ਨੂੰ ਬੈਂਗਲੁਰੂ ਅਦਾਲਤ ਵਿੱਚ ਟਰਾਂਜ਼ਿਟ ਰਿਮਾਂਡ ਲਈ ਪੇਸ਼ ਨਹੀਂ ਕੀਤਾ। ਕਮਿਸ਼ਨ ਨੇ ਦਿੱਲੀ ਪੁਲਸ ਨੂੰ ਕੇਸ ਦੀ ਕਾਪੀ ਦੇਣ ਦੇ ਨਾਲ ਟਰਾਂਜ਼ਿਟ ਰਿਮਾਂਡ ਲਈ ਸਥਾਨਕ ਅਦਾਲਤ ਵਿੱਚ ਪੇਸ਼ ਨਾ ਕਰਨ, ਇੱਥੇ ਅਦਾਲਤ ਵਿੱਚ ਪੇਸ਼ ਕਰਨ ਦੌਰਾਨ ਉਸ ਦੇ ਪਸੰਦ ਦਾ ਵਕੀਲ ਨਾ ਦੇਣ ਦਾ ਕਾਰਨ ਵੀ ਦੱਸਣ ਲਈ ਕਿਹਾ ਅਤੇ ਇਸ ਬਾਰੇ ਸਾਰੀ ਕਾਰਵਾਈ ਰਿਪੋਰਟ ਤਲਬ ਕੀਤੀ ਹੈ।

# ਅਮਰੀਕਾ ਵਿੱਚ ਬਰਫੀਲੇ ਤੂਫਾਨ ਨਾਲ 23 ਲੋਕਾਂ ਦੀ ਮੌਤ

ਮੈਕਸੀਕੋ ਸਿਟੀ, 18 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਜਾਰੀ ਬਰਫੀਲੇ ਤੂਫਾਨ ਕਾਰਨ 23 ਲੋਕਾਂ ਦੀ ਕੱਲ੍ਹ ਰਾਤ ਤੱਕ ਮੌਤ ਹੋ ਗਈ ਸੀ। ਲੱਖਾਂ ਲੋਕ ਬਿਨਾਂ ਬਿਜਲੀ ਦੇ ਰਹਿ ਰਹੇ ਸਨ। ਰਾਸ਼ਟਰੀ ਮੌਸਮ ਸੇਵਾ ਵਿਭਾਗ ਨੇ ਦੱਸਿਆ ਕਿ ਭਿਆਨਕ ਤੂਫਾਨ ਕਾਰਨ ਦੱਖਣੀ ਮੈਦਾਨੀ ਖੇਤਰ ਵਿੱਚ ਭਾਰੀ ਬਰਫਬਾਰੀ ਅਤੇ ਨਿਊ ਇੰਗਲੈਂਡ ਵਿੱਚ ਭਾਰੀ ਮੀਂਹ ਪੈ ਰਿਹਾ ਹੈ। ਇਸੇ ਦੌਰਾਨ 'ਡੀਪ ਸਾਊਥ' ਵਿੱਚ ਪਾਰਾ ਵੀ ਕਾਫੀ ਡਿੱਗ ਗਿਆ ਹੈ।



ਇਸ ਮੌਕੇ ਵਿਭਾਗ ਨੇ ਦੱਸਿਆ ਕਿ ਖ਼ਰਾਬ ਮੌਸਮ ਕਾਰਨ ਦੇਸ਼ ਵਿੱਚ ਕੋਵਿਡ-19 ਦੀ ਟੀਕਾਕਰਣ ਮੁਹਿੰਮ 'ਤੇ ਵੀ ਮਾੜਾ ਅਸਰ ਪਿਆ ਹੈ। ਉੱਤਰੀ ਕੈਰੋਲੀਨਾ ਬ੍ਰੰਸਵਿਕ ਕਾਉਂਟੀ ਵਿਖੇ ਵੀ ਮੌਸਮ ਬਹੁਤ ਖਰਾਬ ਹੈ ਅਤੇ ਸ਼ਿਕਾਗੋ ਵਿੱਚ ਰਿਕ-ਾਰਡ 46 ਸੈਂਟੀਮੀਟਰ ਤੱਕ ਬਰਫਬਾਰੀ ਹੋਈ ਹੈ। ਅਮਰੀਕਾ ਦਾ 73 ਫੀਸਦੀ ਹਿੱਸਾ ਬਰਫ ਨਾਲ ਢੱਕਿਆ ਪਿਆ ਹੈ।ਉਤਰੀ ਮੈਕਸੀਕੋ ਵਿੱਚ ਬਿਜਲੀ ਦੀ ਕਟੌਤੀ ਕਾਰਨ ਸੈਂਕੜੇ ਕਾਰਖਾਨੇ ਬੰਦ ਕਰਨੇ ਪਏ ਹਨ। ਟੈਕਸਾਸ ਦੇ 50 ਲੱਖ ਲੋਕ ਪ੍ਰਭਾਵਿਤ ਹੋਏ ਹਨ। ਕੌਮੀ ਊਰਜਾ ਕੰਟਰੋਲ ਦਫ਼ਤਰ ਦੇ ਮੁਤਾਬਕ ਟੈਕਸਾਸ ਵਿਖੇ ਤੀਜੇ ਦਿਨ ਵੀ ਤੂਫਾਨ ਕਾਰਨ ਦਰਾਮਦ ਕੀਤੀ ਜਾਣ ਵਾਲੀ ਕੁਦਰਤੀ ਗੈਸ ਦੀ ਸਪਲਾਈ ਵਿੱਚ ਕਟੌਤੀ ਕਰਨੀ ਪਈ ਹੈ। ਇਸ 'ਤੇ ਉਤਰੀ ਮੈਕਸੀਕੋ ਦਾ ਵਧੇਰੇ ਬਿਜਲੀ ਉਤਪਾਦਨ ਨਿਰਭਰ ਹੈ। ਨੈਸ਼ਨਲ ਕੌਂਸਲ ਆਫ ਦਿ ਮੈਕਿਉਲਿਆਡੋਰਾ ਇੰਡਸਟਰੀ ਨੇ ਦੱਸਿਆ ਕਿ ਬਿਜਲੀ ਨਾ ਹੋਣ ਕਾਰਨ ਸੈਂਕੜੇ ਪਲਾਂਟ ਬੰਦ ਹਨ। ਕੌਂਸਲ ਨੇ ਸ਼ਿਕਾਇਤ ਕੀਤੀ ਕਿ ਬਿਜਲੀ ਸਪਲਾਈ ਠੱਪ ਹੋਣ ਦੀ ਨਾ ਚਿਤਾਵਨੀ ਦਿੱਤੀ ਗਈ ਅਤੇ ਨਾ ਇਸ ਬਾਰੇ ਤਾਲਮੇਲ ਕੀਤਾ ਗਿਆ, ਅਚਾਨਕ ਹੀ ਟਵਿੱਟਰ 'ਤੇ ਇਸ ਬਾਰੇ ਐਲਾਨ ਕੀਤਾ ਗਿਆ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

You can (905)793-2202
Place Your Business Here
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA PIA American Airlines ETIHAD KLM Emirates SWISS BRITISH AIRWAYS JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
tico.ca IATA
Call Us For Guaranteed Lowest Airfare
ANY Airline Time Destination Around the World
WESTJET vacations
transat Holidays sunwing AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com

# ਬਰਫੀਲੇ ਤੂਫਾਨ ਤੋਂ ਬਾਅਦ ਅਮਰੀਕਾ ਦੇ ਦੱਖਣੀ ਮੈਦਾਨੀ ਇਲਾਕੇ ਵਿਚ ਤਾਪਮਾਨ ਡਿੱਗਿਆ

ਡੱਲਾਸ, 18 ਫਰਵਰੀ (ਪੋਸਟ ਬਿਊਰੋ) : ਬਰਫੀਲੇ ਤੂਫਾਨ ਕਾਰਨ ਅਮਰੀਕਾ ਦੇ ਦੱਖਣੀ ਮੈਦਾਨੀ ਇਲਾਕੇ ਵਿੱਚ ਜਿੱਥੇ ਤਾਪਮਾਨ ਕਾਫੀ ਡਿੱਗ ਗਿਆ ਹੈ ਉੱਥੇ ਹੀ ਟੈਕਸਸ ਭਰ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ। ਭਾਰੀ ਬਰਫਬਾਰੀ ਕਾਰਨ ਉਡਾਨਾਂ ਰੱਦ ਹੋ ਗਈਆਂ ਤੇ ਅਮਰੀਕਾ ਦੇ ਕਈ ਹਿੱਸਿਆਂ ਵਿੱਚ ਟਰੈਫਿਕ ਉੱਤੇ ਵੀ ਮਾੜਾ ਅਸਰ ਪਿਆ।

ਟੈਕਸਸ ਦੀ ਇਲੈਕਟ੍ਰਿਕ ਰਿਲਾਇਬਿਲਿਟੀ ਕਾਊਂਸਲ (ਐਰਕੌਟ) ਵੱਲੋਂ ਪਹਿਲਾਂ ਹੌਲੀ ਹੌਲੀ ਕੱਟ ਲਾਉਣੇ ਸ਼ੁਰੂ ਕੀਤੇ ਗਏ ਪਰ ਸੋਮਵਾਰ ਸਵੇਰੇ ਤਾਪਮਾਨ ਹੋਰ ਡਿੱਗ ਜਾਣ ਕਾਰਨ ਬਿਜਲੀ ਸਪਲਾਈ ਠੱਪ ਹੋ ਗਈ ਜਿਸ ਕਾਰਨ ਸੈਂਕੜੇ ਲੋਕਾਂ ਨੂੰ ਪਰੇਸ਼ਾਨੀ ਝੱਲਣੀ ਪਈ। ਡੱਲਾਸ ਤੇ ਹਿਊਸਟਨ ਵਿੱਚ ਵੀ ਤਾਪਮਾਨ ਕਾਫੀ ਡਿੱਗ ਗਿਆ। ਐਰਕੌਟ ਨੇ ਟਵੀਟ ਕਰਕੇ ਟੈਕਸਸ ਦੇ ਲੋਕਾਂ ਨੂੰ ਬਿਜਲੀ ਦੀ ਵਰਤੋਂ ਘਟਾਉਣ ਲਈ ਆਖਿਆ ਤੇ ਇਹ ਵੀ ਆਖਿਆ ਕਿ ਉਨ੍ਹਾਂ ਲਈ ਟੈਕਸਸ ਵਾਸੀਆਂ ਦੀ ਸੇਫਟੀ ਸੱਭ ਤੋਂ ਪਹਿਲਾਂ ਜ਼ਰੂਰੀ ਹੈ। ਕਾਊਂਸਲ ਵੱਲੋਂ ਸਟੇਟ ਵਿੱਚ ਬਿਜਲੀ ਦੀ ਸਪਲਾਈ ਜਲਦ ਬਹਾਲ ਕਰ ਦਿੱਤੀ ਗਈ।



ਕਾਊਂਸਲ ਨੇ ਆਖਿਆ ਕਿ ਟਰੈਫਿਕ ਲਾਈਟਾਂ ਤੇ ਹੋਰ ਇਨਫਰਾਸਟ੍ਰਕਚਰ ਅਜੇ ਕੁੱਝ ਸਮੇਂ ਲਈ ਬਿਜਲੀ ਤੋਂ ਬਿਨਾਂ ਰਹਿ ਸਕਦਾ ਹੈ। ਐਰਕੌਟ ਦੇ ਪ੍ਰੈਜ਼ੀਡੈਂਟ ਤੇ ਸੀਈਓ ਬਿੱਲ ਮੈਗਨੈਂਸ ਨੇ ਆਖਿਆ ਕਿ ਹਰ ਗ੍ਰਿੱਡ ਆਪਰੇਟਰ ਤੇ ਹਰੇਕ ਇਲੈਕਟ੍ਰਿਕ ਕੰਪਨੀ ਇਸ ਸਮੇਂ ਬਿਜਲੀ ਸਪਲਾਈ ਬਹਾਲ ਕਰਨ ਵਿੱਚ ਰੁੱਝੀ ਹੋਈ ਹੈ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਐਤਵਾਰ ਰਾਤ ਨੂੰ ਇੱਕ ਬਿਆਨ ਜਾਰੀ ਕਰਕੇ ਟੈਕਸਸ ਵਿੱਚ ਐਮਰਜੰਸੀ ਦਾ ਐਲਾਨ ਵੀ ਕੀਤਾ। ਇਹ ਐਲਾਨ ਫੈਡਰਲ ਮਦਦ ਤੇ ਲੋਕਲ ਪੱਧਰ ਉੱਤੇ ਕੋਸ਼ਿਸ਼ਾਂ ਨੂੰ ਤੇਜ਼ ਕਰਨ ਲਈ ਕੀਤਾ ਗਿਆ।

## ਕਿਊਬਿਕ ਵਿਚ ਪਾਰਟੀ ਕਰਨ ਵਾਲੇ ਓਨਟਾਰੀਓ ਦੇ 11 ਵਿਦਿਆਰਥੀਆਂ ਨੂੰ ਹੋ ਸਕਦਾ ਹੈ 17000 ਡਾਲਰ ਜ਼ੁਰਮਾਨਾ




ਮਾਂਟਰੀਅਲ, 18 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਗਿਆਰਾਂ ਵਿਦਿਆਰਥੀਆਂ ਨੇ ਸੋਚਿਆ ਸੀ ਕਿ ਆਪਣੇ ਘਰ ਤੋਂ ਦੂਰ ਦਰਾਜ, ਕਿਊਬਿਕ ਦੀ ਕਿਸੇ ਕਿਰਾਏ ਦੀ ਕਾਟੇਜ ਵਿੱਚ ਇੱਕਠੇ ਹੋ ਕੇ ਪਾਰਟੀ ਕਰਨ ਨਾਲ ਉਨ੍ਹਾਂ ਵੱਲੋਂ ਕੋਵਿਡ-19 ਸਬੰਧੀ ਨਿਯਮਾਂ ਦੀ ਕੀਤੀ ਜਾਣ ਵਾਲੀ ਉਲੰਘਣਾਂ ਵੱਲ ਕਿਸੇ ਦਾ ਧਿਆਨ ਨਹੀਂ ਜਾਵੇਗਾ।

ਪਰ ਹੁਣ ਇਸ ਗਰੁੱਪ ਨੂੰ ਕੁੱਲ ਮਿਲਾ ਕੇ 17000 ਡਾਲਰ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਇਨ੍ਹਾਂ ਵਿਦਿਆਰਥੀਆਂ ਨੂੰ ਇਹ ਕਾਟੇਜ ਕਿਰਾਏ ਉੱਤੇ ਦੇਣ ਵਾਲੇ ਨੂੰ ਵੀ ਕਈ ਹਜ਼ਾਰ ਡਾਲਰ ਜ਼ੁਰਮਾਨਾ ਭਰਨਾ ਹੋਵੇਗਾ। ਐਨਾ ਵੱਡਾ ਜੁਰਮਾਨਾ ਅਜੇ ਤੱਕ ਕਿਸੇ ਨੂੰ ਨਹੀਂ ਕੀਤਾ ਗਿਆ ਹੈ। ਕਿਊਬਿਕ ਪ੍ਰੋਵਿੰਸ਼ੀਅਲ ਪੁਲਿਸ ਦੇ ਸਾਰਜੈਂਟ ਮਾਰਕ ਟੈਜ਼ੀਅਰ, ਪਾਰਟੀ ਦਾ ਪਤਾ ਲੱਗਣ ਉੱਤੇ ਜਿਹੜੇ ਮੌਕੇ ਉੱਤੇ ਪਹੁੰਚੇ, ਨੇ ਆਖਿਆ ਕਿ ਕਾਟੇਜ ਕਿਰਾਏ ਉੱਤੇ ਦੇਣ ਵਾਲੇ ਨੂੰ ਕਿੰਨਾਂ ਜੁਰਮਾਨਾ ਕੀਤਾ ਜਾਵੇਗਾ ਇਸ ਦਾ ਫੈਸਲਾ ਕ੍ਰਾਊਨ ਵੱਲੋਂ ਹੀ ਕੀਤਾ ਜਾਵੇਗਾ।

ਇਸ ਪਾਰਟੀ ਦੀ ਸੂਹ ਸੱਭ ਤੋਂ ਪਹਿਲਾਂ ਮੌਂਟ ਟਰੈਂਬਲੈਂਟ ਪੁਲਿਸ ਨੂੰ ਲੱਗੀ, ਜੋ ਕਿ ਟਰੈਂਬਲੈਂਟ ਤੋਂ ਉੱਤਰ ਵੱਲ ਅੱਧੇ ਘੰਟੇ ਦੀ ਦੂਰੀ ਉੱਤੇ ਸਥਿਤ ਨਿੱਕੇ ਜਿਹੇ ਪੇਂਡੂ ਕਸਬੇ ਲਾਬੈਲ ਨੂੰ ਕਵਰ ਨਹੀਂ ਕਰਦੀ। ਐਤਵਾਰ ਰਾਤ ਨੂੰ ਉਨ੍ਹਾਂ ਇਹ ਜਾਣਕਾਰੀ ਸੁਰੇਤੇ ਡੂ ਕਿਊਬਿਕ ਨੂੰ ਦਿੱਤੀ ਤੇ ਜਿੱਥੋਂ ਪੁਲਿਸ ਅਧਿਕਾਰੀ ਮੌਕੇ ਦਾ ਮੁਆਇਨਾ ਕਰਨ ਲਈ ਆਏ। ਐਸਕਿਊ ਨੂੰ ਇਹ ਪਤਾ ਨਹੀਂ ਲੱਗਿਆ ਕਿ ਇਹ ਸੂਹ ਕਿੱਥੋਂ ਆਈ ਸੀ, ਕਿਸੇ ਗੁਆਂਢੀ ਕੋਲੋਂ ਜਾਂ ਕਿਤੋਂ ਹੋਰ।

ਟੈਜ਼ੀਅਰ ਨੇ ਆਖਿਆ ਕਿ ਸਾਨੂੰ ਲਾਬੈਲ ਵਿੱਚ ਇੱਕ ਕਾਟੇਂ ਵਿੱਚ ਇੱਕਠ ਦੀ ਜਾਣਕਾਰੀ ਮਿਲੀ। ਮੌਕੇ ਉੱਤੇ ਪਹੁੰਚੇ ਅਧਿਕਾਰੀਆਂ ਨੇ ਇੱਕ ਕਾਟੇਜ ਦੇ ਬਾਹਰ ਡਰਾਈਵਵੇਅ ਵਿੱਚ ਪੰਜ ਕਾਰਾਂ ਖੜ੍ਹੀਆਂ ਵੇਖੀਆਂ ਤੇ ਕਾਟੇਜ ਦੇ ਅੰਦਰੋਂ 11 ਲੋਕ ਮਿਲੇ, ਸਾਰੇ ਹੀ ਓਨਟਾਰੀਓ ਵਾਸੀ ਸਨ। ਟੈਜ਼ੀਅਰ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਇਹ ਸਾਰੇ ਓਨਟਾਰੀਓ ਤੋਂ ਕਿਹੜੀ ਥਾਂ ਤੋਂ ਹਨ ਪਰ ਉਹ ਸਾਰੇ ਵਿਦਿਆਰਥੀ ਸਨ ਉਨ੍ਹਾਂ ਨੂੰ ਇਹ ਜ਼ਰੂਰ ਪਤਾ ਸੀ।

ਇਨ੍ਹਾਂ ਵਿਦਿਆਰਥੀਆਂ ਖਿਲਾਫ ਕੋਵਿਡ-19 ਨਿਯਮਾਂ ਦੀ ਉਲੰਘਣਾਂ ਦਾ ਦੋਸ਼ ਹੈ। ਜਿਸ ਰੀਜਨ ਲਾਰੈਂਸ਼ੀਅਨ ਵਿੱਚ ਇਹ ਇੱਕਠ ਕੀਤਾ ਗਿਆ ਸੀ ਕਿਊਬਿਕ ਵਿੱਚ ਇਹ ਰੈੱਡ ਜ਼ੋਨ ਵਿੱਚ ਹੈ, ਜੋ ਕਿ ਕੋਵਿਡ ਐਲਰਟ ਦਾ ਸੱਭ ਤੋਂ ਵੱਧ ਲੈਵਲ ਹੈ। ਇਸ ਸਬੰਧ ਵਿੱਚ ਵਿਦਿਆਰਥੀਆਂ ਨੂੰ ਜਿੱਥੇ 17000 ਡਾਲਰ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਹੋਵੇਗਾ ਉੱਥੇ ਹੀ ਜਿਸ ਸੰਪਤੀ ਉੱਤੇ ਉਨ੍ਹਾਂ ਇੱਕਠ ਕੀਤਾ ਹੋਇਆ ਸੀ ਉਸ ਦੇ ਮਾਲਕ ਨੂੰ 1000 ਤੋਂ 6000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ।

## ਵੈਕਸੀਨ ਦੀ ਘਰੇਲੂ ਉਤਪਾਦਨ ਸਮਰੱਥਾ ਨੂੰ ਵਧਾਉਣ ਲਈ ਰਣਨੀਤੀ ਤਿਆਰ ਕਰ ਰਹੀ ਹੈ ਫੈਡਰਲ ਸਰਕਾਰ : ਲੀਬਲਾਂਕ



ਓਟਵਾ, 18 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਆਪਣੇ ਪੱਧਰ ਉੱਤੇ ਕੋਵਿਡ-19 ਵੈਕਸੀਨ ਸਪਲਾਈ ਖਰੀਦਣ ਤੋਂ ਰੋਕਣ ਦੇ ਦਾਅਵਿਆਂ ਦਰਮਿਆਨ ਇਹ ਸਾਹ-ਮਣੇ ਆਇਆ ਹੈ ਕਿ ਓਟਵਾ ਵੈਕਸੀਨ ਦੀ ਘਰੇਲੂ ਉਤਪਾਦਨ ਸਮਰੱਥਾ ਨੂੰ ਵਧਾਉਣ ਲਈ ਰਣਨੀਤੀ ਤਿਆਰ ਕਰ ਰਿਹਾ ਹੈ। ਇਸ ਸਬੰਧ ਵਿੱਚ ਫੈਡਰਲ ਅਧਿਕਾਰੀਆਂ ਵੱਲੋਂ ਰਣਨੀਤੀ ਤਿਆਰ ਕਰਨ ਲਈ ਜਲਦ ਹੀ ਪ੍ਰੋਵਿੰਸ਼ੀਅਲ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਜਾਵੇਗੀ। ਇਹ ਜਾਣਕਾਰੀ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀ ਡੌਮੀਨੀਕ ਲੀਬਲਾਂਕ ਨੇ ਦਿੱਤੀ।

ਇਹ ਮੀਟਿੰਗ ਆਉਣ ਵਾਲੇ ਦਿਨਾਂ ਵਿੱਚ ਹੋਣੀ ਤੈਅ ਹੈ ਤੇ ਇਸ ਦੀ ਅਗਵਾਈ ਲੀਬਲਾਂਕ ਤੇ ਇਨੋਵੇਸ਼ਨ, ਸਾਇੰਸ ਤੇ ਇੰਡਸਟਰੀ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਵੱਲੋਂ ਕੀਤੀ ਜਾਵੇਗੀ। ਇੱਕ ਇੰਟਰਵਿਊ ਵਿੱਚ ਲੀਬਲਾਂਕ ਨੇ ਆਖਿਆ ਕਿ ਇਸ ਮੀਟਿੰਗ ਦੌਰਾਨ ਅਸੀਂ ਇਸ ਬਾਰੇ ਵਿਚਾਰ ਵਟਾਂਦਰਾ ਕਰਾਂਗੇ ਕਿ ਕੈਨੇਡਾ ਦੀ ਬਾਇਓਮੈਨੂਫੈਕਚਰਿੰਗ ਸਮਰੱਥਾ ਵਿੱਚ ਵਾਧਾ ਕਰਨ ਲਈ ਅਸੀਂ ਪ੍ਰੋਵਿੰਸਾਂ ਨਾਲ ਕਿਸ ਤਰ੍ਹਾਂ ਤਾਲਮੇਲ ਬਿਠਾਂਵਾਂਗੇ। ਉਨ੍ਹਾਂ ਆਖਿਆ ਕਿ ਅਸੀਂ ਆਪਣੀ ਇਹ ਚਿੰਤਾ ਪ੍ਰੋਵਿੰਸਾਂ ਨਾਲ ਸਾਂਝੀ ਕੀਤੀ ਹੈ ਤੇ ਇਸ ਸਬੰਧ ਵਿੱਚ ਅਸੀਂ ਜੋ ਕੁੱਝ ਵੀ ਕਰ ਸਕਦੇ ਹਾਂ ਉਹ ਕਰਨ ਲਈ ਤਿਆਰ ਹਾਂ। ਜ਼ਿਕਰਯੋਗ ਹੈ ਕਿ ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਵੱਲੋਂ ਅਲਬਰਟਾ ਸਥਿਤ ਕੰਪਨੀ ਪ੍ਰੋਵੀਡੈਂਸ ਥੈਰੇਪਿਊਟਿਕਸ ਕੋਲੋਂ 2 ਮਿਲੀਅਨ ਡੋਜ਼ਾਂ ਖਰੀਦਣ ਦੇ ਫੈਸਲੇ ਤੋਂ ਬਾਅਦ ਹੀ ਇਹ ਮੁੱਦਾ ਚਰਚਾ ਦਾ ਵਿਸ਼ਾ ਬਣਿਆ। ਇਸ ਕੰਪਨੀ ਦੀ ਕੋਵਿਡ-19 ਵੈਕਸੀਨ ਦੇ ਅਜੇ ਕਲੀਨਿਕਲ ਟ੍ਰਾਇਲ ਚੱਲ ਰਹੇ ਹਨ ਤੇ ਕੰਪਨੀ ਨੇ ਮੁਲਾਂਕਣ ਲਈ ਹੈਲਥ ਕੈਨੇਡਾ ਨੂੰ ਅਜੇ ਆਪਣਾ ਡਾਟਾ ਵੀ ਜਮ੍ਹਾਂ ਨਹੀਂ ਕਰਵਾਇਆ ਹੈ।

ਇਸ ਦੌਰਾਨ ਪੈਲਿਸਤਰ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਵੱਲੋਂ ਇਹ ਕਦਮ ਅਹਿਤਿਆਤਨ ਚੁੱਕਿਆ ਜਾ ਰਿਹਾ ਸੀ ਤਾਂ ਕਿ ਜੇ ਫੈਡਰਲ ਵੰਡ ਵਿੱਚ ਅਗਾਂਹ ਵੀ ਕੋਈ ਵਿਘਨ ਪੈਂਦਾ ਹੈ ਤਾਂ ਉਨ੍ਹਾਂ ਕੋਲ ਭਵਿੱਖ ਲਈ ਕੋਈ ਬਦਲ ਜ਼ਰੂਰ ਹੋਵੇ। ਉਨ੍ਹਾਂ ਆਖਿਆ ਕਿ ਮੈਨੀਟੋਬਾ ਨੂੰ ਅਜਿਹੀ ਕਿਸੇ ਵੀ ਫਰਮ ਤੋਂ ਵਾਧੂ ਵੈਕਸੀਨ ਖਰੀਦਣ ਤੋਂ ਰੋਕ ਦਿੱਤਾ ਗਿਆ ਹੈ ਜਿਸ ਦਾ ਫੈਡਰਲ ਸਰਕਾਰ ਨਾਲ ਕਰਾਰ ਹੋਇਆ ਹੋਵੇ।

ਪਰ ਲੀਬਲਾਂਕ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਆਪਣੇ ਪੱਧਰ ਉੱਤੇ ਵੈਕਸੀਨ ਦਾ ਪ੍ਰਬੰਧ ਕਰਨ ਤੋਂ ਰੋਕਿਆ ਹੈ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਕੈਨੇਡੀਅਨ ਪੱਧਰ ਉੱਤੇ ਵੈਕਸੀਨ ਤਿਆਰ ਕਰਨ ਲਈ ਪੈਸਾ ਲਾ ਰਹੀ ਹੈ।

## ਮੁੜ ਮਾਂ ਬਣਨ ਵਾਲੀ ਹੈ ਮੇਘਨ



ਟੋਰਾਂਟੋ, 18 ਫਰਵਰੀ (ਪੋਸਟ ਬਿਊਰੋ) : ਡੱਚੈੱਸ ਆਫ ਸਸੈਕਸ ਇੱਕ ਵਾਰੀ ਮੁੜ ਮਾਂ ਬਣਨ ਵਾਲੀ ਹੈ। ਇਹ ਖੁਲਾਸਾ ਡਿਊਕ ਤੇ ਡੱਚੈਸ ਆਫ ਸਸੈਕਸ ਦੇ ਬੁਲਾਰੇ ਨੇ ਕੀਤਾ।

ਪ੍ਰਿੰਸ ਹੈਰੀ ਤੇ ਮੇਘਨ ਦੋਵਾਂ ਨੇ ਪਿਛਲੇ ਸਾਲ ਰਸਮੀ ਤੌਰ ਉੱਤੇ ਰੌਇਲ ਡਿਊਟੀਜ਼ ਤੋਂ ਕਿਨਾਰਾ ਕਰ ਲਿਆ ਸੀ। ਥੋੜ੍ਹੇ ਸਮੇਂ ਲਈ ਵੈਨਕੂਵਰ ਠਹਿਰਣ ਤੋਂ ਬਾਅਦ ਉਹ ਕੈਲੇਫੋਰਨੀਆ ਜਾ ਕੇ ਰਹਿਣ ਲੱਗੇ ਸਨ। ਬੁਲਾਰੇ ਨੇ ਇਹ ਨਹੀਂ ਦੱਸਿਆ ਕਿ ਬੱਚੇ ਦਾ ਜਨਮ ਕਦੋਂ ਹੋਵੇਗਾ। ਇਸ ਜੋੜੇ ਦਾ ਪਹਿਲਾ ਬੱਚਾ ਆਰਚੀ ਮਈ 2019 ਵਿੱਚ ਪੈਦਾ ਹੋਇਆ ਸੀ।

ਪਿਛਲੇ ਸਾਲ ਨਵੰਬਰ ਵਿੱਚ ਮੇਘਨ ਨੇ ਨਿਊ ਯੌਰਕ ਟਾਈਮਜ਼ ਵਿੱਚ ਲਿਖੇ ਇੱਕ ਓਪੀਨੀਅਨ ਪੀਸ ਵਿੱਚ ਇਹ ਖੁਲਾਸਾ ਕੀਤਾ ਸੀ ਕਿ ਕਈ ਮਹੀਨੇ ਪਹਿਲਾਂ ਉਸ ਦਾ ਮਿਸਕੈਰੇਜ ਹੋਇਆ ਸੀ। ਉਸ ਨੇ ਇਹ ਵੀ ਲਿਖਿਆ ਸੀ ਕਿ ਉਹ ਦੂਜਿਆ ਦੀ ਮਦਦ ਲਈ ਆਪਣੀ ਇਹ ਕਹਾਣੀ ਸਾਂਝੀ ਕਰ ਰਹੀ ਹੈ।

ਸੀਟੀਵੀ ਦੇ ਰੌਇਲ ਕੰਮੈਂਟੇਟਰ ਰਿਚਰਡ ਬਰਥੈਲਸਨ ਨੇ ਆਖਿਆ ਕਿ ਨਵੇਂ ਬੱਚੇ ਦੀ ਆਮਦ ਦੀ ਖਬਰ ਹਮੇਸ਼ਾਂ ਉਤਸਾਹ ਦੇਣ ਵਾਲੀ ਹੁੰਦੀ ਹੈ ਤੇ ਇਹ ਜੋੜਾ ਪਿਛਲੇ ਸਾਲ ਜਿਸ ਪਰੇਸ਼ਾਨੀ ਵਿੱਚੋਂ ਲੰਘਿਆ ਹੈ ਉਸ ਲਈ ਤਾਂ ਇਹ ਹੋਰ ਵੀ ਖੁਸ਼ੀ ਦੇਣ ਵਾਲੀ ਹੈ। ਇਹ ਬੱਚਾ ਰਾਜਗੱਦੀ ਦਾ ਅੱਠਵਾਂ ਵਾਰਿਸ ਹੋਵੇਗਾ ਪਰ ਜਨਮ ਸਮੇਂ ਬੱਚੇ ਨੂੰ ਸ਼ਾਹੀ ਖਿਤਾਬ ਹਾਸਲ ਨਹੀਂ ਹੋ ਸਕੇਗਾ। ਅਜਿਹਾ ਇਸ ਲਈ ਕਿਉਂਕਿ ਇਸ ਜੋੜੇ ਨੇ ਸ਼ਾਹੀ ਜ਼ਿੰਮੇਵਾਰੀਆਂ ਤੋਂ ਖੁਦ ਨੂੰ ਪਾਸੇ ਕਰ ਲਿਆ ਸੀ ਤੇ ਆਪਣੇ ਬੱਚਿਆਂ ਦੀ ਪਰਵਰਿਸ਼ ਅਮਰੀਕਾ ਵਿੱਚ ਕਰਨ ਦਾ ਫੈਸਲਾ ਕੀਤਾ ਸੀ।

## ਪ੍ਰਿੰਸ ਫਿਲਿਪ ਨੂੰ ਕਰਵਾਇਆ ਗਿਆ ਹਸਪਤਾਲ ਭਰਤੀ



ਲੰਡਨ, 18 ਫਰਵਰੀ (ਪੋਸਟ ਬਿਊਰੋ) : ਤਬੀਅਤ ਖਰਾਬ ਹੋਣ ਕਾਰਨ 99 ਸਾਲਾ ਪ੍ਰਿੰਸ ਫਿਲਿਪ ਨੂੰ ਲੰਡਨ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਪੈਲੇਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮਹਾਰਾਣੀ ਐਲਿਜ਼ਾਬੈੱਥ ਦੇ ਪਤੀ ਨੂੰ ਮੰਗਲਵਾਰ ਸ਼ਾਮ ਨੂੰ ਹੀ ਪ੍ਰਾਈਵੇਟ ਕਿੰਗ ਐਡਵਰਡ (ਸੱਤਵੇਂ) ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਹ ਵੀ ਆਖਿਆ ਗਿਆ ਹੈ ਕਿ ਪ੍ਰਿੰਸ ਫਿਲਿਪ ਦੇ ਡਾਕਟਰ ਦੀ ਸਲਾਹ ਉੱਤੇ ਅਹਿਤਿਆਤਨ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਕੁੱਝ ਦਿਨਾਂ ਲਈ ਆਰਾਮ ਤੇ ਆਬਜ਼ਰਵੇਸ਼ਨ ਵਾਸਤੇ ਪ੍ਰਿੰਸ ਫਿਲਿਪ ਨੂੰ ਹਸਪਤਾਲ ਵਿੱਚ ਹੀ ਰੱਖਿਆ ਜਾਵੇਗਾ।

ਇਹ ਵੀ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਦੀ ਸਮੱਸਿਆ ਕੋਵਿਡ-19 ਨਾਲ ਸਬੰਧਤ ਨਹੀਂ ਹੈ। ਜਨਵਰੀ ਦੇ ਸ਼ੁਰੂ ਵਿੱਚ ਹੀ ਕੁਈਨ ਤੇ ਪ੍ਰਿੰਸ ਫਿਲਿਪ ਦਾ ਕੋਵਿਡ-19 ਸਬੰਧੀ ਟੀਕਾਕਰਣ ਹੋ ਗਿਆ ਸੀ। ਡਿਊਕ ਆਫ ਐਡਿਨਬਰਗ ਦੇ ਨਾਂ ਨਾਲ ਵੀ ਜਾਣੇ ਜਾਂਦੇ ਪ੍ਰਿੰਸ ਫਿਲਿਪ 2017 ਵਿੱਚ ਆਪਣੀਆਂ ਪਬਲਿਕ ਡਿਊਟੀਜ਼ ਤੋਂ ਰਿਟਾਇਰ ਹੋ ਚੁੱਕੇ ਹਨ ਤੇ ਉਹ ਬਹੁਤ ਘੱਟ ਹੀ ਜਨਤਕ ਤੌਰ ਉੱਤੇ ਵਿਚਰਦੇ ਹਨ। ਕਰੋਨਾਵਾਇਰਸ ਲਾਕਡਾਊਨ ਦੌਰਾਨ ਵੀ ਉਹ ਲੰਡਨ ਦੇ ਪੱਛਮ ਵਿੱਚ ਸਥਿਤ ਵਿੰਡਸਰ ਕਾਸਲ ਵਿੱਚ ਮਹਾਂਰਾਣੀ ਨਾਲ ਰਹਿ ਰਹੇ ਸਨ।

## ਨੌਰਥ ਯੌਰਕ ਵਿੱਚ ਇੱਕ ਵਿਅਕਤੀ ਦਾ ਕਤਲ ਕਰਨ ਦੇ ਸਬੰਧ ਵਿੱਚ 4 ਗ੍ਰਿਫਤਾਰ



ਓਨਟਾਰੀਓ, 18 ਫਰਵਰੀ (ਪੋਸਟ ਬਿਊਰੋ) : ਪਿਛਲੇ ਹਫਤੇ ਨੌਰਥ ਯੌਰਕ ਵਿੱਚ ਇੱਕ ਕਾਰ ਉੱਤੇ ਗੋਲੀਆਂ ਚਲਾ ਕੇ ਇੱਕ ਵਿਅਕਤੀ ਦਾ ਕਤਲ ਕਰਨ ਦੇ ਮਾਮਲੇ ਵਿੱਚ ਚਾਰ ਵਿਅਕਤੀਆਂ ਨੂੰ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 8 ਫਰਵਰੀ ਨੂੰ ਰਾਤੀਂ 10:00 ਵਜੇ ਕੇਲਡੋਨੀਆ ਰੋਡ ਦੇ ਪੂਰਬ ਵੱਲ ਲਾਅਰੈਂਸ ਐਵਨਿਊ ਵੈਸਟ ਤੇ ਸੇਜ ਐਵਨਿਊ ਇਲਾਕੇ ਵਿੱਚ ਕਈ ਗੋਲੀਆਂ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਬੇਸੁੱਧ ਹਾਲਤ ਵਿੱਚ ਗੱਡੀ ਵਿੱਚ ਮਿਲਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਮ੍ਰਿਤਕ ਦੀ ਪਛਾਣ ਬਰੈਂਪਟਨ ਦੇ 23 ਸਾਲਾ ਮਾਈਕਲ ਓਪੌਂਗ ਬਰਚੀ ਵਜੋਂ ਹੋਈ ਹੈ। ਗੋਲੀ ਚੱਲਣ ਸਮੇਂ ਇੱਕ ਹੋਰ ਵਿਅਕਤੀ ਗੱਡੀ ਵਿੱਚ ਮੌਜੂਦ ਸੀ ਪਰ ਉਹ ਜ਼ਖ਼ਮੀ ਨਹੀਂ ਹੋਇਆ। ਪੁਲਿਸ ਨੇ ਦੱਸਿਆ ਕਿ ਮੌਕੇ ਤੋਂ ਮਸ਼ਕੂਕ ਇੱਕ ਹਲਕੇ ਰੰਗ ਦੀ ਕਾਂਪੈਕਟ ਐਸਯੂਵੀ ਵਿੱਚ ਫਰਾਰ ਹੁੰਦੇ ਵੇਖੇ ਗਏ। ਸ਼ਨਿੱਚਰਵਾਰ ਨੂੰ ਟੋਰਾਂਟੋ ਦੇ 24 ਸਾਲਾ ਕੈਵਨ ਸੈਮਰ ਫੂ, 21 ਸਾਲਾ ਡੇਅ ਜੁਆਨ ਫਰਾਂਸਿਸ, 21 ਸਾਲਾ ਜਾਸਾਨਥਨ ਕੰਡੀਆਹ ਨੂੰ ਗ੍ਰਿਫਤਾਰ ਕਰ ਲਿਆ ਗਿਆ। ...ਬਾਕੀ ਪੰਨਾ 2'ਤੇ

## ਪੰਜਾਬ ਦੀ ਆਖਰੀ ਨਗਰ ਨਿਗਮ ਮੋਹਾਲੀ ਵਿੱਚ ਵੀ ਕਾਂਗਰਸ ਪਾਰਟੀ ਦੀ ਧੜੱਲੇਦਾਰ ਜਿੱਤ

### * ਅਕਾਲੀ-ਭਾਜਪਾ ਦਾ ਖਾਤਾ ਨਹੀਂ ਖੁੱਲ੍ਹ ਸਕਿਆ * ਆਜ਼ਾਦ ਗਰੁੱਪ ਦੇ ਸਾਬਕਾ ਮੇਅਰ ਕੁਲਵੰਤ ਸਿੰਘ ਵੀ ਹਾਰੇ



ਮੋਹਾਲੀ, 18 ਫਰਵਰੀ, (ਪੋਸਟ ਬਿਊਰੋ)- ਮੋਹਾਲੀ ਨਗਰ ਨਿਗਮ ਦੇ 50 ਵਾਰਡਾਂ ਲਈ ਹੋਈਆਂ ਚੋਣਾਂ ਦੇ ਨਤੀਜੇ ਅੱਜ ਆ ਜਾਣ ਨਾਲ ਕਾਂਗਰਸ ਪਾਰਟੀ ਪੰਜਾਬ ਦੇ ਸਾਰੇ ਅੱਠ ਨਗਰ ਨਿਗਮਾਂ ਵਿੱਚ ਆਪਣੇ ਮੇਅਰ ਬਣਾਉਣ ਵਿੱਚ ਕਾਮਯਾਬ ਹੋ ਚੁੱਕੀ ਹੈ। ਕਾਂਗਰਸ ਨੇ ਮੋਹਾਲੀ ਦੇ ਕੁੱਲ 50 ਵਿੱਚੋਂ 37 ਵਾਰਡ ਜਿੱਤੇ ਹਨ ਅਤੇ 13 ਵਾਰਡਾਂ ਵਿੱਚ ਆਜ਼ਾਦ ਗਰੁੱਪ ਦੀ ਜਿੱਤ ਹੋਈ ਹੈ, ਅਕਾਲੀ ਦਲ ਤੇ ਭਾਜਪਾ ਏਥੇ ਆਪਣਾ ਖਾਤਾ ਖੋਲ੍ਹਣ ਵਿੱਚ ਵੀ ਅਸਮਰੱਥ ਰਹੇ ਹਨ। ਆਜ਼ਾਦ ਗਰੁੱਪ ਦੇ ਮੁਖੀ ਅਤੇ ਸਾਬਕਾ ਮੇਅਰ ਕੁਲਵੰਤ ਸਿੰਘ ਵੀ ਆਪਣੇ ਵਾਰਡਤੋਂ ਕਾਂਗਰਸੀ ਉਮੀਦਵਾਰ ਤੋਂ ਹਾਰ ਗਏ ਹਨ।

ਵਰਨਣ ਯੋਗ ਹੈ ਕਿ ਮੋਹਾਲੀ ਦੇ ਵਾਰਡ ਨੰਬਰ 42 ਵਿੱਚ ਸਾਬਕਾ ਮੇਅਰ ਕੁਲਵੰਤ ਸਿੰਘ ਦਾ ਮੁਕਾਬਲਾ ਕਾਂਗਰਸ ਦੇ ਉਮੀਦਵਾਰ ਅਮਰੀਕ ਸਿੰਘ ਸੋਹਲ ਨਾਲ ਸੀ। ਅੱਜ ਆਏ ਚੋਣ ਨਤੀਜਿਆਂ ਦੌਰਾਨ ਕਾਂਗਰਸੀ ਉਮੀਦਵਾਰ ਅਮਰੀਕ ਸਿੰਘ ਸੋਹਲ ਨੇ ਸਾਬਕਾ ਮੇਅਰ ਕੁਲਵੰਤ ਸਿੰਘ ਨੂੰ 267 ਵੋਟਾਂ ਨਾਲ ਹਰਾ ਦਿੱਤਾ ਹੈ। ਅਕਾਲੀ ਦਲ ਅਤੇ ਭਾਜਪਾ ਨੂੰ ਇਸ ਸ਼ਹਿਰ ਵਿੱਚ ਕੋਈ ਸੀਟ ਨਹੀਂ ਮਿਲ ਸਕੀ। ਸ਼ਹਿਰ ਦੇ ਵਾਰਡ ਨੰਬਰ 10 ਵਿੱਚ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਭਰਾ ਅਮਰਜੀਤ ਸਿੰਘ ਜੀਤੀ ਦੀ ਜਿੱਤ ਹੋਈ ਹੈ।

ਪੰਜਾਬ ਵਿੱਚਅੱਠ ਨਗਰ ਨਿਗਮਾਂ ਅਤੇ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਲਈ ਹੋਈਆਂ ਚੋਣਾਂ ਦੌਰਾਨ ਕਾਂਗਰਸ ਨੇ ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀਆਂ 1817 ਵਿੱਚੋਂ 1102 ਸੀਟਾਂਜਿੱਤੀਆਂ ਅਤੇ ਨਗਰ ਨਿਗਮ ਦੀਆਂ 351 ਵਿੱਚੋਂ 271 ਸੀਟਾਂ ਉੱਤੇ ਆਪਣੀ ਜਿੱਤ ਦਾ ਝੰਡਾ ਝੁਲਾਇਆ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਫੈਲਣ ਤੋਂ ਰੋਕੋ।
# ਕੋਵਿਡ-19
# ਜਾਨਲੇਵਾ ਹੋ ਸਕਦੀ ਹੈ।
# ਘਰ ਵਿੱਚ ਰਹੋ।
# ਜੀਵਨ ਬਚਾਓ।



ontario.ca/coronavirus'ਤੇ ਜਾਓ
ਓਂਟਾਰੀਓ ਸਰਕਾਰ ਦੁਆਰਾ ਜਾਰੀ

Ontario